
ੴ ਸਤਿਗੁਰ ਪ੍ਰਸਾਦਿ ॥

ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ

## ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ

# ਪਵਿੱਤਰ ਜੀਵਨ




ਲੇਖਕ:

**ਗਿਆਨੀ ਪ੍ਰੀਤਮ ਸਿੰਘ ਜੀ**

ਲਿਖਾਰੀ ਜਥਾ ਭਿੰਡਰਾਂ (ਯੂ. ਕੇ.)


DAMDAMI TAKSAAL .ORG

ਭੇਟਾ : ੨੫-੦੦



ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ
ਦਮਦਮੀ ਟਕਸਾਲ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲਣ ਸਮੇਂ

DAMDAMI TAKSAAL.ORG

ੴ ਸਤਿਗੁਰ ਪ੍ਰਸਾਦਿ ॥

ਦਮਦਮੀ ਟਕਸਾਲ ਦੇ ਤੇਰਵੇਂ ਮੁਖੀ
ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ'
ਭਿੰਡਰਾਂਵਾਲਿਆਂ
ਦਾ

# ਪਵਿੱਤਰ ਜੀਵਨ

*ਲੇਖਕ :*
ਗਿਆਨੀ ਪ੍ਰੀਤਮ ਸਿੰਘ (ਲਿਖਾਰੀ ਜਥਾ ਭਿੰਡਰਾਂ)
ਯੂ.ਕੇ.

*ਪ੍ਰਕਾਸ਼ਕ :*
ਦਾਸਨਿ ਦਾਸ ਠਾਕੁਰ ਸਿੰਘ 'ਖ਼ਾਲਸਾ'
ਦਮਦਮੀ ਟਕਸਾਲ, ਜਥਾ ਭਿੰਡਰਾਂ,
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,
ਮਹਿਤਾ, ਸ੍ਰੀ ਅੰਮ੍ਰਿਤਸਰ।

PAVITTER JIWAN

*(A Biography of Sant Giani Kartar Singh Ji 'Khalsa' Bhindranwale, the Thirtieth Spiritual Head of Damdami Taksal)*

*by*

GIANI PRITAM SINGH

U.K.

© ਪ੍ਰਕਾਸ਼ਕ

ਪਹਿਲੀ ਵਾਰ ਅਗਸਤ ੧੯੯੯ (ਇੰਗਲੈਂਡ)

ਦੂਜੀ ਵਾਰ ਦਸੰਬਰ ੧੯੯੮ (ਭਾਰਤ)

ਭੇਟਾ : ੧੫-੦੦

*ਪ੍ਰਕਾਸ਼ਕ :*

**ਦਾਸਨਿ ਦਾਸ ਠਾਕੁਰ ਸਿੰਘ 'ਖ਼ਾਲਸਾ'**

ਦਮਦਮੀ ਟਕਸਾਲ, ਜਥਾ ਭਿੰਡਰਾਂ,

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,

ਮਹਿਤਾ, ਸ੍ਰੀ ਅੰਮ੍ਰਿਤਸਰ।

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ।

DAMDAMI TAKSAAL.ORG

## ਸਮਰਪਣ

*ਸ੍ਰੀਮਾਨ ੧੦੮ ਬ੍ਰਹਮ ਗਿਆਨੀ, ਸਰਬ ਗੁਣਾਂ ਸਪੰਨ,*

*ਵਿੱਦਿਆ ਦਾਤੇ, ਦਮਦਮੀ ਟਕਸਾਲ ਦੇ ੧੨ਵੇਂ ਮੁਖੀ,*

*ਸਚਖੰਡ ਵਾਸੀ*

**ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ'**

**ਭਿੰਡਰਾਂਵਾਲਿਆਂ**

ਨੂੰ

# ਮੂਲਮੰਤ੍ਰ

ੴ
ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ
ਅਜੂਨੀ ਸੈਭੰ
ਗੁਰ ਪ੍ਰਸਾਦਿ ॥
ਜਪੁ ॥
ਆਦਿ ਸਚੁ
ਜੁਗਾਦਿ ਸਚੁ ॥
ਹੈ ਭੀ ਸਚੁ
ਨਾਨਕ ਹੋਸੀ
ਭੀ ਸਚੁ ॥੧॥

DAMDAMI TAKSAAL.org

# ਤਤਕਰਾ

## ਪਹਿਲਾ ਕਾਂਡ


| | |
|---|---|
| ਪਵਿੱਤਰ ਜਨਮ | ੧੭ |
| ਬਾਬਾ ਜੀ ਦਾ ਪਰਿਵਾਰ | ੧੭ |
| ਜਨਮ ਸੰਸਕਾਰ | ੧੭ |
| ਨਾਮ ਸੰਸਕਾਰ | ੧੮ |
| ਮੁੱਢਲੀ ਵਿੱਦਿਆ | ੧੮ |
| ਅੰਮ੍ਰਿਤ ਛਕਣਾ | ੧੯ |
| ਬੰਸ ਸਜਰਾ | ੨੧ |
| ਪਰਵਾਰਿਕ ਸਤਿਸੰਗ | ੨੧ |
| ਸੰਤ ਭਿੰਡਰਾਂਵਾਲਿਆਂ ਦਾ ਪਿੰਡ ਭੂਰੇ ਆਉਣਾ | ੨੨ |
| ਅਨੰਦ ਕਾਰਜ | ੨੨ |
| ਸੰਤਾਂ ਕੋਲ ਜਥੇ ਵਿਚ ਭਰਤੀ ਹੋਣਾ | ੨੨ |


## ਦੂਜਾ ਕਾਂਡ


| | |
|---|---|
| ਗੁਰਮਤਿ ਦੀ ਪੜ੍ਹਾਈ ਸ਼ੁਰੂ ਕਰਨੀ | ੨੪ |
| ਸੰਤਾਂ ਦਾ ਗੜਵਈ ਬਣ ਕੇ ਕਠਿਨ ਡਿਊਟੀ ਕਰਨੀ | ੨੫ |
| ਜ਼ਿੰਮੇਵਾਰੀਆਂ ਨਿਭਾਉਣੀਆਂ | ੨੫ |
| ਸੰਤਾਂ ਦੀ ਖ਼ੁਸ਼ੀ ਤੇ ਬਖ਼ਸ਼ਿਸ਼ਾਂ ਦੇ ਵਰ | ੩੧ |
| ਸਾਧੂ ਸਮਾਜ ਦੀ ਭਿੰਡਰੀਂ ਮੀਟਿੰਗ ਤੇ ਕਮੇਟੀ ਬਣੀ | ੩੬ |
| ਸੰਤਾਂ ਨੇ ਮੰਗਲਾਂ ਦੀ ਸੇਵਾ ਕਰਾ ਕੇ ਬਖ਼ਸ਼ਿਸ ਸਿਰੋਪਾ ਦੇਣਾ | ੩੮ |

## ਤੀਜਾ ਕਾਂਡ


ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ
ਬਖ਼ਸ਼ਿਸ਼ ਕਰਨੀ ੪੩
ਸੰਤਾਂ ਦੇ ਬਖ਼ਸ਼ਿਸ਼ ਵਾਲੇ ਬਚਨ ੪੭
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ ੪੯
ਜਥਾ ਮਹਿਤਾ ਵਿਖੇ ਪਹੁੰਚਣਾ ੫੦
ਸਚਖੰਡ ਗਮਨ ੫੨
ਜਥੇ ਦੇ ਸਿੰਘਾਂ 'ਤੇ ਵਿਛੋੜੇ ਦਾ ਅਸਰ ੫੩
ਪਤਾਲਪੁਰੀ ਵਿਖੇ ਸੰਤਾਂ ਦੇ ਸਰੀਰ ਦਾ ਇਸ਼ਨਾਨ ਤੇ ਸਸਕਾਰ ੫੪
ਭਾਈ ਗੁਰਮੁਖ ਸਿੰਘ ਉੜੀਸਾ ਵੱਲੋਂ ਚਿਖ਼ਾ 'ਚ ਛਾਲ ਮਾਰਨੀ ੫੬
ਜੀਵਨ—ਭਾਈ ਗੁਰਮੁਖ ਸਿੰਘ ਜੀ ਉੜੀਸਾ ੫੭
ਸਰਬੰਸ ਦਾਨ ਕਰਨਾ ੫੯
ਮੇਰੀ ਸੰਤਾਂ ਨਾਲ ਨਿਭ ਜਾਏ ੬੦
ਇਹ ਭਾਣਾ ਕਿਵੇਂ ਵਰਤਿਆ ੬੦
ਇਤਿਹਾਸਕ ਘਟਨਾ ਦੁਹਰਾਈ ਗਈ ੬੨


## ਚੌਥਾ ਕਾਂਡ


ਸਸਕਾਰ ਬਾਅਦ ਜਥਾ ਭਿੰਡਰੀਂ ਪੁੱਜਣਾ ੬੫
ਅੰਗੀਠਾ ਜਲ ਪ੍ਰਵਾਹ ੬੫
ਮਹਿਤੇ ਵਿਖੇ ਦਸਤਾਰ-ਬੰਦੀ ੬੬
ਮਹਿਤੇ ਦੇ ਪਰਮ ਸ਼ਰਧਾਲੂ ਭਾਈ ਦਲੀਪ ਸਿੰਘ ਜੀ ਸ਼ਾਹ ਦਾ
ਮਹਾਂਪੁਰਖਾਂ ਨਾਲ ਪ੍ਰੇਮ ੬੭
ਗੁਰੂ ਦਰਬਾਰ ਦੀ ਆਪ ਹੱਥੀਂ ਸੇਵਾ ਕਰਨੀ ੭੦
ਸੰਤਾਂ ਦੇ ਭਵਿੱਖਤ ਬਚਨ ੭੧
ਭਾਈ ਰਣਬੀਰ ਸਿੰਘ ਫ਼ੌਜੀ ੭੧
ਵਿਦਿਆਰਥੀਆਂ ਦੇ ਅਸੂਲ ੭੧
ਮਹਿਤੇ ਸਲਾਨਾ ਬਰਸੀ ਦਾ ਇਕੱਠ ੭੨
ਜਥੇ ਵਿਚ ਪੜ੍ਹਾਈ ਦੇ ਨਿਯਮ ੭੩
ਸੰਤਾਂ ਵਿਚ ਸਿੱਖੀ ਪ੍ਰਚਾਰ ਦੀ ਤੜਪ ੭੪
ਗੁਰਬਾਣੀ ਦਾ ਸਤਿਕਾਰ ਤੇ ਨਿਰਭੈਤਾ ੭੫
ਨਾਮ ਸਿਮਰਨ ੭੬
ਜਾਪ ਦਾ ਫਲ ੭੭
ਸਿਮਰਨ ਕਰਨ ਦੇ ੧੩ ਜ਼ਰੂਰੀ ਅੰਗ ੮੧


## ਪੰਜਵਾਂ ਕਾਂਡ


ਖ਼ਾਲਸਾ ਜੀ ਦੇ ਨਿਰਭੈਤਾ ਦੇ ਬਚਨ ੮੩
ਪ੍ਰਚਾਰ ਨਾਲ ਸਿੱਖੀ ਜਜ਼ਬਾ ਉੱਭਰਿਆ ੮੫
ਸਿੱਖ ਪ੍ਰਚਾਰਕਾਂ ਦਾ ਸੁਧਾਰ ੮੬
ਗੁਰਬਾਣੀ ਦਾ ਅਦਬ ੮੭
ਝਗੜਿਆਂ ਦੇ ਫੈਸਲੇ ੮੮
ਪ੍ਰਸ਼ਨ-ਉੱਤਰ ੮੯
ਮਹਲਾ ਸ਼ਬਦ ਦੇ ਉਚਾਰਨ ਬਾਰੇ ਟਕਸਾਲ ਦੀ
ਖੋਜ ਭਰੀ ਵੀਚਾਰ ੯੪
ਮਹਲਾ ਸ਼ਬਦ ਦਾ ਅਰਥ ੯੫
ਰਹਰਾਸਿ ਸਾਹਿਬ ੧੦੪
ਸੰਤਾਂ ਅਤੇ ਸਿੰਘਾਂ ਦਾ ਸਤਿਕਾਰ ੧੧੦
ਸੰਤਾਂ ਦੀ ਅਖ਼ਰੀਲੀ ਝਾਕੀ ੧੧੧
ਸਚਖੰਡ ਗਮਨ ੧੧੨
ਦਸਤਾਰ ਬੰਦੀ ਦੀ ਰਸਮ ੧੧੫
ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਜੀਵਨ ਵਿਚ
ਤੇਰਾਂ-ਤੇਰਾਂ ਦੀ ਵਿਸ਼ੇਸ਼ਤਾ ੧੧੭


## ਛੇਵਾਂ ਕਾਂਡ


ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਦਾ
ਤੂਫ਼ਾਨੀ ਪ੍ਰਚਾਰ ਦੌਰਾ ੧੧੯
ਸੰਪ੍ਰਦਾਈ ਪ੍ਰਣਾਲੀ ੧੨੦


DAMDAMI TAKSAAL.ORG

ਦਮਦਮੀ ਟਕਸਾਲ ਦੇ ਪਹਿਲੇ ਵਿਦਿਆਰਥੀ ੧੨੧
ਟਕਸਾਲ ਦੇ ੨੫ ਨਿਯਮ ੧੨੨
ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਮੁਖੀ ਵਿਦਿਆਰਥੀ ੧੨੫
ਕੀਰਤਨ ਵਿਦਿਆਲੇ ਦੇ ਨਿਯਮ ੧੨੬
ਕੀਰਤਨ ਵਿਦਿਆਲੇ ਦੇ ਪਹਿਲੇ ਪ੍ਰਿੰਸੀਪਲਾਂ ਦੇ ਨਾਮ ੧੨੭
ਲੇਖਕ ਨਾਲ ਜਾਣ-ਪਛਾਣ ੧੨੮

## ਸਤਵਾਂ ਕਾਂਡ

ਸੰਖੇਪ ਜੀਵਨ ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ 'ਖ਼ਾਲਸਾ' ੧੩੦
ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਹੱਥ ਲਿਖਤ ਚਿੱਠੀ ਲੇਖਕ ਨੂੰ ੧੩੫



ੴ ਸਤਿਗੁਰ ਪ੍ਰਸਾਦਿ ॥

## ਮੁੱਖ ਬੰਦ

ਟਕਸਾਲ ਇਕ ਅਜਿਹਾ ਸ਼ਬਦ ਹੈ, ਜਿਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਵਾਰ ਜ਼ਿਕਰ ਆਉਂਦਾ ਹੈ। ਸੰਸਾਰਕ ਵਾਤਾਵਰਨ ਅਤੇ ਦੁਨਿਆਵੀ ਕਾਰੋਬਾਰ ਵਿਚ ਵੀ ਟਕਸਾਲ ਇਕ ਮਹੱਤਵਪੂਰਨ ਨਾਮ ਹੈ। ਉਸ ਅਸਥਾਨ ਨੂੰ ਟਕਸਾਲ ਆਖਿਆ ਜਾਂਦਾ ਹੈ, ਜਿਥੇ ਸੋਨਾ, ਚਾਂਦੀ, ਗਿਲਟ, ਸਿਲਵਰ, ਪਿੱਤਲ ਜਾਂ ਤਾਂਬਾ ਆਦਿ ਧਾਤਾਂ ਤੋਂ ਸਰਕਾਰ ਵੱਲੋਂ ਪ੍ਰਵਾਨਤ ਸਿੱਕੇ ਘੜੇ ਜਾਂਦੇ ਹਨ। ਇਨ੍ਹਾਂ ਧਾਤਾਂ ਦੀ ਆਪਣੇ ਥਾਂ 'ਤੇ ਵੀ ਭਾਵੇਂ ਕੋਈ ਅਹਿਮੀਅਤ ਹੈ, ਪਰ ਟਕਸਾਲ ਵਿਚ ਘੜੇ ਜਾਣ ਪਿੱਛੋਂ ਸਰਕਾਰੀ ਮੁਹਰ ਵਾਲੇ ਸਿੱਕੇ ਦੀ ਆਪਣੀ ਵੱਖਰੀ ਵਿਸ਼ੇਸ਼ਤਾ ਹੁੰਦੀ ਹੈ। ਉਸ ਨੂੰ ਲੈਣ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਉਸ ਪਿੱਛੇ ਸਮੇਂ ਦੀ ਸਰਕਾਰ ਦੀ ਪ੍ਰਵਾਨਗੀ ਹੁੰਦੀ ਹੈ। ਟਕਸਾਲ ਵਿਚ ਘੜੇ ਸਿੱਕੇ ਨਾਲ ਅਸੀਂ ਦੁਨੀਆਂ ਦਾ ਹਰ ਪਦਾਰਥ ਜਾਂ ਵਸਤੂ ਖ਼ਰੀਦ ਸਕਦੇ ਹਾਂ। ਕੋਈ ਦੁਕਾਨਦਾਰ, ਵਪਾਰੀ, ਸਰਕਾਰੀ ਅਦਾਰਾ ਜਾਂ ਵਿਅਕਤੀ ਟਕਸਾਲੀ ਸਿੱਕੇ ਦੀ ਕੀਮਤ ਤੋਂ ਇਨਕਾਰੀ ਨਹੀਂ ਹੋ ਸਕਦਾ।

ਅਣਘੜਤ ਧਾਤ ਜਾਂ ਗ਼ੈਰ ਟਕਸਾਲੀ ਸਿੱਕੇ ਦੇ ਬਦਲੇ ਅਸੀਂ ਜਵਾਹਰਾਤ, ਹੀਰੇ, ਮੋਤੀ, ਸੋਨਾ, ਚਾਂਦੀ ਅਤੇ ਹੋਰ ਵਸਤੂਆਂ ਨਹੀਂ ਖ਼ਰੀਦ ਸਕਦੇ, ਕਿਉਂਕਿ ਉਸ ਸਿੱਕੇ ਉੱਪਰ ਸਰਕਾਰੀ ਮੁਹਰ ਨਹੀਂ ਹੁੰਦੀ। ਪ੍ਰਵਾਨਤ ਸਿੱਕਾ ਬਣਨ ਲਈ ਧਾਤ ਨੂੰ ਸਖ਼ਤ ਅਗਨੀ ਵਿਚ ਢਲਣ ਪਿੱਛੋਂ ਸਖ਼ਤ ਸੱਟਾਂ ਸਹਾਰਨੀਆਂ ਪੈਂਦੀਆਂ ਹਨ ਤੇ ਕਿਸੇ ਵਿਸ਼ੇਸ਼ ਸੰਚੇ ਵਿਚ ਪੈ ਕੇ ਸਰਕਾਰੀ ਮੁਹਰ ਵਾਲਾ ਆਪਣਾ ਨਵਾਂ ਰੂਪ ਧਾਰਨ ਕਰਨਾ ਪੈਂਦਾ ਹੈ। ਇਤਨੀਆਂ ਪ੍ਰੀਖਿਆਵਾਂ ਵਿਚੋਂ ਲੰਘਣ ਪਿੱਛੋਂ ਹੀ ਮਿੱਟੀ ਅਤੇ ਰੇਤ ਵਿਚ ਘੁਲੀ ਮਿਲੀ ਧਾਤ ਮਹੱਤਵਪੂਰਨ ਮੁਹਰ ਵਾਲਾ ਸਿੱਕਾ ਬਣਦੀ ਹੈ, ਜਿਸ ਨਾਲ ਸੰਸਾਰਕ ਵਿਹਾਰ ਚਲਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਪਵਿੱਤਰ ਬਾਣੀ ਵਿਚ ਟਕਸਾਲ ਦਾ ਜ਼ਿਕਰ ਕਰਦਿਆਂ ਉਚਾਰਣ ਕੀਤਾ ਹੈ ਕਿ :—

*'ਘੜੀਐ ਸਬਦੁ ਸਚੀ ਟਕਸਾਲ ॥'* [ਜਪੁਜੀ ਸਾਹਿਬ, ਅੰਗ—੮]

ਇਸ ਪੰਗਤੀ ਵਿਚ ਗੁਰੂ ਜੀ ਨੇ ਸਤਿਸੰਗਤ ਨੂੰ ਟਕਸਾਲ ਦਾ ਨਾਮ ਦਿੱਤਾ ਹੈ, ਜਿਥੇ ਉੱਚੇ ਜੀਵਨ ਵਾਲੇ ਗੁਰਮੁਖ ਪਿਆਰੇ ਘੜੇ ਜਾਂਦੇ ਹਨ। ਆਮ ਵਿਅਕਤੀ

ਤੇ ਗੁਰਮੁਖਾਂ ਦਾ ਅੰਤਰ ਇਕ ਸਧਾਰਨ ਧਾਤ ਅਤੇ ਗੌਰਮਿੰਟੀ ਮੁਹਰ ਵਾਲੇ ਸਿੱਕੇ ਵਾਲਾ ਹੁੰਦਾ ਹੈ। ਅਕਾਲ ਪੁਰਖ ਵੱਲੋਂ ਪ੍ਵਾਨਤ ਟਕਸਾਲੀ ਵਿਅਕਤੀ ਹਰਖ ਸੋਗ ਤੋਂ ਉੱਤੇ, ਰੱਬੀ ਰਜ਼ਾ ਵਿਚ ਵਿਚਰਨ ਵਾਲੇ, ਸੰਤ ਜਾਂ ਬ੍ਰਹਮ-ਗਿਆਨੀ ਹੁੰਦੇ ਹਨ। ਉਨ੍ਹਾਂ ਨੂੰ ਇਸ ਮਰਤਬੇ ਤਕ ਪਹੁੰਚਣ ਲਈ ਸਤਿਸੰਗਤ ਵਿਚ ਜਾ ਕੇ ਆਪਣੇ ਆਪ ਨੂੰ ਰੱਬੀ ਰਜ਼ਾ ਵਿਚ ਢਾਲਣਾ ਪੈਂਦਾ ਹੈ। ਯਥਾ :—

*'ਆਸਾ ਮਹਲਾ ੫ ॥*
*ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥*
*ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥*
*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥*
*ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥*
*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥*
*ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥*
*ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥*
*ਤਾ ਕਾ ਸੰਗੁ ਬਾਛਹਿ ਸੁਰ ਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥*
*ਕਰ ਜੋੜਿ ਨਾਨਕੁ ਕਰੇ ਅਰਦਾਸਿ ॥*
*ਮੋਹਿ ਸੰਤਹ ਟਹਲ ਦੀਜੈ ਗੁਣ ਤਾਸਿ ॥੪॥੨੭॥੭੮॥'*

[ਅੰਗ—੩੯੨]

ਇਕੋ ਨਾਮ ਕੇ ਧਾਰੇ, ਇਸ ਸੰਸਾਰ ਵਿਚ ਵਿਚਰਨ ਵਾਲੇ ਵਿਅਕਤੀ :—

*'ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥'*

[ਸਲੋਕ ਮਹਲਾ ੧, ਅੰਗ—੧੪੧੦]

ਦੇ ਮਹਾਂਵਾਕ ਅਨੁਸਾਰ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਉੱਤੇ ਅਕਾਲ ਪੁਰਖ ਦੀ ਮਿਹਰ ਹੋਣ ਕਰਕੇ ਟਕਸਾਲੀ ਮੁਹਰ ਲੱਗੀ ਹੋਵੇ। ਉਨ੍ਹਾਂ ਟਕਸਾਲੀ ਢਾਂਚੇ ਵਿਚ ਢਲ ਕੇ ਪ੍ਵਾਨ ਹੋਇ ਸਚਿਆਰਿਆਂ ਪਿਆਰਿਆਂ ਦੀ ਬੋਲੀ ਵਿਚ ਨਿਮਰਤਾ, ਪਿਆਰ, ਸ਼ੁਕਰਾਨਾ ਅਤੇ ਭਗਤੀ ਭਾਵ ਡੁਲ੍ਹ-ਡੁਲ੍ਹ ਪੈਂਦਾ ਹੈ ਕਿਉਂਕਿ ਉਨ੍ਹਾਂ ਦੇ ਸ਼ਬਦ ਸੱਚੇ ਦੀ ਸੱਚੀ ਟਕਸਾਲ ਵਿਚੋਂ ਘੜੇ ਹੁੰਦੇ ਹਨ ਅਤੇ ਪ੍ਮੇਸ਼ਰ ਤੋਂ ਬਿਨਾਂ ਕਿਸੇ ਦੀ ਕਾਨ ਨਹੀਂ ਰੱਖਦੇ। ਯਥਾ :—

*'ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥'*

[ਟੋਡੀ ਮਹਲਾ ੫, ਅੰਗ—੭੧੧]

DAMDAMI TAKSAAL.ORG



# ਦਮਦਮੀ ਟਕਸਾਲ ਦਾ ਇਤਿਹਾਸਕ ਪਿਛੋਕੜ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਵਿਚ ਸਨ ਤਾਂ ਉਨ੍ਹਾਂ ਨੇ ਇਕ ਸਿੱਖ ਨੂੰ ਪਾਠ ਕਰਦਿਆਂ ਸੁਣਿਆਂ, ਜੋ ਬੜੀ ਲਗਨ ਨਾਲ ਪੜ੍ਹ ਰਿਹਾ ਸੀ :—

*'ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ ॥੩॥'*

ਗੁਰੂ ਜੀ ਨੂੰ ਇਹ ਅਨਰਥ ਚੰਗਾ ਨਾ ਲੱਗਾ ਕਿਉਂਕਿ ਤੁਕ ਦਾ ਅਸਲੀ ਪਾਠ ਸੀ :—

*'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥'*

[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੦]

ਇਨ੍ਹਾਂ ਦੋ ਪਾਠਾਂ ਦੇ ਅਰਥਾਂ ਵਿਚ ਬੜਾ ਅੰਤਰ ਹੈ। ਗੁਰੂ ਜੀ ਵੱਲੋਂ ਸ਼ੁੱਧੀ ਕਰਾਉਣ ਪਿੱਛੋਂ ਸਾਰੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਸਬੰਧੀ ਸਤਿਗੁਰੂ ਜੀ ਉਨ੍ਹਾਂ ਦੀ ਅਗਵਾਈ ਕਰਨ। ਗੁਰੂ ਜੀ ਨੇ ਸਮਾਂ ਆਉਣ 'ਤੇ ਇਸ ਸਬੰਧ ਵਿਚ ਸੰਗਤ ਦੀ ਇੱਛਾ ਪੂਰੀ ਕਰਨ ਦਾ ਭਰੋਸਾ ਦੁਆਇਆ। ਅਨੰਦਪੁਰ ਸਾਹਿਬ ਛੱਡਣ ਪਿੱਛੋਂ ਜਦੋਂ ਗੁਰੂ ਜੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਚ ਬਿਰਾਜਮਾਨ ਸਨ ਤਾਂ ਉਨ੍ਹਾਂ ਨੇ ਧੁਰ ਕੀ ਬਾਣੀ ਰਚਣ, ਸ਼ੁੱਧ ਪਾਠ ਅਤੇ ਅਰਥ ਕਰਾਉਣ ਦਾ ਸ਼ੁਭ ਕਾਰਜ ਪੂਰਾ ਕੀਤਾ। ਸ਼ਹੀਦ ਭਾਈ ਮਨੀ ਸਿੰਘ ਜੀ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਸੰਥਿਆ ਲੈਣ ਵਾਲੇ ਅਠਤਾਲੀ ਸਿੰਘਾਂ ਵਿਚੋਂ ਸ਼੍ਰੋਮਣੀ ਵਿਦਵਾਨ ਸਨ। ਗੁਰੂ ਜੀ ਤੋਂ ਵਰੋਸਾਏ ਇਨ੍ਹਾਂ ਗੁਰਮੁਖ ਪਿਆਰਿਆਂ ਨੇ ਦਮਦਮੀ ਟਕਸਾਲ ਦਾ ਮੁੱਢ ਬੰਨਿਆਂ। ਬਾਬਾ ਦੀਪ ਸਿੰਘ ਜੀ ਦੀ ਟਕਸਾਲ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਤੋਂ ਬਾਅਦ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਹੋਇ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਇਸ ਲੜੀ ਵਿਚ ਤੇਰਵੇਂ ਅਸਥਾਨ 'ਤੇ ਸਨ, ਜਿਨ੍ਹਾਂ ਪਿੱਛੋਂ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਪੰਥ ਦੀ ਵਡਮੁੱਲੀ ਸੇਵਾ ਕੀਤੀ।

ਜੋ ਟਕਸਾਲ ਭਾਈ ਮਨੀ ਸਿੰਘ ਜੀ ਵੱਲੋਂ ਚਲਾਈ ਗਈ, ਉਹ ਅੱਜਕਲ੍ਹ ਡੇਰਾ ਸੰਤ ਗਿਆਨੀ ਅਮੀਰ ਸਿੰਘ ਜੀ ਸੱਤੋ ਵਾਲੀ ਗਲੀ, ਅੰਮ੍ਰਿਤਸਰ ਵਿਚ ਚੱਲ ਰਹੀ ਹੈ। ਦੋਵੇਂ ਦਮਦਮੀ ਟਕਸਾਲਾਂ ਇਕ ਪ੍ਰਕਾਰ ਦੀ ਧਾਰਮਿਕ ਯੂਨੀਵਰਸਿਟੀ ਜਾਂ ਮਹਾਂ ਵਿਦਿਆਲਾ ਹਨ, ਜਿਥੋਂ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਅਤੇ ਸੰਪਰਦਾਈ ਅਰਥਾਂ ਬਾਰੇ ਰੌਸ਼ਨੀ ਵੰਡੀ ਜਾਂਦੀ ਹੈ। ਮੌਜੂਦਾ ਸਮੇਂ ਦੇ ਕਥਾਵਾਚਕਾਂ ਅਤੇ ਗੁਰਬਾਣੀ ਦੇ ਸ਼ੁੱਧ ਪਾਠੀਆਂ ਵਿਚੋਂ ੯੦ ਫ਼ੀਸਦੀ ਤੋਂ ਵੱਧ

ਉਹ ਵਿਦਵਾਨ ਹਨ, ਜਿਨ੍ਹਾਂ ਨੂੰ ਇਹ ਗਿਆਨ ਤੇ ਚਾਨਣ ਇਸ ਟਕਸਾਲ ਤੋਂ ਪ੍ਰਾਪਤ ਹੋਇਆ।

ਹਥਲੀ ਪੁਸਤਕ ਦੇ ਲੇਖਕ ਗਿਆਨੀ ਪ੍ਰੀਤਮ ਸਿੰਘ ਜੀ 'ਖ਼ਾਲਸਾ' ਨੇ ਦਮਦਮੀ ਟਕਸਾਲ ਵਿਚ ੧੩ ਸਾਲ ਰਹਿ ਕੇ ਮਹਾਂਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਪਾਸੋਂ ਵਿੱਦਿਆ ਪ੍ਰਾਪਤ ਕੀਤੀ। ਇਹਨਾਂ ਦੇ ਸਮੇਂ ਵਿਚ ਹੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜਥੇ ਵਿਚ ਆਇ ਅਤੇ ਮਹਾਂਪੁਰਸ਼ਾਂ ਪਾਸੋਂ ਧਾਰਮਿਕ ਵਿੱਦਿਆ ਦੇ ਨਾਲ-ਨਾਲ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ। ਗਿਆਨੀ ਪ੍ਰੀਤਮ ਸਿੰਘ ਜੀ 'ਖ਼ਾਲਸਾ' ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਬਹੁਤ ਨੇੜਿਉਂ ਹੋ ਕੇ ਤੱਕਿਆ, ਜਿਸ ਕਰਕੇ ਇਹ ਉਨ੍ਹਾਂ ਦੇ ਚੜ੍ਹਦੀ ਕਲਾ ਵਾਲੇ ਜੀਵਨ ਨੂੰ ਕਲਮਬੰਦ ਕਰਕੇ ਪ੍ਰਗਟਾਉਣ ਵਿਚ ਬਹੁਤ ਸਫਲ ਹੋਏ ਹਨ। ਸੁਣੀ ਤੇ ਵੇਖੀ ਗੱਲ ਵਿਚ ਬੜਾ ਅੰਤਰ ਹੁੰਦਾ ਹੈ।

*'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥'*

[ਸਲੋਕ ਕਬੀਰ ਜੀ, ਅੰਗ—੧੩੭੦]

ਦੇ ਸਿਧਾਂਤ ਅਨੁਸਾਰ ਗਿਆਨੀ ਪ੍ਰੀਤਮ ਸਿੰਘ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਚੜ੍ਹਦੀ ਕਲਾ ਵਾਲਾ ਜੀਵਨ ਖ਼ੁਦ ਅੱਖੀਂ ਵੇਖਿਆ ਹੈ। ਇਸ ਪੁਸਤਕ ਨੂੰ ਲਿਖਣ ਸਮੇਂ ਗਿਆਨੀ ਜੀ ਨੇ ਜੋ ਢੰਗ ਤੇ ਲਿਖਣ ਸ਼ੈਲੀ ਵਰਤੀ ਹੈ, ਉਸ ਅਨੁਸਾਰ ਇਸ ਪੁਸਤਕ ਨੂੰ ਪੜ੍ਹਨ ਵਾਲੇ ਹਰ ਪਾਠਕ ਦੀ ਆਤਮਾ ਚੜ੍ਹਦੀ ਕਲਾ ਦੀ ਪੁਜਾਰਨ ਤੇ ਧਾਰਨੀ ਬਣੇ ਬਿਨਾਂ ਨਹੀਂ ਰਹਿ ਸਕਦੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਜੀਵਨ ਦੇ ਸੱਚ 'ਤੇ ਡਟਣ ਅਤੇ ਖਰੀ-ਖਰੀ ਕਹਿਣ ਵਾਲੇ ਕਾਰਨਾਮੇ ਤੇ ਬੋਲ ਹਰ ਪਾਠਕ ਨੂੰ ਉਤਸ਼ਾਹ ਦੇਣ ਦੇ ਸੁੰਦਰ ਨਮੂਨੇ ਹਨ। ਕਿਸੇ ਵੱਡੇ ਤੋਂ ਵੱਡੇ ਵਿਅਕਤੀ ਵੱਲੋਂ ਕੀਤੇ ਜਾ ਰਹੇ ਗ਼ਲਤ ਕੰਮ ਵਿਰੁੱਧ ਅਵਾਜ਼ ਉਠਾ ਸਕਣ ਦੀ ਸ਼ਕਤੀ ਤੇ ਬਲ ਇਹ ਪੁਸਤਕ ਆਪਣੇ ਪਾਠਕਾਂ ਨੂੰ ਇਸ ਤਰ੍ਹਾਂ ਦੇਵੇਗੀ, ਜਿਵੇਂ ਬੀਰ ਰਸੀ ਕਵਿਤਾ ਪੜ੍ਹ ਕੇ ਡੌਲਿਆਂ ਵਿਚ ਖ਼ੂਨ ਫਰਕਣ ਲੱਗਦਾ ਹੈ।

ਮੈਂ ਗਿਆਨੀ ਪ੍ਰੀਤਮ ਸਿੰਘ ਜੀ 'ਖ਼ਾਲਸਾ' ਨੂੰ ਉਨ੍ਹਾਂ ਦੇ ਇਸ ਸਫਲ ਯਤਨ 'ਤੇ ਵਧਾਈ ਦਿੰਦਾ ਹਾਂ ਅਤੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਗੁਰਮੁਖ ਜਨਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਜ਼ਰੂਰ ਪੜ੍ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਦਮਦਮੀ ਟਕਸਾਲ ਦੇ ੧੩ਵੇਂ ਜਥੇਦਾਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਬਹਾਦਰੀ, ਦਲੇਰੀ ਅਤੇ ਚੜ੍ਹਦੀ ਕਲਾ ਦੇ ਜੀਵਨ ਪ੍ਰਗਟਾਉਣ ਲਈ ਗਿਆਨੀ ਪ੍ਰੀਤਮ ਸਿੰਘ ਜੀ ਵੱਲੋਂ ਲਿਖੀ ਇਹ ਪੁਸਤਕ ਇਕ ਵਧੀਆ ਯਤਨ ਤੇ ਉਪਰਾਲਾ ਹੈ। ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਉਹ

DAMDAMI TAKSAAL.ORG



ਗਿਆਨੀ ਪ੍ਰੀਤਮ ਸਿੰਘ ਜੀ 'ਖ਼ਾਲਸਾ' ਦੇ ਸਿਰ 'ਤੇ ਮੇਹਰ ਭਰਿਆ ਹੱਥ ਰੱਖਣ ਅਤੇ ਇਸੇ ਤਰ੍ਹਾਂ ਸੇਵਾ ਲੈਂਦੇ ਰਹਿਣ ਅਤੇ

*'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥'*

[ਸਲੋਕ ਮਹਲਾ ੯, ਅੰਗ—੧੪੨੭]

ਦੇ ਮਾਰਗ 'ਤੇ ਚੱਲਣ ਦੀ ਸਮਰੱਥਾ ਬਖ਼ਸ਼ਿਸ਼ ਕਰਨ।

*ਗੁਰੂ ਪੰਥ ਦਾ ਦਾਸ,*

**ਮੱਖਣ ਸਿੰਘ ਸੇਵਾ ਪੰਥੀ**

ਡੇਰਾ ਸੰਤ ਅਮੀਰ ਸਿੰਘ ਜੀ,

ਗਲੀ ਸੱਤੋ ਵਾਲੀ, ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

# ਇਸ ਪੁਸਤਕ ਬਾਰੇ ਕੁਝ ਸ਼ਬਦ

ਜਿਥੇ ਗੁਰਮਤਿ ਨੂੰ ਕਮਾਏ ਬਿਨਾਂ ਸਿੱਖ ਦਾ ਉਧਾਰ ਨਹੀਂ, ਉਥੇ ਇਹ ਵੀ ਸੱਚ ਹੈ ਕਿ ਗੁਰਮਤਿ ਵਿੱਦਿਆ ਨੂੰ ਪੜ੍ਹੇ ਤੋਂ ਬਿਨਾਂ ਗੁਰਮਤਿ ਨੂੰ ਸਮਝਣਾ ਤੇ ਕਮਾਉਣਾ ਮੁਸ਼ਕਿਲ ਹੈ। ਸ਼ਾਇਦ ਇਸੇ ਵਾਸਤੇ ਹੀ ਭਾਈ ਗੁਰਦਾਸ ਜੀ ਨੇ ਕਿਹਾ ਹੈ:—

*'ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ;*
*ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ॥'*

[ਕਬਿਤ ਸਵੱਯੇ ਭਾਈ ਗੁਰਦਾਸ ਜੀ, ੬੭੩ਵਾਂ]

ਜਿੰਨ੍ਹਾਂ ਨੇ ਸ਼ਬਦ ਨੂੰ ਸਮਝਿਆ ਤੇ ਕਮਾਈ ਕੀਤੀ, ਉਹ ਵਿਅਕਤੀ ਵੀ ਸਤਿਕਾਰ ਦੇ ਪਾਤਰ ਹਨ, ਪਰ ਜਿਨ੍ਹਾਂ ਨੇ ਦਿਨ-ਰਾਤ ਇਕ ਕਰਕੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਕੀਤਾ ਹੈ, ਉਹ ਗੁਰਮੁਖ ਤਾਂ ਪੰਥ ਦੇ ਅਨਮੋਲ ਰਤਨ ਹਨ।

ਸਿੱਖੀ ਦੇ ਪ੍ਰਚਾਰ ਵਿਚ ਦਮਦਮੀ ਟਕਸਾਲ ਨੇ ਜੋ ਯੋਗਦਾਨ ਪਾਇਆ ਹੈ, ਉਸਨੂੰ ਸਿੱਖ ਪੰਥ ਕਦੀ ਨਹੀਂ ਭੁੱਲ ਸਕਦਾ। ਇਸ ਟਕਸਾਲ ਦੇ ਮੁਖੀ ਸਿਮਰਨ, ਸੇਵਾ ਵਿਚ ਹਮੇਸ਼ਾ ਲੀਨ ਰਹੇ ਹਨ। ਗੁਰਮਤਿ ਵਿੱਦਿਆ ਦਾ ਦੋਹਰਾ ਪ੍ਰਚਾਰ ਇਨ੍ਹਾਂ ਦੇ ਹਿੱਸੇ ਆਇਆ ਹੈ। ਇਕ ਤਾਂ ਵਿਦਿਆਰਥੀਆਂ ਨੂੰ ਸੰਥਿਆ ਅਤੇ ਨਾਲ ਹੀ ਸੰਗਤਾਂ ਵਿਚ ਸਿੱਖੀ ਦਾ ਪ੍ਰਚਾਰ, ਦੋਵੇਂ ਕੰਮ ਫਿਰ ਕੇ ਇਕੱਠੇ ਕਰਨੇ ਇਨਾਂ ਦੇ ਹਿੱਸੇ ਹੀ ਆਏ ਹਨ।

ਟਕਸਾਲ ਦੇ ਮੁਖੀ ਹਮੇਸ਼ਾ ਕਥਨੀ ਤੇ ਕਰਨੀ ਦੇ ਸੂਰੇ ਰਹੇ ਹਨ। ਇੰਗਲੈਂਡ ਵਿਚ ਗੁਰਦੁਆਰਾ ਸਿੰਘ ਸਭਾ, ਸਾਊਥਹਾਲ ਕਥਾ ਕਰਦਿਆਂ ਗਿਆਨੀ ਪ੍ਰੀਤਮ ਸਿੰਘ ਜੀ ਦੇ ਦਰਸ਼ਨ ਹੋਇ, ਜੋ ਇਸੇ ਦਮਦਮੀ ਟਕਸਾਲ ਦੇ ਵਿਦਿਆਰਥੀ ਹਨ।

ਇਨ੍ਹਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਜੀਵਨ ਸਬੰਧੀ ਜੋ ਪੁਸਤਕ 'ਦਮਦਮੀ ਟਕਸਾਲ ਦੇ ੧੩ਵੇਂ ਮੁਖੀ' ਲਿਖੀ ਹੈ, ਦਾਸ ਨੂੰ ਵਿਖਾਈ। ਮੈਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਦਰਸ਼ਨ ਕੀਤੇ ਸਨ। ਉਹ ਮਹਾਨ ਪ੍ਰਭਾਵਸ਼ਾਲੀ ਉਪਦੇਸ਼ਕ ਸਨ। ਬਿਬੇਕ ਬੁੱਧ ਵਾਲੇ ਗੁਰਮਤਿ 'ਤੇ ਸ਼ਰਧਾ ਅਤੇ ਗੁਰੂ ਵਾਸਤੇ, ਗੁਰਸਿੱਖੀ ਵਾਸਤੇ ਉਨ੍ਹਾਂ ਦੇ ਮਨ ਵਿਚ ਬੜੀ ਤਾਂਘ ਸੀ। ਉਹ ਚਾਹੁੰਦੇ ਸਨ ਕਿ ਸਾਰਾ ਜਗਤ ਹੀ ਗੁਰੂ ਕਲਗੀਧਰ ਦੇ ਬਖ਼ਸ਼ੇ ਸਿੱਖੀ ਸਰੂਪ ਵਿਚ ਨਜ਼ਰ ਆਵੇ।

DAMDAMI TAKSAAL.ORG



ਆਪਣੇ ਸੇਵਾ ਕਾਲ ਵਿਚ ਜੋ ਉਨ੍ਹਾਂ ਜ਼ਿੰਮੇਵਾਰੀ ਨਿਭਾਈ ਹੈ, ਉਸਨੂੰ ਜਿਸ ਸੁੱਘੜਤਾ ਤੇ ਸੁੱਚਜਤਾ ਨਾਲ ਮਹਾਨ ਵਿਦਵਾਨ ਗਿਆਨੀ ਪ੍ਰੀਤਮ ਸਿੰਘ ਜੀ ਨੇ ਲਿਖਿਆ ਹੈ, ਇਨ੍ਹਾਂ ਨੂੰ ਹੀ ਇਸ ਦੀ ਇਹ ਅਤਿ ਵਡਿਆਈ ਸਤਿਗੁਰਾਂ ਨੇ ਦੇਣੀ ਸੀ। ਗਿਆਨੀ ਜੀ ਨੇ ਬਹੁਤਾ ਹਿੱਸਾ ਅੱਖੀਂ ਵੇਖਿਆ ਕਾਲ ਲਿਖਿਆ ਹੈ।

ਹਾਰਦਿਕ ਅਰਦਾਸ ਹੈ ਕਿ ਸਤਿਗੁਰੂ, ਗਿਆਨੀ ਜੀ ਨੂੰ ਹੋਰ ਸਮਰੱਥਾ ਦੇਣ ਜਿਥੇ ਇਹ ਹੋਰ ਗੁਰਮਤਿ ਵੀਚਾਰਾਂ ਸੰਗਤਾਂ ਨੂੰ ਸੁਨਾਉਣ ਜਾਂ ਲਿਖਤੀ ਰੂਪ ਵਿਚ ਭੇਟ ਕਰਨ ਉਥੇ ਦਮਦਮੀ ਟਕਸਾਲ ਦਾ ਸਾਰਾ ਇਤਿਹਾਸ ਕਲਮਬੰਦ ਕਰ ਸਕਣ।

*ਗੁਰੂ ਪੰਥ ਦਾ ਦਾਸਰਾ*
**ਗਿਆਨੀ ਜਸਵੰਤ ਸਿੰਘ ਪ੍ਰਵਾਨਾ**
ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ ॥

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥
*[ਸਲੋਕ ਕਬੀਰ ਜੀ, ਅੰਗ—੧੩੭੩]*

ਰਾਮਕਲੀ ਮਹਲਾ ੫ ॥
ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥
ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥
ਸੰਤਹ ਚਰਨ ਮਾਥਾ ਮੇਰੋ ਪਉਤ ॥
ਅਨਿਕ ਬਾਰ ਸੰਤਹ ਡੰਡਉਤ ॥੧॥
ਇਹੁ ਮਨੁ ਸੰਤਨ ਕੈ ਬਲਿਹਾਰੀ ॥
ਜਾ ਕੀ ਓਟ ਗਹੀ ਸੁਖੁ ਪਾਇਆ,
ਰਾਖੇ ਕਿਰਪਾ ਧਾਰੀ ॥੧॥ਰਹਾਉ॥
ਸੰਤਹ ਚਰਣ ਧੋਇ ਧੋਇ ਪੀਵਾ ॥
ਸੰਤਹ ਦਰਸੁ ਪੇਖਿ ਪੇਖਿ ਜੀਵਾ ॥
ਸੰਤਹ ਕੀ ਮੇਰੈ ਮਨਿ ਆਸ ॥
ਸੰਤ ਹਮਾਰੀ ਨਿਰਮਲ ਰਾਸਿ ॥੨॥
ਸੰਤ ਹਮਾਰਾ ਰਾਖਿਆ ਪੜਦਾ ॥
ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥
ਸੰਤਹ ਸੰਗੁ ਦੀਆ ਕਿਰਪਾਲ ॥
ਸੰਤ ਸਹਾਈ ਭਏ ਦਇਆਲ ॥੩॥
ਸੁਰਤਿ ਮਤਿ ਬੁਧਿ ਪਰਗਾਸੁ ॥
ਗਹਿਰ ਗੰਭੀਰ ਅਪਾਰ ਗੁਣਤਾਸੁ ॥
ਜੀਅ ਜੰਤ ਸਗਲੇ ਪ੍ਰਤਿਪਾਲ ॥
ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥
*[ਅੰਗ—੮੯੯]*

DAMDAMI TAKSAAL.ORG

ੴ ਸਤਿਗੁਰ ਪ੍ਰਸਾਦਿ ॥

# ਪਹਿਲਾ ਕਾਂਡ

## ਪਵਿੱਤਰ ਜਨਮ

ਸ੍ਰੀਮਾਨ ੧੦੮ ਪੰਥ ਰਤਨ, ਵਿੱਦਿਆ ਮਾਰਤੰਡ, ਨਾਮ ਬਾਣੀ ਦੇ ਰਸੀਏ, ਪੰਜ ਕਕਾਰਾਂ ਦੀ ਰਹਿਤ ਵਿਚ ਤਿਆਰ-ਬਰ-ਤਿਆਰ, ਖ਼ਾਲਸਈ ਅਸੂਲਾਂ 'ਚ ਪ੍ਰਪੱਕ ਬ੍ਰਹਮ ਗਿਆਨੀ, ਸਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਦਾ ਪਵਿੱਤਰ ਜਨਮ ਅੱਸੂ ਸੁਦੀ ਪੰਚਮੀ ਸੰਮਤ ੧੯੮੯ ਬਿਕ੍ਰਮੀ, ਮੁਤਾਬਿਕ ਸੰਨ ੧੯੩੨ ਈ:, ਅਕਤੂਬਰ ਵਿਚ ਅੰਮ੍ਰਿਤ ਵੇਲੇ ਸ਼ੁਭ ਦਿਹਾੜੇ ਗੁਰੂ ਘਰ ਦੇ ਸ਼ਰਧਾਲੂ, ਖ਼ਾਲਸਾ ਪੰਥ ਦੇ ਮਹਾਨ ਸੇਵਕ, ਕੁਰਬਾਨੀ ਦੇ ਪੁੰਜ ਜਥੇਦਾਰ ਸ: ਝੰਡਾ ਸਿੰਘ ਜੀ ਦੇ ਘਰ, ਸਤਿਕਾਰ ਯੋਗ ਮਾਤਾ ਬੀਬੀ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰੇ ਕੋਹਨਾ), ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਹੋਇਆ, ਜੋ ਹੁਣ ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈ। ਇਹਨਾਂ ਦੇ ਪਿਤਾ ਜੀ ਕੱਟੜ ਅਕਾਲੀ, ਗੁਰਬਾਣੀ ਦੇ ਨਿੱਤਨੇਮੀ, ਬੜੇ ਉੱਚੇ ਜੀਵਨ ਵਾਲੇ, ਨਿਡਰ ਗੁਰਸਿੱਖ ਅਤੇ ਹਰ ਪੰਥਕ ਮੋਰਚੇ ਵਿਚ ਹਿੱਸਾ ਲੈਣ ਵਾਲੇ ਸਨ।

## ਬਾਬਾ ਜੀ ਦਾ ਪਰਿਵਾਰ

ਬਾਬਾ ਜੀ ਦੇ ਛੇ ਸਪੁੱਤਰ ਅਤੇ ਇਕ ਸਪੁੱਤਰੀ ਬੀਬੀ ਤਾਰ ਕੌਰ ਸੀ। ਭਾਈ ਬਹਾਲ ਸਿੰਘ ਜੀ, ਭਾਈ ਅਜਮੇਰ ਸਿੰਘ ਜੀ, ਸੰਤ ਗਿਆਨੀ ਕਰਤਾਰ ਸਿੰਘ ਜੀ, ਭਾਈ ਦੀਦਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ ਤੇ ਭਾਈ ਬਲਕਾਰ ਸਿੰਘ ਜੀ।

## ਜਨਮ ਸੰਸਕਾਰ

ਜਨਮ ਉਪਰੰਤ ਉਸੇ ਦਿਨ ਇਸ਼ਨਾਨ ਕਰਵਾ ਕੇ ਘਰ ਦੀਆਂ ਸਿਆਣੀਆਂ, ਬੀਬੀਆਂ ਨੇ ਪਿੰਡ ਦੇ ਮਹਾਨ ਸ੍ਰੀ ਅਖੰਡ ਪਾਠੀ, ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ ਸਿੰਘ ਸਤਿਕਾਰ ਯੋਗ ਬਾਬਾ ਬੱਗਾ ਸਿੰਘ ਜੀ ਨੂੰ ਘਰ ਬੁਲਾਇਆ। ਬਾਬਾ ਬੱਗਾ ਸਿੰਘ ਜੀ ਨੇ ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾ ਕੇ ਜਪੁਜੀ ਸਾਹਿਬ ਦਾ ਪਾਠ

ਬੜੀ ਇਕਾਗਰਤਾ ਤੇ ਰਸ ਨਾਲ ਕੀਤਾ। ਅੰਮ੍ਰਿਤ ਤਿਆਰ ਕਰਕੇ ਅਰਦਾਸ ਕੀਤੀ। ਉਪਰੰਤ ਪਹਿਲਾਂ ਸੁੰਦਰ ਬਾਲਕ ਦੇ ਮੁਖ, ਸੀਸ ਤੇ ਨੇਤ੍ਰਾਂ ਵਿਚ ਪੰਜ-ਪੰਜ ਬੂੰਦਾਂ ਅੰਮ੍ਰਿਤ ਦੀਆਂ ਪਾਈਆਂ। ਬਾਕੀ ਦਾ ਅੰਮ੍ਰਿਤ ਮਾਤਾ ਜੀ ਨੂੰ ਪਿਲਾ ਦਿੱਤਾ। ਇਸ ਤਰ੍ਹਾਂ ਗੁਰਮਤਿ ਅਨੁਸਾਰ ਜਨਮ ਸੰਸਕਾਰ ਕੀਤਾ। ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ।

## ਨਾਮ ਸੰਸਕਾਰ

ਜਦ ਬਾਲਕ ਕੁਝ ਦਿਨਾਂ ਦਾ ਹੋਇਆ ਤੇ ਮਾਤਾ ਜੀ ਦੀ ਸਿਹਤ ਚੱਲਣ-ਫਿਰਨ ਦੇ ਯੋਗ ਹੋ ਗਈ ਤਾਂ ਮਾਤਾ ਜੀ ਨੇ ਆਪ ਇਸ਼ਨਾਨ ਕੀਤਾ ਤੇ ਬੱਚੇ ਦਾ ਵੀ ਕਰਵਾਇਆ। ਬੜੇ ਪਿਆਰ ਨਾਲ ਸਾਰਾ ਪਰਿਵਾਰ ਗੁਰਦੁਆਰੇ ਗਏ। ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਸੀ। ਬਾਬਾ ਬੱਗਾ ਸਿੰਘ ਜੀ ਨੇ ਨਾਮ ਸੰਸਕਾਰ ਦੀ ਅਰਦਾਸ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੇਠ ਲਿਖਿਆ ਸ੍ਰੀ ਮੁਖਵਾਕ ਆਇਆ :—

*'ਜੈਤਸਰੀ ਮਹਲਾ ੫ ॥*
*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜੈ ਪ੍ਰਾਨ ਅਕੋਰਿ ॥੧॥ਰਹਾਉ॥*
*ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥*
*ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥*
*ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਹਰੀ ਓਰਿ ॥*
*ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੫॥੯॥'*
[ਅੰਗ—੭੦੧]

ਉਪਰੋਕਤ ਸ੍ਰੀ ਮੁਖਵਾਕ ਦੇ ਪਹਿਲੇ ਅੱਖਰ ਤੋਂ ਨਾਮ ਕਰਤਾਰ ਸਿੰਘ ਰੱਖਿਆ ਗਿਆ। ਜੈਕਾਰੇ ਰਾਹੀਂ ਸੰਗਤ ਪਾਸੋਂ ਪ੍ਰਵਾਨਗੀ ਲਈ ਗਈ। ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਪਰਿਵਾਰ ਵਿਚ ਤੇ ਸੰਗਤ ਵਿਚ ਮਹਾਨ ਖ਼ੁਸ਼ੀ ਹੋਈ। ਮਾਤਾ ਜੀ ਨੇ ਬੜੇ ਪਿਆਰ ਨਾਲ ਹੋਣਹਾਰ ਸਪੁੱਤਰ ਦੀ ਪਾਲਣਾ ਕੀਤੀ।

## ਮੁੱਢਲੀ ਵਿੱਦਿਆ

ਪਿੰਡ ਦੇ ਹੀ ਬਜ਼ੁਰਗ ਬਾਬਾ ਬੱਗਾ ਸਿੰਘ ਜੀ ਪਾਸੋਂ ਹੋਣਹਾਰ ਸਪੁੱਤਰ ਕਰਤਾਰ ਸਿੰਘ ਨੇ ਆਪਣੇ ਛੋਟੇ ਭਰਾ ਭਾਈ ਦੀਦਾਰ ਸਿੰਘ ਤੇ ਗ੍ਰੰਥੀ ਭਾਈ ਗੁਰਦੀਪ ਸਿੰਘ ਜੀ ਸਮੇਤ ਪੜ੍ਹਣਾ ਸ਼ੁਰੂ ਕੀਤਾ। ਤੀਖਨ ਬੁੱਧੀ ਹੋਣ ਕਰਕੇ ਛੇਤੀ ਹੀ ਗੁਰਮੁਖੀ ਅੱਖਰ ਪੜ੍ਹਣ ਲੱਗ ਪਏ। ਬਾਬਾ ਝੰਡਾ ਸਿੰਘ ਜੀ ਦੀ ਤੀਬਰ ਇੱਛਾ ਸੀ ਕਿ ਸਾਰਾ ਪਰਿਵਾਰ

DAMDAMI TAKSAAL.ORG



ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਅਤੇ ਰਹਿਤ ਵਿਚ ਪ੍ਰਪੱਕ ਹੋਵੇ। ਇਸੇ ਕਰਕੇ ਗਿਆਨੀ ਕਰਤਾਰ ਸਿੰਘ ਜੀ ਪਾਸੋਂ ਗੁਰੂ ਪੰਥ ਦੇ ਅਣਖੀਲੇ ਯੋਧਿਆਂ ਸੂਰਬੀਰ ਬਹਾਦਰ ਸਿੰਘਾਂ, ਸ਼ਹੀਦਾਂ ਦੇ ਪ੍ਰਸੰਗ, ਚਹੁੰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੰਮਣ ਤੇ ਮੂਸਣ ਜੀ, ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ, ਭਾਈ ਬਿਧੀ ਚੰਦ ਜੀ, ਭਾਈ ਮਹਾਂ ਸਿੰਘ ਆਦਿ ਸ਼ਹੀਦਾਂ ਦੇ ਪ੍ਰਸੰਗ ਰਾਤ ਨੂੰ ਸਾਰਾ ਪਰਿਵਾਰ ਇਕੱਠਾ ਹੋ ਕੇ ਸੁਣਿਆ ਕਰਦੇ ਸਨ। ਜਿਸ ਦੇ ਕਾਰਨ ਇਹਨਾਂ ਦੇ ਮਨ ਵਿਚ ਗੁਰਸਿੱਖੀ ਲਈ ਤੜਪ ਤੇ ਵੈਰਾਗ ਪੈਦਾ ਹੋ ਗਿਆ। ਗੁਰੂ ਮਹਾਰਾਜ ਜੀ ਦੀ ਮਿਹਰ ਦਾ ਸਦਕਾ ਛੇਤੀ ਹੀ ਇਹਨਾਂ ਨੂੰ ਪੰਜ ਬਾਣੀਆਂ ਕੰਠ ਹੋ ਗਈਆਂ। ਨਾਲ-ਨਾਲ ਸਕੂਲੀ ਵਿੱਦਿਆ ਵੀ ਪੜ੍ਹਨੀ ਸ਼ੁਰੂ ਕੀਤੀ। ਲਾਗੇ ਹੀ ਛੋਟਾ ਕਸਬਾ (ਸ਼ਹਿਰ) ਖੇਮਕਰਨ ਹੈ, ਜਿਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਯਾਦਗਾਰੀ ਗੁਰਦੁਆਰਾ (ਥੰਮ੍ਹ ਸਾਹਿਬ) ਹੈ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਯਾਦਗਾਰੀ ਗੁਰਦੁਆਰਾ (ਗੁਰੂ ਸਰ) ਹੈ, ਜਿਥੇ ਨੌਂਵੇਂ ਪਾਤਸ਼ਾਹ ਜੀ ਦਾ ਇਕ ਸਿੱਖ ਬਾਬਾ ਧਿੜਾਣਾ ਰਹਿੰਦਾ ਹੁੰਦਾ ਸੀ, ਜੋ ਚਿਰ ਦਾ ਗੁਰੂ ਜੀ ਦੇ ਦਰਸ਼ਨਾਂ ਦਾ ਪਿਆਸਾ ਸੀ। ਬਾਬਾ ਧਿੜਾਣਾ ਜੀ ਨੂੰ ਗੁਰੂ ਮਹਾਰਾਜ ਨੇ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ। ਇਸ ਕਸਬੇ ਵਿਚ ਸਰਕਾਰੀ ਮਿਡਲ ਸਕੂਲ ਵਿਚੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਮੁੱਢਲੀ ਵਿੱਦਿਆ ਪ੍ਰਾਪਤ ਕੀਤੀ। ਨੌਂਵੀਂ ਦਸਵੀਂ ਇਕੋ ਸਾਲ ਵਿਚ ਨੈਸ਼ਨਲ ਹਾਈ ਸਕੂਲ, ਭਿੱਖੀਵਿੰਡ ਤੋਂ ਅਤੇ ਐਫ਼.ਏ. ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਪਾਸ ਕੀਤੀ। ਕਾਲਜ ਦੀ ਪੜ੍ਹਾਈ ਤੋਂ ਬਾਅਦ ਆਪ ਵਾਧੂ ਸਮਾਂ ਸ੍ਰੀ ਦਰਬਾਰ ਸਾਹਿਬ ਆ ਕੇ ਮਨ ਇਕਾਗਰ ਕਰਕੇ ਕੀਰਤਨ ਸੁਣਦੇ ਹੁੰਦੇ ਸਨ।

## ਅੰਮ੍ਰਿਤ ਛਕਣਾ

ਸੋਲਾਂ ਸਾਲ ਦੀ ਉਮਰ ਵਿਚ ਐਫ਼.ਏ. ਚੰਗੇ ਨੰਬਰਾਂ ਵਿਚ ਪਾਸ ਕਰਕੇ ਪਿੰਡ ਗਏ। ਉਧਰੋਂ (ਖ਼ਾਲਸਾ) ਜੀ ਦੀ ਸਕੀ ਭੂਆ ਦੇ ਪੁੱਤਰ ਉਜਾਗਰ ਸਿੰਘ ਜੀ ਆਪਣੇ ਪਿੰਡ ਤੋਂ ਭਿੰਡਰੀਂ ਜੋੜ ਮੇਲੇ 'ਤੇ ਜਾਣ ਵਾਸਤੇ ਪੰਜਾਂ ਸੱਤਾਂ ਸਿੰਘਾਂ ਸਮੇਤ ਪਿੰਡ ਭੂਰੇ ਪੁੱਜੇ ਕਿਉਂਕਿ ਭਗਤ ਉਜਾਗਰ ਸਿੰਘ ਜੀ ਮਹਾਨ ਸਿਮਰਨ ਕਰਨ ਵਾਲੇ, ਉੱਚੀ ਅਵਸਥਾ ਵਾਲੇ, ਨਿਤਨੇਮੀ ਤਿਆਰ-ਬਰ-ਤਿਆਰ ਰਹਿਣ ਵਾਲੇ ਚੰਗੇ ਨਾਮ-ਅਭਿਆਸੀ ਸਨ, ਇਸ ਲਈ ਉਹਨਾਂ ਦਾ ਭਿੰਡਰਾਂ ਵਾਲੇ ਮਹਾਂਪੁਰਖਾਂ ਨਾਲ ਬਹੁਤ ਪਿਆਰ ਸੀ। ਕਰਤਾਰ ਸਿੰਘ ਜੀ ਨੇ ਜਦੋਂ ਭਿੰਡਰਾਂ ਵਾਲੇ ਸੰਤਾਂ ਦਾ ਨਾਮ ਸੁਣਿਆ ਤਾਂ ਮਨ ਵਿਚ ਰਸ ਜਿਹਾ ਆ ਗਿਆ। ਦਰਸ਼ਨ ਕਰਨ ਦੀ ਤੜਪ ਲੱਗੀ। ਮਾਤਾ ਪਿਤਾ ਦੀ ਆਗਿਆ ਲੈ ਕੇ ਅੱਧਾ ਕੁ ਪਰਿਵਾਰ ਭਗਤ ਉਜਾਗਰ ਸਿੰਘ ਜੀ ਹੋਰ

ਕਈ ਸ਼ਰਧਾਲੂਆਂ ਅਤੇ ਪ੍ਰੇਮੀਆਂ ਦੇ ਨਾਲ ੧੯੪੮ ਭਾਦਰੋਂ ਦੇ ਜੋੜ ਮੇਲੇ ਵਿਚ ਸ਼ਾਮਿਲ ਹੋਣ ਲਈ ਪਿੰਡ ਭਿੰਡਰਕਲਾਂ ਵਿਖੇ ਪੁੱਜੇ, ਜਿਥੇ ਸਾਲਾਨਾ ਜੋੜ ਮੇਲਾ ੨੫-੨੬-੨੭ ਭਾਦਰੋਂ ਨੂੰ ਮਹਾਂਪੁਰਖਾਂ ਦੇ ਸਤਿਕਾਰ ਯੋਗ ਪਿਤਾ ਬਾਬਾ ਖ਼ਜ਼ਾਨ ਸਿੰਘ ਜੀ ਦੀ ਯਾਦ ਵਿਚ ਹੁੰਦਾ ਹੈ। ਗੁਰਦੁਆਰਾ ਸਾਹਿਬ ਨਮਸਕਾਰ ਕਰਨ ਉਪਰੰਤ ਬ੍ਰਹਮ ਗਿਆਨੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਦੇ ਪਹਿਲੇ ਦਰਸ਼ਨ ਕੀਤੇ, ਦੋ ਹੱਥ ਜੋੜ ਕੇ ਸੀਸ ਝੁਕਾਏ ਅਤੇ ਸਾਰੇ ਸਿੰਘਾਂ ਨੇ ਗੁਰ ਫ਼ਤਹ ਬੁਲਾਈ।

ਸੰਤ ਜੀ ਕਿਸੇ ਨੂੰ ਚਰਨੀਂ ਹੱਥ ਨਹੀਂ ਲਾਉਣ ਦਿੰਦੇ ਸਨ। ਜਦੋਂ ਭੁਝੰਗੀ ਕਰਤਾਰ ਸਿੰਘ ਜੀ ਚਰਨਾਂ 'ਤੇ ਸੀਸ ਝੁਕਾਉਣ ਲੱਗੇ ਤਾਂ ਸੰਤਾਂ ਨੇ ਪਿਆਰ ਨਾਲ ਸੱਜੀ ਬਾਂਹ ਫੜ ਕੇ ਕਿਹਾ, "ਪ੍ਰੇਮੀਆ! ਕਿਸੇ ਵੱਡੇ ਤੋਂ ਵੱਡੇ ਦੇ ਵੀ ਪੈਰੀਂ ਹੱਥ ਨਹੀਂ ਲਾਈਦਾ, ਗੁਰੂ ਕੀ ਫ਼ਤਹ ਬੁਲਾਈਦੀ ਹੈ।"

ਸੰਤਾਂ ਨੇ ਪੁੱਛਿਆ, "ਭਗਤ ਜੀ! ਇਹ ਭੁਝੰਗੀ ਤੁਹਾਡੇ ਪਿੰਡ ਤੋਂ ਹੈ?"

ਉੱਤਰ ਵਿਚ ਭਗਤ ਉਜਾਗਰ ਸਿੰਘ ਜੀ ਕਹਿਣ ਲੱਗੇ, "ਮਹਾਂਪੁਰਖੋ! ਇਹ ਭੁਝੰਗੀ ਪਿੰਡ ਭੂਰੇ (ਕੋਹਨੇ) ਤੋਂ ਦਾਸ ਦੇ ਮਾਮੇ ਬਾਬਾ ਝੰਡਾ ਸਿੰਘ ਦਾ ਸਪੁੱਤਰ ਹੈ।"


ਇਹ ਸੁਣਦਿਆਂ ਮਹਾਂਪੁਰਖਾਂ ਜਿਸ ਅਗੰਮੀ ਦ੍ਰਿਸ਼ਟੀ ਨਾਲ ਕਰਤਾਰ ਸਿੰਘ ਵੱਲ ਤੱਕਿਆ, ਉਹ ਮਿਲਾਪ ਬੜਾ ਅਸਚਰਜ ਸੀ। ਭਗਤ ਜੀ ਨੇ ਦੱਸਿਆ ਕਿ ਉਹਨਾਂ ਦੇ ਨਾਲ ਇਸ ਭੁਝੰਗੀ ਸਮੇਤ ਹੋਰ ਵੀ ਪ੍ਰੇਮੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਵਾਸਤੇ ਆਏ ਹਨ। ਮਹਾਂਪੁਰਖਾਂ ਨੇ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਜੋੜ ਮੇਲੇ 'ਤੇ ਸੈਂਕੜੇ ਪ੍ਰੇਮੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ, ਜਿਨ੍ਹਾਂ ਵਿਚ ਭੁਝੰਗੀ ਕਰਤਾਰ ਸਿੰਘ ਜੀ ਨੇ ਵੀ ਅੰਮ੍ਰਿਤ ਛਕਿਆ। ਭਾਵੇਂ ਭੁਝੰਗੀ ਕਰਤਾਰ ਸਿੰਘ ਜੀ ਪਹਿਲਾਂ ਵੀ ਗੁਰਬਾਣੀ ਦਾ ਪਾਠ ਕਰਦੇ ਹੁੰਦੇ ਸਨ, ਪਰ ਉਸ ਦਿਨ ਤੋਂ ਨਿਯਮ ਨਾਲ ਪੰਜ ਬਾਣੀਆਂ ਦਾ ਪਾਠ ਕਰਨ ਲੱਗ ਪਏ। ਤਿੰਨ ਚਾਰ ਦਿਨ ਮਹਾਂਪੁਰਖਾਂ ਦੀ ਸੇਵਾ, ਲੰਗਰ ਦੀ ਸੇਵਾ ਤੇ ਸੰਗਤਾਂ ਦੀ ਸੇਵਾ ਕੀਤੀ। ਚਿੱਤ ਨਹੀਂ ਸੀ ਕਰਦਾ ਕਿ ਸੰਗਤ ਦਾ ਰਸ ਛੱਡਿਆ ਜਾਏ, ਪਰ ਪਿਤਾ ਜੀ ਦੀ ਆਗਿਆ ਅਨੁਸਾਰ ਵਾਪਸ ਪਿੰਡ ਭੂਰੇ ਆ ਗਏ।

DAMDAMI TAKSAAL.org



## ਬੰਸ ਸਜਰਾ

ਜਥੇਦਾਰ ਬਾਬਾ ਝੰਡਾ ਸਿੰਘ ਦੇ ਪਰਿਵਾਰ ਦਾ ਸਜਰਾ




## ਪਰਿਵਾਰਿਕ ਸਤਿਸੰਗ

ਭਿੰਡਰਾਂ ਦੇ ਜੋੜ ਮੇਲੇ ਤੋਂ ਵਾਪਸ ਆ ਕੇ ਕਰਤਾਰ ਸਿੰਘ ਜੀ ਦੇ ਮਨ ਵਿਚ ਬਹੁਤ ਵੈਰਾਗ ਰਹਿਣ ਲੱਗਾ। ਉਪਰੋਕਤ ਪਰਿਵਾਰ ਵਿਚ, ਸਿਮਰਨ, ਭਜਨ, ਨਿਤਨੇਮ, ਗੁਰ-ਇਤਿਹਾਸ ਸੁਣਨ, ਸੁਣਾਉਣ ਵਿਚ ਮਨ ਮਸਤ ਰਹੇ। ਮਾਤਾ ਪਿਤਾ ਅੱਗੇ ਪੜ੍ਹਾਈ ਕਰਾਉਣਾ ਚਾਹੁੰਦੇ ਸਨ ਤੇ ਕਹਿੰਦੇ ਵੀ ਸਨ। ਪਰ ਕਰਤਾਰ ਸਿੰਘ ਜੀ ਹੱਥ ਜੋੜ ਕੇ ਕਹਿਣ ਲੱਗੇ, "ਪਿਤਾ ਜੀ! ਚਿੱਤ ਬ੍ਰਹਮ ਗਿਆਨ ਦੀ ਵਿੱਦਿਆ ਪੜ੍ਹਨ ਨੂੰ ਕਰਦਾ ਹੈ। ਦੁਨਿਆਵੀ ਵਿੱਦਿਆ ਨੇ ਅੱਗਾ ਨਹੀਂ ਸੰਵਾਰਨਾ।"

ਭੁਝੰਗੀ ਕਰਤਾਰ ਸਿੰਘ ਜੀ ਦੀ ਧਰਮ ਅਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਸ਼ਰਧਾ ਨੂੰ ਮੁੱਖ ਰੱਖ ਕੇ ਬਾਬਾ ਝੰਡਾ ਸਿੰਘ ਜੀ ਨੇ ਆਪਣੇ ਵੱਡੇ ਭਰਾ ਪਾਲ ਸਿੰਘ ਜੀ ਅਤੇ ਛੋਟੇ ਭਰਾ ਜਗਤ ਸਿੰਘ ਨਾਲ ਸਲਾਹ ਕਰਕੇ ਸੰਤ ਗਿਆਨੀ

ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੂੰ ਆਪਣੇ ਪਿੰਡ ਭੂਰੇ ਜਥੇ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ। ਮਹਾਂਪੁਰਖਾਂ ਨੇ ਇਸ ਸੱਦੇ ਨੂੰ ਪ੍ਰਵਾਨ ਕਰਕੇ ਪਿੰਡ ਭੂਰੇ ਆਉਣ ਦਾ ਪ੍ਰੋਗਰਾਮ ਬਣਾ ਲਿਆ।

## ਸੰਤ ਭਿੰਡਰਾਂਵਾਲਿਆਂ ਦਾ ਪਿੰਡ ਭੂਰੇ ਆਉਣਾ

ਤਿੰਨਾ ਭਰਾਵਾਂ ਦੀ ਬੇਨਤੀ 'ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਦਸ ਦਿਨ ਪਿੰਡ ਭੂਰੇ ਠਹਿਰਣ ਦਾ ਪ੍ਰੋਗਰਾਮ ਬਣਾਇਆ। ਕੀਰਤਨ, ਕਥਾ ਦਾ ਪ੍ਰਵਾਹ ਚੱਲਿਆ। ਸਾਰਾ ਨਗਰ ਅਤੇ ਨੇੜੇ ਦੇ ਨਗਰਾਂ ਵਾਲੇ ਲੋਕ ਕਥਾ-ਕੀਰਤਨ ਸੁਣਦੇ ਤੇ ਨਾਲ ਹੀ ਅਸਚਰਜ ਵੀ ਸਨ ਕਿ ਇਹ ਤਿੰਨੇ ਪਰਿਵਾਰ ਖੇਤੀ ਦੀ ਕਿਰਤ ਕਰਕੇ ਮਸਾਂ ਘਰਾਂ ਦਾ ਹੀ ਗੁਜ਼ਾਰਾ ਕਰਦੇ ਹਨ, ਪਰ ਇਤਨੇ ਵੱਡੇ ਜਥੇ ਦਾ ਲੰਗਰ ਕਿਸ ਤਰ੍ਹਾ ਕਰ ਰਹੇ ਹਨ। ਇਹਨਾਂ ਲੋਕਾਂ ਨੂੰ ਕੀ ਪਤਾ ਸੀ ਕਿ ਜਿਥੇ ਭਜਨ, ਸਿਮਰਨ ਦਾ ਭੰਡਾਰਾ ਚੱਲਦਾ ਹੈ, ਉਥੇ ਸਰੀਰਕ ਭੋਜਨ ਦਾ ਕੋਈ ਘਾਟਾ ਨਹੀਂ ਰਹਿੰਦਾ। ਭਾਵੇਂ ਤਿੰਨਾਂ ਪਰਿਵਾਰਾਂ ਵਿਚ ਹੱਦ ਤੋਂ ਵੱਧ ਗ਼ਰੀਬੀ ਸੀ, ਪਰ ਤਿੰਨੇ ਪਰਿਵਾਰ ਭਰੋਸੇ ਅਤੇ ਸਿਮਰਨ ਵਿਚ ਅਮੀਰ ਸਨ। ਏਸੇ ਤਰ੍ਹਾਂ ਹਰ ਸਾਲ ਜਾਂ ਦੂਜੇ ਤੀਜੇ ਸਾਲ ਜ਼ਰੂਰ ਜਥੇ ਦਾ ਪਿੰਡ ਆਉਣ ਦਾ ਪ੍ਰੋਗਰਾਮ ਬਣਾ ਲੈਂਦੇ। ੧੩ ਵਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਜਥੇ ਸਮੇਤ ਪਿੰਡ ਭੂਰੇ ਵਿਖੇ ਚਰਨ ਪਾਏ। ਕੀਰਤਨ, ਕਥਾ ਦੇ ਪ੍ਰਵਾਹ ਨਾਲ ਬਹੁਤ ਸਿੱਖੀ ਪ੍ਰਚਾਰ ਹੋਇਆ। ਹਰ ਵਾਰ ਅੰਮ੍ਰਿਤ ਸੰਚਾਰ ਹੁੰਦਾ। ਅਨੇਕਾਂ ਪ੍ਰੇਮੀ ਅੰਮ੍ਰਿਤ ਛਕਦੇ। ਤਿੰਨਾਂ ਪਰਿਵਾਰਾਂ ਨੇ ਜਥੇ ਦੀ ਤਨ, ਮਨ, ਧਨ ਨਾਲ ਜੋ ਸੇਵਾ ਕੀਤੀ, ਉਹ ਲਿਖੀ ਨਹੀਂ ਜਾ ਸਕਦੀ।

## ਅਨੰਦ ਕਾਰਜ

ਭੁਝੰਗੀ ਕਰਤਾਰ ਸਿੰਘ ਜੀ ਦੇ ਵਿਆਹ, ਅਨੰਦ ਕਾਰਜ ਦੀਆਂ ਘਰ ਵਿਚ ਗੱਲਾਂ ਹੋਣ ਲੱਗੀਆਂ। ਸੰਨ ੧੯੫੦ ਵਿਚ ਸੰਤ ਗਿਆਨੀ ਕਰਤਾਰ ਸਿੰਘ ਜੀ ਦਾ ਅਨੰਦ ਕਾਰਜ ਅਠਾਰਾਂ ਸਾਲ ਦੀ ਉਮਰ ਵਿਚ ਪਿੰਡ ਭੈਣੀ ਜੱਸਾ ਸਿੰਘ ਦੇ ਸ: ਕਰਤਾਰ ਸਿੰਘ ਦੀ ਸਪੁੱਤਰੀ ਬੀਬੀ ਨਿਰੰਜਨ ਕੌਰ ਜੀ ਨਾਲ ਗੁਰ-ਮਰਯਾਦਾ ਅਨੁਸਾਰ ਹੋਇਆ। ਸਮਾਂ ਪਾ ਕੇ ਦੋ ਭੁਝੰਗੀ ਹੋਏ—ਭਾਈ ਹਰਭਜਨ ਸਿੰਘ ਜੀ (ਸ਼ਹੀਦ ਭਾਈ ਅਮਰੀਕ ਸਿੰਘ ਜੀ) ਤੇ ਭਾਈ ਮਨਜੀਤ ਸਿੰਘ ਜੀ।

## ਸੰਤਾਂ ਕੋਲ ਜਥੇ ਵਿਚ ਭਰਤੀ ਹੋਣਾ

ਕੁਝ ਸਮਾਂ ਪਿਤਾ ਜੀ ਤੇ ਭਰਾਵਾਂ ਨਾਲ ਖੇਤੀ ਦੀ ਕਿਰਤ ਕੀਤੀ। ਫਿਰ ਪਿਤਾ

DAMDAMI TAKSAAL.org



ਜੀ ਦੀ ਆਗਿਆ ਅਨੁਸਾਰ ਸੱਤ ਅੱਠ ਮਹੀਨੇ ਸ੍ਰੀ ਮੁਕਤਸਰ ਸਾਹਿਬ 'ਟੁੱਟੀ ਗੰਢੀ' ਵਿਖੇ ਚੱਕ ਬੰਦੀ ਵਿਚ ਪਟਵਾਰ ਦੀ ਸਰਵਿਸ ਕੀਤੀ। ਡਿਊਟੀ ਤੋਂ ਵਿਹਲਾ ਸਮਾਂ ਗੁਰੂ ਦਰਬਾਰ ਵਿਚ ਕੀਰਤਨ, ਕਥਾ, ਸਿਮਰਨ ਕਰਨ ਵਿਚ ਬਤੀਤ ਕਰਦੇ। ਮਨ ਵਿਚ ਹਮੇਸ਼ਾ ਵੈਰਾਗ ਰਹਿੰਦਾ। ਏਥੇ ਵੀ ਮਾਘੀ ਦੇ ਜੋੜ ਮੇਲੇ 'ਤੇ ਮਹਾਂਪੁਰਖਾਂ ਦਾ ਜਥੇ ਸਮੇਤ ਪੰਜ ਛੇ ਦਿਨ ਦਾ ਪ੍ਰੋਗਰਾਮ ਬਣਾਇਆ। ਰੱਜ ਕੇ ਸੇਵਾ ਕੀਤੀ, ਜੋ ਨੌਕਰੀ ਦੀ ਤਨਖ਼ਾਹ ਸੀ, ਦਸਵੰਧ ਨਾਲੋਂ ਵੱਧ ਖ਼ਰਚ ਕਰ ਦਿੱਤੀ। ਭਗਤ ਉਜਾਗਰ ਸਿੰਘ ਜੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਪੰਜ ਛੇ ਸਿੰਘਾਂ ਦੇ ਨਾਲ ਤਿਆਰ ਹੋਏ। ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਪਤਾ ਲੱਗਾ। ਝੱਟ ਨੌਕਰੀ ਤੋਂ ਸੰਨ ੧੯੫੭ ਵਿਚ ਅਸਤੀਫ਼ਾ ਦੇ ਕੇ ਨਾਲ ਤਿਆਰ ਹੋ ਗਏ। ਰਸਤੇ ਦੇ ਸਾਰੇ ਗੁਰੂ ਘਰਾਂ ਦੇ ਦਰਸ਼ਨ ਕਰਦੇ ਹੋਏ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ। ਕੁਝ ਸਮਾਂ ਦਰਸ਼ਨ ਕਰਕੇ ਵਾਪਸ ਪੰਜਾਬ ਆ ਗਏ। ਭਗਤ ਜੀ ਪਾਸ, ਜਥੇ ਵਿਚ ਰਹਿ ਕੇ ਬ੍ਰਹਮ ਗਿਆਨ ਦੀ ਵਿੱਦਿਆ ਪੜ੍ਹਨ ਦੀ ਤੀਬਰ ਇੱਛਾ ਜ਼ਾਹਰ ਕੀਤੀ। ਭਗਤ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਨਾਲ ਲੈ ਜਾ ਕੇ ਭਿੰਡਰੀਂ ਜੋੜ ਮੇਲੇ ਜਥੇ ਵਿਚ ਭਰਤੀ ਕਰਵਾ ਦਿੱਤਾ।

ੴ ਸਤਿਗੁਰ ਪ੍ਰਸਾਦਿ ॥

# ਦੂਜਾ ਕਾਂਡ

## ਗੁਰਮਤਿ ਦੀ ਪੜ੍ਹਾਈ ਸ਼ੁਰੂ ਕਰਨੀ

ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਜਦੋਂ ਜਥੇ ਵਿਚ ਪੱਕੇ ਤੌਰ 'ਤੇ ਰਹਿ ਕੇ ਬ੍ਰਹਮ ਗਿਆਨ ਦੀ ਵਿੱਦਿਆ ਪੜ੍ਹਨ ਵਾਸਤੇ ਆਗਿਆ ਹੋ ਗਈ ਅਤੇ ਨਾਲ ਹੀ ਮਹਾਂਪੁਰਖਾਂ ਆਪਣੀ ਹਜ਼ੂਰੀ ਦੀ ਸੇਵਾ ਕਰਨ ਵਾਲੇ ਬਾਬਾ ਠਾਕੁਰ ਸਿੰਘ ਜੀ ਨੂੰ ਕਿਹਾ ਕਿ ਭੁਝੰਗੀ ਕਰਤਾਰ ਸਿੰਘ ਦਾ ਮੰਜਾ ਬਿਸਤਰਾ ਆਪਣੇ ਕੋਲ ਰੱਖਣਾ। ਨਾਲ ਹੀ ਮੁਖੀ ਵਿਦਿਆਰਥੀਆਂ ਵਿਚੋਂ ਵੈਦ ਨਿਰੰਜਨ ਸਿੰਘ ਜੀ ਨੂੰ ਬੁਲਾ ਕੇ ਕਿਹਾ, "ਵੈਦ ਜੀ! ਤੁਸੀਂ ਜਥੇ ਵਿਚ ਅਰਥ ਪੜ੍ਹਾਉਣ ਨੂੰ ਸਿਆਣੇ ਹੋ। ਇਸ ਭੁਝੰਗੀ ਦਾ ਪਹਿਲਾਂ ਪਾਠ ਸੁਣ ਕੇ ਸ਼ੁੱਧ ਕਰਨਾ, ਫਿਰ ਅਰਥਾਂ ਵਾਲੇ ਛੋਟੇ-ਛੋਟੇ ਗ੍ਰੰਥ ਪੜ੍ਹਾਉਣੇ। ਜਾਂ ਤੁਹਾਡੇ ਕੋਲ ਪ੍ਰੀਤਮ ਸਿੰਘ ਲਿਖਾਰੀ ਵਿੱਦਿਆ ਪੜ੍ਹਣ ਦੀ ਮਿਹਨਤ ਕਰਦਾ ਹੈ, ਉਹ ਇਸ ਦਾ ਪਾਠ ਸੁਣੀ ਜਾਵੇਗਾ ਤੇ ਤੁਸੀਂ ਅਰਥਾਂ ਦਾ ਬੋਧ ਕਰਾਈ ਜਾਣਾ।

ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਦਾਸ (ਪ੍ਰੀਤਮ ਸਿੰਘ) ਨੂੰ ਪਹਿਲੀ ਸੈਂਚੀ ਦਾ ਪਾਠ ਸੁਣਾਇਆ। ਦੂਜੀ ਸੈਂਚੀ ਦਾ ਪਾਠ ਬਾਬਾ ਲਾਹੌਰਾ ਸਿੰਘ ਜੀ ਨੂੰ ਸੁਣਾ ਕੇ ਸ਼ੁੱਧ ਕੀਤਾ। ਅਰਥਾਂ ਦੇ ਛੋਟੇ-ਛੋਟੇ ਗ੍ਰੰਥ ਸਾਰੇ ਵੈਦ ਜੀ ਪਾਸੋਂ ਪੜ੍ਹੇ। ਕਦੇ-ਕਦੇ ਮਹਾਂਪੁਰਖ ਆਪ ਵੀ ਪੜ੍ਹਾ ਦਿੰਦੇ।

ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸਕੂਲੀ ਪੜ੍ਹਾਈ ਕਰਨ ਦਾ ਤਜਰਬਾ ਸੀ। ਨਾਲੇ ਮਨ ਵਿਚ ਬ੍ਰਹਮ ਗਿਆਨ ਦੀ ਵਿੱਦਿਆ ਪ੍ਰਾਪਤ ਕਰਨ ਦਾ ਹੱਦ ਤੋਂ ਵੱਧ ਸ਼ੌਕ ਸੀ। ਕਰਤਾਰ ਸਿੰਘ ਜੀ ਦੀ ਲਿਖਾਈ ਏਨੀ ਤੇਜ਼ ਸੀ ਕਿ ਜਦੋਂ ਮਹਾਂਪੁਰਖ ਕਥਾ ਕਰਦੇ ਤਾਂ ਉਹ ਹੂ-ਬ-ਹੂ ਸਾਰੇ ਅਰਥ ਨਾਲ ਦੀ ਨਾਲ ਨੋਟ ਕਰੀ ਜਾਂਦੇ। ਦਾਸ (ਪ੍ਰੀਤਮ ਸਿੰਘ) ਪਾਸ ਕਥਾ ਵਿਚ ਵਰਤੇ ਜਾਣ ਵਾਲੇ ਅਲੰਕਾਰ ਅਤੇ ਹੋਰ ਬਹੁਤ ਵਿਦਵਤਾ ਵਾਲੇ ਪਦਾਰਥਾਂ ਦੀ ਕਾਪੀ ਭਰੀ ਹੋਈ ਸੀ। ਕਰਤਾਰ ਸਿੰਘ ਜੀ ਨੇ ਉਹ ਕਾਪੀ ਲੈ ਕੇ ਉਤਾਰਾ ਕੀਤਾ। ਗਿਆਨੀ ਵੀਰ ਸਿੰਘ ਜੀ ਪਾਸੋਂ ਵੀ ਕਾਫੀ ਅਰਥਾਂ ਦੀਆਂ ਚੀਜ਼ਾਂ ਨੋਟ ਕੀਤੀਆਂ।

ਭਾਵੇਂ ਬਹੁਤੇ ਵਿਦਿਆਰਥੀ ਬੜੀਆਂ ਮਿਹਨਤਾਂ ਕਰਦੇ ਸਨ, ਪਰ ਜੋ ਭੁਝੰਗੀ ਕਰਤਾਰ ਸਿੰਘ ਜੀ ਵਿਚ ਸਾਰੇ ਗੁਣਾਂ ਕਰਕੇ ਉੱਦਮ ਸੀ, ਉਹ ਹੋਰ ਕਿਸੇ ਵਿਚ

DAMDAMI TAKSAAL.org



ਘੱਟ ਹੀ ਸੀ। ਮਹਾਂਪੁਰਖਾਂ ਦੀ ਸੇਵਾ ਅਤੇ ਜਥੇ ਦੀ ਸੇਵਾ ਕਰਨ ਦਾ, ਸਿੰਘਾਂ ਨਾਲ ਪ੍ਰੇਮ ਪਿਆਰ ਮਿਲਵਰਤਣ ਰੱਖਣ ਦਾ, ਵਿੱਦਿਆ ਪੜ੍ਹਣ ਦਾ ਉਮਾਹ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸਦਾ ਹੀ ਚੜ੍ਹਿਆ ਰਹਿੰਦਾ। ਆਪ ਸੌਂਦੇ ਘੱਟ ਅਤੇ ਅਭਿਆਸ ਵੱਧ ਕਰਦੇ ਸਨ।

## ਸੰਤਾਂ ਦਾ ਗੜਵਈ ਬਣ ਕੇ ਕਠਿਨ ਡਿਊਟੀ ਕਰਨੀ

ਕਰਮ ਸਿੰਘ ਗੜਵਈ ਦੇ ਜਾਣ ਤੋਂ ਬਾਅਦ ਦਾਸ (ਪ੍ਰੀਤਮ ਸਿੰਘ) ਨੇ ਮਹਾਂਪੁਰਖਾਂ ਨੂੰ ਦੋ ਤਿੰਨ ਮਹੀਨੇ ਹਰ ਰੋਜ਼ ਨਿੱਤਨੇਮ ਸੁਣਾਇਆ। ਫਿਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਸੁਣਾਉਣ ਲੱਗ ਪਏ। ਹਰ ਰੋਜ਼ ਅੰਮ੍ਰਿਤ ਵੇਲੇ ਪੰਜ ਬਾਣੀਆਂ, ਜੈਤਸਰੀ ਦੀ ਵਾਰ, ਸਤੇ ਬਲਵੰਡੇ ਦੀ ਵਾਰ, ੨੫ ਪੱਤਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਸ਼ਾਮ ਵੇਲੇ ਸਾਰੀ ਪੰਜ ਗ੍ਰੰਥੀ ਦਾ ਪਾਠ, ਦੋਵੇਂ ਬਾਰਹ ਮਾਹਾ, ਪੰਜ ਸ੍ਰੀ ਜਪੁਜੀ ਸਾਹਿਬ ਦੇ ਪਾਠ, ਇਹ ਮਹਾਂਪੁਰਖਾਂ ਦਾ ਨਿੱਤਨੇਮ ਸੀ।

## ਜ਼ਿੰਮੇਵਾਰੀਆਂ ਨਿਭਾਉਣੀਆਂ

ਮੁਖੀ ਵਿਦਿਆਰਥੀਆਂ ਜਿਨ੍ਹਾਂ ਵਿਚ ਸੰਤ ਗਿਆਨੀ ਕਰਤਾਰ ਸਿੰਘ ਜੀ ਵੀ ਸਨ, ਨੇ ਵਿਚਾਰ ਸਾਗਰ ਗਿਆਨੀ ਮੋਹਨ ਸਿੰਘ ਜੀ ਪਾਸੋਂ ਅਰਥਾਂ ਨਾਲ ਪੜ੍ਹਿਆ। ਪਿੰਡ ਢਿਲਵਾਂ ਕੋਟ ਕਪੂਰੇ ਲਾਗੇ ਪ੍ਰੋਗਰਾਮ ਸੀ। ਸ਼ਾਮ ਨੂੰ ਮੁੱਠੀ-ਚਾਪੀ ਕਰਦਿਆਂ ਸਿੰਘਾਂ, ਜਿਨ੍ਹਾਂ ਵਿਚ ਦਾਸ ਅਤੇ ਕੁਝ ਹੋਰ ਮੁਖੀ ਸਿੰਘ ਵੀ ਸਨ, ਪਿਆਰ ਨਾਲ ਪੁੱਛਿਆ, "ਸੱਤਪੁਰਖੋ! ਸਰੀਰ ਆਪ ਜੀ ਦਾ ਢਿੱਲਾ ਰਹਿੰਦਾ ਹੈ, ਸਾਰੇ ਵਿਦਿਆਰਥੀਆਂ ਵਿਚੋਂ ਕੋਈ ਹੈ, ਜਿਹੜਾ ਟਕਸਾਲ ਦੀ ਜ਼ਿੰਮੇਵਾਰੀ ਨਾਲ ਅੱਗੇ ਸਿੰਘਾਂ ਨੂੰ ਵਿੱਦਿਆ ਪੜ੍ਹਾਏ?"

ਮਹਾਂਪੁਰਖਾਂ ਉੱਤਰ ਦਿੱਤਾ ਕਿ ਅਜੇ ਕੋਈ ਐਸਾ ਸਿੰਘ ਨਹੀਂ ਆਇਆ। ਉਦੋਂ ਕਰਤਾਰ ਸਿੰਘ ਜੀ ਜਥੇ ਵਿਚ ਨਹੀਂ ਆਏ ਸੀ ਕਿਉਂਕਿ ਦਾਸ ਸੰਨ ੧੯੫੧ ਈ: ਵਿਚ ਮਹਾਂਪੁਰਖਾਂ ਕੋਲ ਵਿੱਦਿਆ ਪੜ੍ਹਣ ਵਾਸਤੇ ਜਥੇ ਵਿਚ ਭਰਤੀ ਹੋਇਆ ਸੀ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਸੰਨ ੧੯੫੮ ਈ: ਵਿਚ ਵਿੱਦਿਆ ਪੜ੍ਹਣ ਵਾਸਤੇ ਜਥੇ ਵਿਚ ਭਰਤੀ ਹੋਏ ਸਨ।

ਇਕ ਵਾਰ ਫਿਰ ਜਦੋਂ ਵਿਦਿਆਰਥੀਆਂ ਨੇ ਪ੍ਰੇਮ ਨਾਲ ਸੇਵਾ ਕਰਦਿਆਂ ਪੁੱਛਿਆ, "ਸੰਤ ਜੀ! ਜ਼ਿੰਮੇਵਾਰੀ ਨਾਲ ਅੱਗੇ ਵਿੱਦਿਆ ਪੜ੍ਹਾਉਣ ਵਾਲਾ ਕੋਈ ਵਿਦਿਆਰਥੀ ਅਜੇ ਟਕਸਾਲ ਵਿਚ ਆਇਆ ਹੈ ਕਿ ਨਹੀਂ?" ਤਾਂ ਮਹਾਂਪੁਰਖ ਚੁੱਪ ਰਹੇ, ਉੱਤਰ ਨਹੀਂ ਦਿੱਤਾ। ਉਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜਥੇ ਵਿਚ ਸਨ। ਦਾਸ ਹਰ ਰੋਜ਼ ਅੰਮ੍ਰਿਤ ਵੇਲੇ ਮਹਾਂਪੁਰਖਾਂ ਨੂੰ ਇਸ਼ਨਾਨ ਕਰਾਉਣ

ਜਾਂਦਾ। ਛੇ ਸਾਲ ਲਿਖਾਰੀ ਦੀ ਡਿਊਟੀ ਰਹੀ, ਜਿਸ ਕਰਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨਾਲ ਦਾਸ ਦਾ ਹੱਦ ਤੋਂ ਵੱਧ ਪਿਆਰ ਸੀ। ਵਿੱਦਿਆ ਇਕੱਠੀ ਪੜ੍ਹਨੀ, ਮਿਹਨਤ ਇਕੱਠੀ ਕਰਨੀ, ਸੇਵਾ ਕਰਨੀ, ਇਕ ਥਾਂ ਬਹੁਤਾ ਚਿਰ ਰਹਿਣ ਕਰਕੇ ਦਾਸ ਨੂੰ ਉਸ ਮਹਾਨ ਸ਼ਖ਼ਸੀਅਤ ਦੇ ਗੁਣਾਂ ਦਾ ਗਿਆਨ ਹੈ।

ਲਿਖਾਈ ਪੜ੍ਹਾਈ ਦਾ, ਲੈਣ ਦੇਣ ਦਾ, ਜਥੇ ਦੀ ਸਾਰੀ ਸੇਵਾ, ਰਾਇ ਨਾਲ ਕਰਨ ਕਰਾਉਣ ਦਾ ਸਾਡਾ ਦੋਹਾਂ ਦਾ ਕੰਮ ਕਰਨ ਦਾ ਢੰਗ ਇਕੋ ਜਿਹਾ ਹੀ ਸੀ। ਅਸੀਂ ਨਾਲ ਹੀ ਸੰਤ ਬਾਬਾ ਠਾਕੁਰ ਸਿੰਘ ਜੀ ਦੀ ਰਾਇ ਵੀ ਲੈ ਲੈਂਦੇ ਸਾਂ। ਦਾਸ ਨੇ ਗਤਕੇ ਦੀ ਟਰੇਨਿੰਗ ਬਾਬਾ ਗਿਆਨ ਸਿੰਘ (ਜੋ ਬਿਧੀਚੰਦ ਦਲ ਵਿਚ ਅਤੇ ਹੋਰਨਾਂ ਦਲਾਂ ਵਿਚ ਪ੍ਰਸਿੱਧ ਗਤਕਈ ਸਨ) ਤੋਂ ਪ੍ਰਾਪਤ ਕੀਤੀ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਦਾਸ ਪਾਸੋਂ ਕੁਝ ਸ਼ਸਤ੍ਰ ਵਿੱਦਿਆ ਦਾ ਵੀ ਅਭਿਆਸ ਕੀਤਾ।

ਪਿੰਡ ਜੋਧਪੁਰ (ਰੋਡੇ) ੧੧ ਫ਼ਰਵਰੀ ਸੰਨ ੧੯੫੯ ਨੂੰ ਜਥੇ ਸਮੇਤ ਮਹਾਂਪੁਰਖ ਪੁੱਜੇ। ਉਤਾਰੇ ਦਾ ਅਤੇ ਲੰਗਰ ਦਾ ਪ੍ਰਬੰਧ ਜੋਧਪੁਰ ਨਗਰ ਦੀ ਸੰਗਤ ਵੱਲੋਂ ਸਤਿਕਾਰ ਯੋਗ ਸੰਤ ਕ੍ਰਿਪਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਹੋਇਆ। ੧੨ ਫ਼ਰਵਰੀ ਨੂੰ ੧੦੧ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ। ਜਿਸ ਦਾ ਭੋਗ ੧੪ ਮਾਰਚ ਨੂੰ ਪਿਆ। ਪਾਠ ਜਥੇ ਦੇ ਸਿੰਘਾਂ ਨੇ ਕੀਤੇ। ੧੩ ਮਾਰਚ ਨੂੰ ਨਗਰ ਕੀਰਤਨ ਸੀ। ਸਾਰਾ ਇਲਾਕਾ ਇਕੱਠਾ ਹੋਇਆ। ਗੁਣੀ ਗਿਆਨੀ ਸੰਤ ਮਹੰਤ ਪੁੱਜੇ ਸੀ। ਅੰਮ੍ਰਿਤ ਸੰਚਾਰ ਹੋਇਆ। ਪੰਜ ਪਿਆਰੇ ਜਥੇ ਦੇ ਸਿੰਘ ਸਨ :—ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਭਾਈ ਨਿਰਜੰਨ ਸਿੰਘ ਜੀ ਵੈਦ, ਭਾਈ ਕਰਤਾਰ ਸਿੰਘ ਜੀ ਪ੍ਰੇਮੀ, ਭਾਈ ਤਰਲੋਕ ਸਿੰਘ ਜੀ (ਜਰਨੈਲ), ਦਾਸ (ਪ੍ਰੀਤਮ ਸਿੰਘ ਲਿਖਾਰੀ)। ਗ੍ਰੰਥੀ ਦੀ ਡਿਊਟੀ ਭਾਈ ਬਚਿੱਤਰ ਸਿੰਘ ਰਾਗੀ ਦੀ ਸੀ। ੧੬੪ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ, ਜਿਨ੍ਹਾਂ ਵਿਚ ਬਾਬਾ ਜੁਗਿੰਦਰ ਸਿੰਘ ਜੀ ਦਾ ਸਾਰਾ ਪਰਿਵਾਰ ਸੀ। ਭੁਝੰਗੀ ਰੂਪ ਵਿਚ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਵੀ ਸਨ।

ਰਹਿਤਾਂ ਕੁਰਹਿਤਾਂ ਆਦਿਕ ਸਿੱਖਿਆ ਦੀ ਵੀਚਾਰ ਦਾਸ ਨੇ ਸੁਣਾਈ। ਇਹ ਸਭ ਤੋਂ ਪਹਿਲਾ ਸਮਾਂ ਸੀ, ਜਦੋਂ ਤਿੰਨੇ ਪ੍ਰਮੁੱਖ ਆਤਮਾਵਾਂ ਰਾਤ ਸਮੇਂ ਮਹਾਂਪੁਰਖਾਂ ਸਮੇਤ ਇਕੱਠੀਆਂ ਹੋਈਆਂ। ਇਕ ਜਗਿਆਸੂ ਰੂਪ ਸੰਤ ਗਿਆਨੀ ਜਰਨੈਲ ਸਿੰਘ ਜੀ, ਵਿਦਿਆਰਥੀ ਰੂਪ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਤੇ ਉਪਦੇਸ਼ਕ ਰੂਪ ਸੰਤ ਗਿਆਨੀ ਗੁਰਬਚਨ ਸਿੰਘ ਜੀ। ਇਹੋ ਹੀ ਸਮਾਂ ਸੀ, ਜਦੋਂ ਮਹਾਂਪੁਰਖਾਂ ਭਾਈ ਜੁਗਿੰਦਰ ਸਿੰਘ ਜੀ ਨੂੰ ਕਿਹਾ ਸੀ, "ਆਹ! ਜਰਨੈਲ ਸਿੰਘ ਭੁਝੰਗੀ ਸਾਨੂੰ ਦੇ ਦਿਓ, ਜਥੇ ਵਿਚ ਗੁਰਮਤਿ ਦੀ ਵਿੱਦਿਆ ਪੜ੍ਹੇਗਾ।" ਕੋਲ ਹੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਖਲੋਤੇ ਕਹਿਣ ਲੱਗੇ, "ਭੁਝੰਗੀਆ! ਦੁਨਿਆਵੀ

DAMDAMI TAKSAAL.ORG



ਪੜ੍ਹਾਈ ਨਾਲੋਂ ਗੁਰਮਤਿ ਦੀ ਬ੍ਰਹਮ ਵਿੱਦਿਆ ਕੁਲਾਂ ਤਾਰ ਦਿੰਦੀ ਹੈ।"

ਕੋਲ ਹੀ ਦਾਸ ਸੀ। ਹੁਕਮ ਹੋਇਆ, "ਲਿਖਾਰੀਆ! ਭੁਝੰਗੀ ਦਾ ਨਾਮ ਜਥੇ ਦੇ ਸਿੰਘਾਂ ਦੀ ਲਿਸਟ ਵਿਚ ਲਿਖ ਲਈਂ।" ਨਾਲ ਹੀ ਉਹਨਾਂ ਬਾਬਾ ਜੁਗਿੰਦਰ ਸਿੰਘ ਜੀ ਦੀ ਅਤੇ ਸਾਰੇ ਪਰਿਵਾਰ ਦੀ ਸੇਵਾ-ਸਰਾਹਨਾ ਕੀਤੀ। ਹੋਰ ਬਹੁਤ ਬਚਨ-ਬਿਲਾਸ ਹੋਇ, ਜੋ ਫਿਰ ਵਿਸਥਾਰ ਨਾਲ ਲਿਖੇ ਜਾਣਗੇ। ੧੪ ਮਾਰਚ ਨੂੰ ਵੀ ਅੰਮ੍ਰਿਤ ਸੰਚਾਰ ਹੋਇਆ। ੫੦ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਬਹੁਤ ਵੱਡਾ ਜੋੜ ਮੇਲਾ ਹੋਇਆ। ਪੰਡਾਲ ਲੱਗਾ, ਦੀਵਾਨ ਸੱਜਿਆ। ਗੁਣੀਆਂ, ਗਿਆਨੀਆਂ, ਸੰਤਾਂ ਨੇ ਹਾਜ਼ਰੀਆਂ ਭਰੀਆਂ।

੨੧ ਅਕਤੂਬਰ, ਸੰਨ ੧੯੫੬ ਨੂੰ ਅੰਮ੍ਰਿਤਸਰ ਵਿਖੇ ਜਦੋਂ ਮਹਾਂਪੁਰਖਾਂ ਦਾ ਸਰੀਰ ਢਿੱਲਾ ਹੋ ਗਿਆ ਸੀ ਤਾਂ ਜਥੇ ਦੇ ਸਿੰਘਾਂ ਨੇ ਮਹਾਂਪੁਰਖਾਂ ਦੀ ਦੇਹ ਅਰੋਗਤਾ ਲਈ ੧੨੫ ਸ੍ਰੀ ਅਖੰਡ ਪਾਠ ਕਰਨੇ ਸੁੱਖੇ ਸਨ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਕਿਰਪਾ ਸਦਕਾ ਦੇਹ ਅਰੋਗ ਹੋਈ ਅਤੇ ਪਿੰਡ ਜੋਧਪੁਰ (ਰੋਡੇ) ਇਕੋਤਰ ਸੌ ਅਖੰਡ ਪਾਠ ਕੀਤੇ ਗਏ। ਅਖੰਡ ਪਾਠ ਕਰਨ ਤੋਂ ਬਾਅਦ ਵਿਚਾਰ ਕਰਕੇ ਮਹਾਂਪੁਰਖਾਂ ਸਮੇਤ ਜਥਾ ਸ੍ਰੀ ਅੰਮ੍ਰਿਤਸਰ ਸ: ਮਾਹਣਾ ਸਿੰਘ ਦੀ ਧਰਮਸਾਲਾ ਵਿਚ ਪੁੱਜਾ। ੨੧ ਮਾਰਚ, ਸੰਨ ੧੯੫੯ ਨੂੰ ੧੨੫ ਸ੍ਰੀ ਅਖੰਡ ਪਾਠਾਂ ਦੀ ਲੜੀ ਮਾਹਣਾ ਸਿੰਘ ਦੀ ਧਰਮਸਾਲਾ ਵਿਚ ਆਰੰਭ ਕੀਤੀ। ਆਰੰਭਤਾ ਦੀ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਸਾਹਿਬ ਅੱਛਰ ਸਿੰਘ ਜੀ ਨੇ ਕੀਤੀ। ਸਾਰੇ ਪ੍ਰੋਗਰਾਮ ਨੂੰ ਸਫਲਤਾ ਨਾਲ ਚਲਾਉਣ ਵਾਸਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਦਾਸ (ਪ੍ਰੀਤਮ ਸਿੰਘ ਲਿਖਾਰੀ), ਵੈਦ ਨਿਰੰਜਨ ਸਿੰਘ ਜੀ, ਭਾਈ ਜਗਦੀਸ਼ ਸਿੰਘ ਜੀ, ਕੁਠਾਰੀ ਬੂੜ ਸਿੰਘ ਜੀ, ਸੰਤ ਬਾਬਾ ਠਾਕੁਰ ਸਿੰਘ ਜੀ ਅਤੇ ਹੋਰ ਜਥੇ ਦੇ ਸਿੰਘ, ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ, ਸ: ਹਰਨਾਮ ਸਿੰਘ ਜੀ, ਮਾਤਾ ਝਾਈ ਜੀ, ਸ਼ਹਿਰ ਦੇ ਹੋਰ ਪਤਵੰਤੇ ਅਤੇ ਪਿੰਡਾਂ ਦੀਆਂ ਸੰਗਤਾਂ ਆਦਿ। ਪਿੰਡ ਭੂਰਿਆਂ ਦੇ ਸ: ਹਰਨਾਮ ਸਿੰਘ ਜੀ, ਭਾਈ ਸ਼ਿੰਗਾਰਾ ਸਿੰਘ ਜੀ, ਗ੍ਰੰਥੀ ਗੁਰਦੀਪ ਸਿੰਘ ਜੀ, ਬਾਬਾ ਝੰਡਾ ਸਿੰਘ ਜੀ ਦਾ ਸਾਰਾ ਪਰਿਵਾਰ ਪੁੱਜਾ ਹੋਇਆ ਸੀ। ੧੨੫ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ੨ ਮਈ, ੧੯੫੯ ਈ: ਨੂੰ ਹੋਈ। ੩੦ ਅਪ੍ਰੈਲ, ੧ ਅਤੇ ੨ ਮਈ ਨੂੰ, ਤਿੰਨ ਦਿਨ ਬਹੁਤ ਭਾਰੀ ਜੋੜ ਮੇਲਾ ਹੋਇਆ। ਸਾਰੇ ਇਲਾਕਿਆਂ ਦੀਆਂ ਹਜ਼ਾਰਾਂ ਸੰਗਤਾਂ ਪੁੱਜੀਆਂ। ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਸਿੰਘ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਾਰੇ ਡੇਰਿਆਂ ਦੇ ਸਾਧੂ ਮਹਾਤਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਤਵੰਤੇ ਅਤੇ ਸਾਰਾ ਸਟਾਫ਼ ਹਾਜ਼ਰ ਸੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ੪ ਪੀਪੇ ਦੇਸੀ ਘਿਉ ਦੀਆਂ ਜਲੇਬੀਆਂ, ੨੭ ਕਿੱਲੋ ਦੇਸੀ ਘਿਉ ਦੀ ਲੰਗਰ ਵਿਚ ਦੇਗ, ਹੋਰ ਲੱਡੂ, ਦਾਲਾਂ

ਸਬਜ਼ੀਆਂ, ਪ੍ਰਸ਼ਾਦਿਆਂ ਦਾ ਅਤੁੱਟ ਲੰਗਰ ਸੀ। ਸ਼ਹਿਰ ਦੀ ਸੰਗਤ ਅਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਚਾਰ ਪੰਜ ਸੌ ਸਟਾਫ਼ ਨੇ ਲੰਗਰ ਛਕਿਆ।

ਦੂਜਾ ਲੰਗਰ ਮਾਹਣਾ ਸਿੰਘ ਜੀ ਦੀ ਧਰਮਸਾਲਾ ਵਿਚ ਤਿਆਰ ਕੀਤਾ ਗਿਆ। ੪ ਪੀਪੇ ਦੇਸੀ ਘਿਉ ਦੀਆਂ ਜਲੇਬੀਆਂ, ਲੱਡੂ, ਖੀਰ, ਦਾਲਾਂ, ਸਬਜ਼ੀਆਂ ਦਾ ਅਤੁੱਟ ਲੰਗਰ ਸੀ। ਬਾਹਰੋਂ ਆਈਆਂ ਸੰਗਤਾਂ ਅਤੇ ਸ਼ਹਿਰ ਦੇ ਸਾਰੇ ਡੇਰਿਆਂ ਦੇ ਮਹਾਤਮਾ, ਸਾਰੇ ਸਿੰਘ ਸਾਹਿਬਾਂ ਨੇ ਗੁਰੂ ਕਾ ਲੰਗਰ ਛਕਿਆ।

੧ ਅਤੇ ੨ ਮਈ ਨੂੰ ਪੰਜ ਛੇ ਦੇਸੀ ਘਿਉ ਦੇ ਪੀਪਿਆਂ ਦਾ ਕੜਾਹ ਪ੍ਰਸ਼ਾਦਿ ਸਿੰਘਾਂ ਨੇ ਆਪ ਸਵੇਰੇ ਪੂਰਨ ਮਰਯਾਦਾ ਨਾਲ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਾਇਆ। ਵੱਡੇ-ਵੱਡੇ ਡਰੰਮ ਭਰ ਗਏ। ਸਵੇਰੇ ੪ ਤੋਂ ਸ਼ਾਮ ਦੇ ੮ ਵਜੇ ਤੱਕ ਕੜਾਹ ਪ੍ਰਸ਼ਾਦਿ ਦੀ ਖੁੱਲ੍ਹੀ ਦੇਗ ਵਰਤੀ। ਸਾਰਾ ਸ਼ਹਿਰ ਧੰਨ-ਧੰਨ ਕਰ ਰਿਹਾ ਸੀ। ਸਿਆਣੇ ਗੱਲਾਂ ਕਰਦੇ ਸੁਣੇ ਗਏ ਕਿ ਇਤਨਾ ਵੱਡਾ ਲੰਗਰ ਸਾਡੀ ਸੁਰਤ ਵਿਚ ਨਹੀਂ ਹੋਇਆ ਅਤੇ ਸ਼ਾਇਦ ਹੀ ਅੱਗੇ ਨੂੰ ਹੋਵੇ। ਇਹ ਸਿਹਰਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਅਤੇ ਜਥੇ ਦੇ ਮੁਖੀ ਵਿਦਿਆਰਥੀਆਂ ਦੇ ਸਿਰ ਸੀ, ਜਿਨ੍ਹਾਂ ਰਾਤ-ਦਿਨ ਇਕ ਕਰਕੇ ਪ੍ਰੋਗਰਾਮ ਨੂੰ ਚੰਗੇ ਢੰਗ ਨਾਲ ਚਲਾਇਆ ਸੀ।

*'ਗੁਰਬਾਣੀ ਇਸੁ ਜਗ ਮਹਿ ਚਾਨਣੁ..... ॥'* [ਸਿਰੀ ਰਾਗੁ ਮਹਲਾ ੩, ਅੰਗ—੬੭] ਦੇ ਸਿਧਾਂਤ ਨੂੰ ਪ੍ਰਚਾਰਦਿਆਂ ਅਤੇ ਹੋਰ ਸੇਵਾਵਾਂ ਦੇ ਨਾਲ-ਨਾਲ ਮਹਾਂਪੁਰਖਾਂ ਨੇ ਹੋਰ ਵੀ ਕਈ ਥਾਵਾਂ 'ਤੇ ਸ੍ਰੀ ਅਖੰਡ ਪਾਠਾਂ ਦੀਆਂ ਇਕੋਤ੍ਰੀਆਂ ਕਰਵਾਈਆਂ। ਜਿਵੇਂ ਧਨੌਲੇ ੧੦੧ ਅਖੰਡ ਪਾਠ, ਪਿੰਡ ਸੇਵੇ ਵਾਲ ੧੦੧ ਅਖੰਡ ਪਾਠ, ਪਿੰਡ ਰਾਮਗੜ੍ਹ ੧੦੧ ਅਖੰਡ ਪਾਠ, ਸ੍ਰੀ ਹਜ਼ੂਰ ਸਾਹਿਬ ੧੦੧ ਅਖੰਡ ਪਾਠ, ਕਲਕੱਤੇ ਤਿੰਨ ਵਾਰ ਇਕੋਤ੍ਰ-ਇਕੋਤ੍ਰ ਸੌ ਅਖੰਡ ਪਾਠ ਅਤੇ ਪੰਜ ਵਾਰ ਇਕੋਤ੍ਰ-ਇਕੋਤ੍ਰ ਸੌ ਸ੍ਰੀ ਅਖੰਡ ਪਾਠ ਸਾਹਿਬ ਪਿੰਡ ਨਾਭਾ ਸਾਹਿਬ ਵਿਚ ਕਰਵਾਏ। ਇਕ-ਇਕ, ਦੋ-ਦੋ, ਪੰਜ-ਪੰਜ ਅਖੰਡ ਪਾਠ ਸੈਂਕੜਿਆਂ ਦੀ ਗਿਣਤੀ ਵਿਚ ਕੀਤੇ ਸਨ।

੩ ਫ਼ਰਵਰੀ, ੧੯੬੩ ਨੂੰ ਜਥਾ ਖਡਿਆਲ ਪੁੱਜਾ। ਉਥੇ ਦਸ ਦਿਨ ਰਹੇ। ਪ੍ਰਬੰਧ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਅਤੇ ਸੰਤ ਬਾਬਾ ਠਾਕੁਰ ਸਿੰਘ ਜੀ ਦੋਹਾਂ ਸਿੰਘਾਂ ਨੇ ਕੀਤਾ। ਜਥੇ ਦੇ ਇਹ ਦੋਵੇਂ ਸਿੰਘ ਚੰਗੀ ਸੇਵਾ ਕਰਨ ਵਾਲੇ ਹਨ। ਕਈ ਵਾਰ ਏਥੇ ਇਹਨਾਂ ਸਿੰਘਾਂ, ਇਹਨਾਂ ਦੇ ਭਰਾਵਾਂ ਅਤੇ ਸਾਰੇ ਪਿੰਡ ਦੇ ਜਥੇ ਦਾ ਪ੍ਰੋਗਰਾਮ ਬਨਾਉਣਾ ਅਤੇ ਰੱਜ ਕੇ ਸੇਵਾ ਕਰਨੀ। ਦੋਵੇਂ ਵਕਤ ਗੁਰਦੁਆਰੇ ਕਥਾ ਹੁੰਦੀ।

ਦੋ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ੧੧ ਫ਼ਰਵਰੀ ਨੂੰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਬਾਹਰਲੇ ਘਰ ਵਿਖੇ ਹੋਇ। ਕਥਾ ਕੀਰਤਨ ਹੋਇਆ।

DAMDAMI TAKSAAL.ORG



ਮਹਾਂਪੁਰਖ ਰਾਤ ਨੂੰ ਅਰਾਮ ਕਰਦਿਆਂ ਇਕ ਵਜੇ ਅਚਾਨਕ ਉਠ ਕੇ ਬਹਿ ਗਏ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਗੜਵਈ ਸੰਤ ਬਾਬਾ ਠਾਕੁਰ ਸਿੰਘ ਜੀ ਮੰਜੇ 'ਤੇ, ਦਾਸ (ਪ੍ਰੀਤਮ ਸਿੰਘ), ਰਾਗੀ ਬਚਿੱਤਰ ਸਿੰਘ ਥੋੜ੍ਹੀ ਦੂਰ ਮੰਜਿਆਂ 'ਤੇ ਕੋਠੇ ਉਪਰ ਪਏ ਸਾਂ। ਗੜਵਈ ਸਿੰਘ ਕਾਹਲੀ ਨਾਲ ਉਠੇ ਕਿ ਸ਼ਾਇਦ ਸੰਤਾਂ ਨੇ ਪਿਸ਼ਾਬ ਨਾ ਕਰਨਾ ਹੋਵੇ। ਪੰਜਾਂ-ਸੱਤਾਂ ਮਿੰਟਾਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਬਾਬਾ ਠਾਕੁਰ ਸਿੰਘ ਅਤੇ ਦਾਸ ਨੇ ਥੋੜ੍ਹੀ ਦੂਰ ਖਲੋਤੇ ਹੋਇਆਂ ਮਹਾਂਪੁਰਖਾਂ ਨੂੰ ਤੱਕਿਆ। ਪੁੱਛਣ 'ਤੇ ਪਿਆਰ ਨਾਲ ਕਹਿਣ ਲੱਗੇ, "ਕਰਤਾਰ ਸਿੰਘ ਜੀ ! ਅਸਚਰਜ ਨਜ਼ਾਰਾ ਹੋਇਆ। ਘੋੜਾ ਬਹੁਤ ਤੇਜ਼ੀ ਨਾਲ ਨੱਠਾ ਆਇਆ। ਰੁਮਾਲ ਡਿੱਗ ਪਿਆ, ਅਵਾਜ਼ ਆਈ, "ਪੁਰਖਾ ! ਰੁਮਾਲ ਫੜਾ।"

ਦਾਸ ਫੜਾਉਣ ਲੱਗਾ, ਘੋੜਾ ਤੇਜ਼ ਸੀ, ਅਵਾਜ਼ ਆਈ, "ਪਿੱਛੇ ਫੜਾ ਦੇ !" ਝਲਕ ਕਲਗੀਧਰ ਜੈਸੀ ਸੀ। ਪਿੱਛੇ ਵੇਖਿਆ, ਘੋੜਾ ਤੇਜ਼ ਸੀ। ਦਾਸ ਰੁਮਾਲ ਫੜਾਉਣ ਲੱਗਾ ਘੋੜਾ ਖਲੋ ਗਿਆ। ਅਵਾਜ਼ ਆਈ, " ਪ੍ਰੇਮੀਆਂ ! ਪਹਿਲਾਂ ਕਥਾ ਸੁਣਾ।" ਸ਼ਬਦ ਸੀ :—

*'ਸੋਰਠਿ ਮਹਲਾ ੫ ॥ ਗੁਰਿ ਪੂਰੈ ਚਰਨੀ ਲਾਇਆ ॥'*

[ਅੰਗ—੬੨੩]

ਅਰਥਾਂ ਪ੍ਰਮਾਣਾਂ ਸਮੇਤ ਕਥਾ ਸੁਣ ਕੇ ਕਹਿਣ ਲੱਗੇ, "ਪ੍ਰੇਮੀਆਂ ! ਇਸ ਰੁਮਾਲ ਪੱਲੇ ਟਕਸਾਲੀ ਅਰਥ ਬੰਨ੍ਹੇ ਹਨ, ਸੰਭਾਲ ਕੇ ਰੱਖੀਂ।" ਇਹ ਕਹਿ ਕੇ ਜਦ ਘੋੜਾ ਤੇਜ਼ ਕੀਤਾ, ਉਸ ਵਕਤ ਝਲਕ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਵਰਗੀ ਪਈ ਸੀ। ਝੱਟ ਜਾਗ ਆ ਗਈ ਹੈ।

ਅਸੀਂ ਸਾਰੇ ਸੁਣ ਕੇ ਅਸਚਰਜ ਹੋ ਗਏ। ਇਥੋਂ ਹੀ ਜਥਾ ਪਿੰਡ ਬੋਪਾਰਾਇ ਪੁੱਜਾ। ੧੩ ਤੋਂ ੧੫ ਫ਼ਰਵਰੀ ਤੱਕ ਸਲਾਨਾ ਜੋੜ ਮੇਲਾ ਬੜੀ ਧੂਮਧਾਮ ਨਾਲ ਹੋਇਆ। ੧੬ ਫ਼ਰਵਰੀ ਨੂੰ ੧੪ਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦੇ ਸਬੰਧ ਵਿਚ ਲੁਧਿਆਣੇ ਵਿਖੇ ਨਿਕਲੇ ਨਗਰ ਕੀਰਤਨ ਵਿਚ ਸ਼ਾਮਲ ਹੋਇ। ੧੭ ਨੂੰ ਭਾਰੀ ਪੰਡਾਲ ਵਿਚ ਸ੍ਰੀ ਮੁਖਵਾਕ ਦੀ ਕਥਾ ਕੀਤੀ। ਸਾਧੂ ਸਮਾਜ ਨਾਲ ਮੰਗਲਾਂ ਬਾਰੇ ਵੀ ਵਿਚਾਰਾਂ ਹੋਈਆਂ। ਪਿੰਡ ਰੋਡੀਂ ਜਥੇ ਨੇ ਦਸ-ਪੰਦਰਾਂ ਦੀਵਾਨ ਕੀਤੇ। ਨਗਰਾਂ ਵਿਚ ਵੀ ਕਥਾ-ਕੀਰਤਨ ਦਾ ਸੰਗਤਾਂ ਅਨੰਦ ਮਾਣਦੀਆਂ ਰਹੀਆਂ। ੧੦ ਅਪ੍ਰੈਲ ਨੂੰ ਮਹਾਂਪੁਰਖਾਂ ਸਮੇਤ ਜਥਾ ਸ੍ਰੀ ਅੰਮ੍ਰਿਤਸਰ ਪੁੱਜਾ। ਬਾਬਾ ਸ਼ਾਮ ਸਿੰਘ ਜੀ ਦੀ ਧਰਮਸਾਲਾ ਵਿਚ ਡੇਰਾ ਕੀਤਾ। ਮਹਾਂਪੁਰਖ ਕਥਾ ਮੰਜੀ ਸਾਹਿਬ ਕਰਦੇ ਸਨ। ਵੈਸਾਖੀ ਦਾ ਗੁਰਪੁਰਬ ਬੜੀਆਂ ਰੌਣਕਾਂ ਨਾਲ ਮਨਾਇਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨਾਲ ਮੰਗਲਾਂ ਬਾਰੇ ਦੋ-ਤਿੰਨ ਵਾਰ ਮੀਟਿੰਗਾਂ ਹੋਈਆਂ।

ਮਹਾਂਪੁਰਖਾਂ ਜੋ ਗੁਰਬਾਣੀ ਦੀ ਖੋਜ ਦੁਆਰਾ ਦਲੀਲਾਂ ਪ੍ਰਮਾਣ ਦਿੱਤੇ ਅਤੇ

ਕਿਹਾ ਕਿ ਸਿੱਖ ਨੂੰ ਕੀ ਹੱਕ ਹੈ ਕਿ ਧੁਰ ਕੀ ਬਾਣੀ 'ਤੇ ਹੱਥ ਚੁੱਕੇ, ਵੱਧ-ਘੱਟ ਅੱਗੇ ਪਿੱਛੇ ਕਰੇ ਜਾਂ ਕਹੇ ਕਿ ਆਹ ਬਾਣੀ ਹੈ, ਆਹ ਬਾਣੀ ਗੁਰੂ ਦੀ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਵਾਲੀ ਬੀੜ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਮਦਮਾ ਸਾਹਿਬ ਦੀ ਬੀੜ ਜਿਸ ਨੂੰ ਗੁਰਤਾ ਪ੍ਰਾਪਤ ਹੈ, ਜੋ ਤਰਤੀਬ ਦਿੱਤੀ ਹੈ, ਉਹ ਜਿਉਂ ਦੀ ਤਿਉਂ ਚਾਹੀਦੀ ਹੈ। ਸੰਤ ਚੰਨਣ ਸਿੰਘ ਜੀ ਪ੍ਰਧਾਨ ਨੇ, ਮਹਾਂਪੁਰਖਾਂ ਦੇ ਵੀਚਾਰ ਅਤੇ ਸਤਿਗੁਰਾਂ ਦੀ ਜੁਗੋ ਜੁਗ ਅਟਲ ਬਾਣੀ ਦੇ ਮੰਗਲ ਠੀਕ ਕਰਨ ਵਾਸਤੇ ਸਹਿਮਤੀ ਪ੍ਰਗਟ ਕੀਤੀ। ਮਹਾਂਪੁਰਖ ਮੀਟਿੰਗ ਬਾਅਦ ਤੁਰਨ ਲੱਗੇ ਤਾਂ ਸੰਤ ਚੰਨਣ ਸਿੰਘ ਜੀ ਕਹਿਣ ਲੱਗੇ, "ਸਤ ਪੁਰਖੋ! ਜਿਸ ਤਰ੍ਹਾਂ ਆਪ ਜੀ ਤੋਂ ਵਿੱਦਿਆ ਪੜ੍ਹੇ ਮੁਖੀ ਵਿਦਿਆਰਥੀ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ, ਗਿਆਨੀ ਕਪੂਰ ਸਿੰਘ ਜੀ ਬਰਾੜ, ਕਥਾ ਵਾਚਕ ਮੰਜੀ ਸਾਹਿਬ ਗਿਆਨੀ ਦਲੀਪ ਸਿੰਘ ਜੀ ਕਥਾ ਕਰਦੇ ਹਨ, ਇਸੇ ਤਰ੍ਹਾਂ ਸਿਆਣਾ ਵਿਦਵਾਨ ਵਿਦਿਆਰਥੀ ਸਾਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲੇ ਲਈ ਕਥਾ ਵਾਚਕ ਹੈੱਡ ਗ੍ਰੰਥੀ ਚਾਹੀਦਾ ਹੈ। ਕੋਈ ਆਪਣਾ ਵਿਦਿਆਰਥੀ ਦੇਣ ਦੀ ਕਿਰਪਾ ਕਰਨੀ।"

ਸੰਤਾਂ ਕਿਹਾ, "ਸਿੰਘਾਂ ਨੂੰ ਪੁੱਛਾਂਗੇ, ਜੇ ਕੋਈ ਮੰਨ ਗਿਆ। ਤੁਸੀਂ ਸ਼ਾਮ ਨੂੰ ਚਾਰ ਵਜੇ ਬੰਦਾ ਭੇਜ ਕੇ ਪਤਾ ਕਰ ਲੈਣਾ।" ਮਹਾਂਪੁਰਖ ਜਦੋਂ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਧਰਮਸਾਲਾ ਵਿਚ ਆਏ ਤਾਂ ਨਾਲ ਹੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਗੜਵਈ ਸੰਤ ਬਾਬਾ ਠਾਕੁਰ ਸਿੰਘ ਜੀ ਸਨ। ਦਾਸ ਕੁਝ ਵਿਦਿਆਰਥੀਆਂ ਨਾਲ ਕਥਾ ਦੀ ਵੀਚਾਰ ਕਰਕੇ ਪਉੜੀਆਂ ਉੱਤਰ ਰਿਹਾ ਸੀ। ਅੱਗੋਂ ਮਹਾਂਪੁਰਖ ਆ ਰਹੇ ਸਨ। ਸ਼ਰਧਾ ਨਾਲ ਗੁਰ ਫ਼ਤਹ ਬੁਲਾਈ। ਹੁਕਮ ਹੋਇਆ, "ਲਿਖਾਰੀਆ! ਸਾਡੀ ਗੱਲ ਸੁਣ ਕੇ ਜਾਈਂ।" ਹੁਕਮ ਮੰਨ ਕੇ ਦਾਸ ਮਗਰ-ਮਗਰ ਹੋ ਤੁਰਿਆ।

ਉੱਪਰ ਜਾ ਕੇ ਆਸਣ 'ਤੇ ਸੰਤ ਬੈਠ ਗਏ। ਕਹਿਣ ਲੱਗੇ, "ਲਿਖਾਰੀਆ! ਤੈਨੂੰ ਗੁਰਦੁਆਰਾ ਦੂਖ ਨਿਵਾਰਨ ਪਟਿਆਲੇ ਦਾ ਕਥਾ ਵਾਚਕ ਹੈੱਡ ਗ੍ਰੰਥੀ ਲਾ ਦਈਏ?"

ਇਹ ਸੁਣ ਕੇ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਕਰੀਬਨ ਸਾਰੀ ਕਥਾ ਆਪ ਜੀ ਪਾਸੋਂ ਜਥੇ ਵਿਚ ਰਹਿ ਕੇ ਲਿਖ ਲਈ ਹੈ ਅਤੇ ਦਸਮ ਗ੍ਰੰਥ ਦੀ ਲਿਖਣੀ ਸ਼ੁਰੂ ਕੀਤੀ ਹੈ ਅਤੇ ਸੁਤੰਤਰ ਰਹਿ ਕੇ ਕਥਾ ਕਰਨ ਤੇ ਸਿੰਘਾਂ ਨੂੰ ਪੜ੍ਹਾਉਣ ਦਾ ਸ਼ੌਕ ਹੈ।"

ਮਹਾਂਪੁਰਖ ਥੋੜ੍ਹਾ ਜਿਹਾ ਬੀਰ ਰਸ ਵਿਚ ਆ ਕੇ ਕਹਿਣ ਲੱਗੇ, "ਪ੍ਰੀਤਮ ਸਿੰਘ! ਤੈਨੂੰ ਸਿਆਣਾ ਜਾਣ ਕੇ ਮਾਣ ਨਾਲ ਕਿਹਾ ਹੈ, ਚੰਗਾ ਹੈ ਜੇ ਮੰਨ ਜਾਵੇਂ।" ਨਾਲ

DAMDAMI TAKSAAL.ORG



ਹੀ ਸੰਤ ਬਾਬਾ ਠਾਕੁਰ ਸਿੰਘ ਜੀ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਗੜਵਈ ਵੀ ਪਿਆਰ ਭਰੀ ਗਰਜ ਨਾਲ ਬੋਲੇ, "ਲਿਖਾਰੀਆ! ਤੈਨੂੰ ਮਹਾਂਪੁਰਖਾਂ ਦਾ ਹੁਕਮ ਮੰਨਣਾ ਪਵੇਗਾ ਕਿਉਂਕਿ ਮਹਾਂਪੁਰਖ ਬਚਨ ਦੇ ਆਏ ਹਨ ਕਿ ਸ਼ਾਮ ਨੂੰ ਬੰਦਾ ਭੇਜ ਦਿਉ, ਕੋਈ ਮੁਖੀ ਵਿਦਿਆਰਥੀ ਤਿਆਰ ਕਰ ਲਵਾਂਗੇ।" ਭਾਵੇਂ ਚਿੱਤ ਨਹੀਂ ਸੀ ਚਾਹੁੰਦਾ ਨੌਕਰੀ ਕਰਨ ਨੂੰ ਪਰ ਮਹਾਂਪੁਰਖਾਂ ਦਾ ਬਚਨ ਮੰਨਣਾ ਹੀ ਸੁਖਦਾਈ ਸੀ, ਦਾਸ ਕੁਝ ਨਾ ਬੋਲ ਸਕਿਆ। ਮਹਾਂਪੁਰਖਾਂ ਕਿਹਾ, "ਪ੍ਰੀਤਮ ਸਿੰਘ! ਤੂੰ ਸਾਡਾ ਬਚਨ ਮੰਨਿਆ ਹੈ, ਜਾਹ! ਗੁਰੂ ਭਲਾ ਕਰੇਗਾ।" ਬਸ ਇਹਨਾਂ ਲਫ਼ਜ਼ਾਂ ਵਿਚ ਬਖ਼ਸ਼ਿਸ਼ ਦੀ ਰਮਜ਼ ਸੀ, ਜਿਸਨੇ ਅਨੇਕਾਂ ਬਿਘਨਾਂ ਤੋਂ ਹੁਣ ਤੱਕ ਬਚਾਈ ਰੱਖਿਆ ਹੈ। ਸ਼ਾਮ ਨੂੰ ਸਿੰਘ ਆਇਆ, ਦਾਸ ਸੰਤ ਚੰਨਣ ਸਿੰਘ ਜੀ ਪਾਸ ਚਲਾ ਗਿਆ। ਸੰਤ ਦੇਖ ਕੇ ਬਹੁਤ ਖ਼ੁਸ਼ ਹੋਇ ਕਿਉਂਕਿ ਅੱਗੇ ਮੰਗਲਾਂ ਦੀ ਵੀਚਾਰ ਸਬੰਧੀ ਕਈ ਵਾਰ ਮਿਲਦੇ ਰਹਿੰਦੇ ਸਾਂ। ਦਾਸ ਦਾ ਇਮਤਿਹਾਨ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਹੋਰ ਦੋ ਤਿੰਨ ਵਿਦਵਾਨਾਂ ਦੀ ਵੀਚਾਰ ਨਾਲ ਮੰਜੀ ਸਾਹਿਬ ਕਥਾ ਕਰਵਾ ਕੇ ਅਤੇ ਹੋਰ ਪ੍ਰਸ਼ਨ ਉੱਤਰਾਂ ਰਾਹੀਂ ਲਿਆ, ਜਿਸ ਵਿਚ ਦਾਸ ਪਾਸ ਹੋ ਗਿਆ। ਇਹ ਟੈਸਟ ੨੮ ਅਪ੍ਰੈਲ ਨੂੰ ਹੋਇਆ ਸੀ। ਦਾਸ ਨੇ ਮਹਾਂਪੁਰਖਾਂ ਦੇ ਹੁਕਮ ਅਨੁਸਾਰ ਕਥਾ ਵਾਚਕ ਹੈੱਡ ਗ੍ਰੰਥੀ ਦੀ ਡਿਊਟੀ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵਿਖੇ ਜਾ ਸੰਭਾਲੀ।

## ਸੰਤਾਂ ਦੀ ਖ਼ੁਸ਼ੀ ਤੇ ਬਖ਼ਸ਼ਿਸ਼ਾਂ ਦੇ ਵਰ

ਸੰਤ ਮਹਾਰਾਜ ਜੀ ਜਥੇ ਸਮੇਤ ੧੦ ਅਪ੍ਰੈਲ, ੧੯੬੪ ਈ: ਨੂੰ, ਸ੍ਰੀ ਅੰਮ੍ਰਿਤਸਰ ਸ: ਸੋਹਣ ਸਿੰਘ, ਗੁਰੂ ਨਾਨਕ ਇੰਜੀਨੀਅਰ ਵਰਕਸ ਵਾਲਿਆਂ ਦੇ ਕਾਰਖ਼ਾਨੇ ਸਾਰਾ ਜਥਾ ਉੱਤਰਿਆ। ੧੧ ਅਪ੍ਰੈਲ ਨੂੰ ਇਹਨਾਂ ਦੇ ਘਰ ਤਿੰਨ ਸ੍ਰੀ ਅਖੰਡ ਪਾਠ ਆਰੰਭ ਕੀਤੇ ਸਨ। ਤਿੰਨ ਦਿਨ ਕਥਾ ਹੁੰਦੀ ਰਹੀ। ੧੩ ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਸੰਤਾਂ ਨੇ ਮੰਜੀ ਸਾਹਿਬ ਵਿਖੇ ਮਹੀਨੇ ਦੀ ਕਥਾ ਕੀਤੀ। ਫੇਰ ਕਾਰਖ਼ਾਨੇ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ਸਮੇਂ ਕਥਾ ਕੀਤੀ। ਸ਼ਾਮ ਨੂੰ ਮਹਾਂਪੁਰਖਾਂ ਦਾ ਹੁਕਮ ਹੋਇਆ, "ਕਰਤਾਰ ਸਿੰਘ ਜੀ! ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਚੱਲੀਏ। ਉਥੇ ਹੀ ਨਿੱਤਨੇਮ ਕਰਾਂਗੇ।"

ਹੁਕਮ ਮੰਨ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਪਰਕਰਮਾਂ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਉੱਪਰਲੀ ਛੱਤ 'ਤੇ ਚਲੇ ਗਏ। ਨਿਸ਼ਾਨ ਸਾਹਿਬ ਦੇ ਲਾਗੇ ਬਸਤਰ ਵਿਛਾ ਕੇ ਨਿੱਤਨੇਮ ਸੁਣਨਾ ਸ਼ੁਰੂ ਕੀਤਾ, ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਨਿੱਤਨੇਮ ਸੁਣਾ ਕੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਕੀਤਾ ਤਾਂ ੧੯ਵੀਂ ਅਸਟਪਦੀ ਦੀ ਇਸ ਪਉੜੀ 'ਤੇ ਪਾਠ ਸੀ :—

*'ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥'*

[ਗਉੜੀ ਸੁਖਮਨੀ ਮਃ ੫, ਅੰਗ–੨੮੬]

ਸੰਤਾਂ ਨੇ ਹੱਥ ਨਾਲ ਇਸ਼ਾਰਾ ਕੀਤਾ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਪਾਠ ਬੰਦ ਕੀਤਾ। ਮਹਾਂਪੁਰਖਾਂ ਨੇ ਬੜੇ ਰਸ ਵਿਚ ਆ ਕੇ ਬਖ਼ਸ਼ਿਸ਼ ਭਰੇ ਬਚਨ ਕਹੇ, "ਕਰਤਾਰ ਸਿੰਘ ਜੀ ! ਦਮਦਮੀ ਟਕਸਾਲ ਦੀ ਅੱਗੇ ਵਾਸਤੇ ਸੇਵਾ ਤੈਨੂੰ ਸੌਂਪਣੀ ਹੈ, ਸਤਿਗੁਰਾਂ ਦੇ ਇਸ ਸ੍ਰੀ ਮੁਖਵਾਕ ਅਨੁਸਾਰ ਪੂਰਨ ਜਤੀ ਰਹਿਣਾ :–

*'ਜਤੁ ਪਾਹਾਰਾ ਧੀਰਜੁ ਸੁਨਿਆਰੁ ॥'* [ਜਪੁਜੀ ਸਾਹਿਬ, ਅੰਗ–੮]

ਸਾਵਧਾਨ ਹੋ ਜਾ ! ਦੋ ਭੁਝੰਗੀ ਹੋ ਚੁੱਕੇ ਹਨ, ਇਤਨੇ ਹੀ ਆਉਣੇ ਸੀ।"

ਮਹਾਂਪੁਰਖਾਂ ਨੇ ਦੱਸਿਆ, "ਸੰਨ ੧੯੨੧ ਈਃ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ 'ਤੇ ਦਾਸ ਸ੍ਰੀ ਨਨਕਾਣਾ ਸਾਹਿਬ ਗਿਆ। ਸ਼ਹੀਦੀ ਅਸਥਾਨਾਂ ਦੇ ਦਰਸ਼ਨ ਕੀਤੇ। ਵਾਪਸ ਗੁਰਦੁਆਰਿਆਂ ਦੀ ਯਾਤਰਾ ਕਰਦਿਆਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਵੀ ਦਰਸ਼ਨ ਕੀਤੇ। ਆਹ ! ਜਿਸ ਥਾਂ 'ਤੇ ਅਸੀਂ ਅੱਜ ਬੈਠੇ ਹਾਂ, ਏਸੇ ਥਾਂ 'ਤੇ ਬੈਠ ਕੇ ਤਿੰਨ ਮਹੀਨੇ ਗੁਰਮੰਤ੍ਰ ਤੇ ਮੂਲਮੰਤ੍ਰ ਦਾ ਅਭਿਆਸ ਕਰਕੇ ਮਨ ਹੋਰ ਸਿਮਰਨ ਵਿਚ ਪ੍ਰਪੱਕ ਕੀਤਾ। ਰਸ ਵਿਚ ਐਸੀ ਮਸਤੀ ਆਈ ਕਿ ਸ੍ਰੀ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਦਾ ਅਲੌਕਿਕ ਨਜ਼ਾਰਾ ਹੋਇਆ ਸੀ। ਕਰਤਾਰ ਸਿੰਘ ! ਉਹ ਰਸ ਕਥਨ ਨਹੀਂ ਕੀਤਾ ਜਾ ਸਕਦਾ।"

ਇਹ ਬਚਨ ਸੁਣ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਬਹੁਤ ਸਮਾਂ ਦੇਸ ਕਾਲ ਭੁੱਲਿਆ ਰਿਹਾ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਬਹੁਤ ਦੇਰ ਚੁੱਪ ਵੱਟੀ ਰੱਖੀ ਤੇ ਇਸ਼ਾਰਾ ਪਾ ਕੇ ਫਿਰ ਅੱਗੇ ਬਾਣੀ ਸੁਨਾਉਣ ਲੱਗ ਪਏ। ਮਹਾਂਪੁਰਖਾਂ ਨੇ ਬੜੇ ਪਿਆਰ ਨਾਲ ਜਗਿਆਸੂ ਦੇ ਮਸਤਕ ਵੱਲ ਨੀਝ ਲਾ ਕੇ ਵੇਖਿਆ ਤੇ ਇਸ ਕੁਦਰਤੀ ਬਖ਼ਸ਼ਿਸ਼, ਅਮੋਲਕ ਹੀਰੇ ਨੂੰ, ਜੌਹਰੀ ਦੀ ਨਿਗ੍ਹਾ ਨਾਲ ਪਰਖ ਕੇ, ਭਵਿੱਖਤ ਵਿਚ ਟਕਸਾਲ ਦੇ ਹੀਰਿਆਂ ਦੇ ਹਾਰ ਵਿਚ ਪਰੋ ਦਿੱਤਾ ਤੇ ਗਲ ਨਾਲ ਲਾ ਲਿਆ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਕਦੇ-ਕਦੇ ਮਸਤੀ ਵਿਚ ਆ ਕੇ ਪ੍ਰੇਮ ਨਾਲ ਗੁਰਬਾਣੀ ਦੀ ਇਹ ਪੰਗਤੀ ਪੜ੍ਹਿਆ ਕਰਦੇ :–

DAMDAMI TAKSAAL.org



*'ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥'*

[ਸਾਰਗ ਮਹਲਾ ੫, ਅੰਗ–੧੨੩੦]

ਮਹਾਂਪੁਰਖਾਂ ਦੀ ਅਪਾਰ ਬਖ਼ਸ਼ਿਸ਼ ਸਦਕਾ ਦਾਸ ਪਟਿਆਲੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕਥਾ ਵਾਚਕ ਹੈੱਡ ਗ੍ਰੰਥੀ ਦੀ ਸੇਵਾ ਕਰਨ ਲੱਗਾ। ਸੰਗਤ, ਸ਼੍ਰੋਮਣੀ ਕਮੇਟੀ ਅਤੇ ਸਟਾਫ਼ ਵੱਲੋਂ ਦਾਸ ਨੂੰ ਕਾਫ਼ੀ ਮਾਣ ਪ੍ਰਾਪਤ ਸੀ। ਦਾਸ ਨੇ ਜਥੇ ਵਿਚ ਆ ਕੇ ਮਹਾਂਪੁਰਖਾਂ ਪਾਸ ਬੇਨਤੀ ਕੀਤੀ ਕਿ ਉਹ ਜਥੇ ਸਮੇਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਅਤੇ ਸੰਤ ਬਾਬਾ ਠਾਕੁਰ ਸਿੰਘ ਜੀ ਦੀ ਮਹਾਨ ਪ੍ਰੇਰਨਾ ਦਾ ਸਦਕਾ ਸੰਤਾਂ ਨੇ ਜਥੇ ਸਮੇਤ ਪਟਿਆਲੇ ਦਰਸ਼ਨ ਦੇਣ ਦੀ ਪ੍ਰਵਾਨਗੀ ਦੇ ਦਿੱਤੀ।

ਜਥਾ ਅਗਸਤ, ੧੯੬੪ ਈਃ ਵਿਚ ਪਟਿਆਲੇ ਪੁੱਜਾ। ਸਵੇਰ ਸਮੇਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕਥਾ ਹੁੰਦੀ। ਸ਼ਾਮ ਵੇਲੇ ਅਮਰ ਆਸ਼ਰਮ ਜੋ ਸ: ਅਮਰ ਸਿੰਘ ਨੇ ਬਣਾਇਆ ਹੈ, ਉਥੇ ਵੀ ਕਥਾ ਹੁੰਦੀ। ਜਥੇ ਦਾ ਉਤਾਰਾ ਗੁਰਦੁਆਰਾ ਸਾਹਿਬ ਵਿਖੇ ਸੀ ਅਤੇ ਮਹਾਂਪੁਰਖਾਂ ਸਮੇਤ ਕੁਝ ਸਿੰਘ ਸ: ਮੇਹਰ ਸਿੰਘ ਦੇ ਮਾਤਾ ਪਿਤਾ ਦੀ ਕੋਠੀ ਵਿਚ ਠਹਿਰੇ ਸਨ। ਲੰਗਰ ਦਾ ਪ੍ਰਬੰਧ ਵੀ ਏਥੇ ਕੋਠੀ ਵਿਚ ਹੀ ਸੀ। ਹਰ ਤਰ੍ਹਾਂ ਦਾ ਪ੍ਰਬੰਧ ਸੰਗਤ ਦੇ ਸਹਿਯੋਗ ਨਾਲ ਦਾਸ (ਗਿਆਨੀ ਪ੍ਰੀਤਮ ਸਿੰਘ) ਹੀ ਕਰਦਾ ਸੀ। ਸ਼ਹਿਰ ਦੀ ਸੰਗਤ ਦੇ ਇਲਾਵਾ ਪਿੰਡਾਂ ਦੀ ਸੰਗਤ ਵੀ ਕਾਫ਼ੀ ਗਿਣਤੀ ਵਿਚ ਆਉਂਦੀ। ਹਰ ਰੋਜ਼ ਰੌਣਕ ਵਧ ਰਹੀ ਸੀ। ਜਥੇ ਵਿਚ ਚੱਲ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਨ ਹੋਣੀ ਸੀ।

੨ ਸਤੰਬਰ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੀ ਗੈਲਰੀ ਵਿਚ ੧੩ ਸ੍ਰੀ ਅਖੰਡ ਪਾਠ ਸਾਹਿਬਾਂ ਦਾ ਆਰੰਭ ਹੋਇਆ। ੪ ਸਤੰਬਰ ਨੂੰ ਸ੍ਰੀ ਅਖੰਡ ਪਾਠਾਂ ਦਾ ਭੋਗ ਪੰਚਮੀ ਵਾਲੇ ਦਿਨ ਪਿਆ। ਪੰਚਮੀ 'ਤੇ ਬਾਹਰੋਂ ਆਈ ਸੰਗਤ ਅਤੇ ਸ਼ਹਿਰ ਦੀ ਸੰਗਤ ਦਾ ਭਾਰੀ ਇਕੱਠ ਸੀ। ਵੱਡੇ ਪੰਡਾਲ ਵਿਚ ਸੱਜੇ ਦੀਵਾਨ ਵਿਚ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਥੇ ਵਿਚ ਚੱਲ ਰਹੀ ਕਥਾ ਦਾ ਭੋਗ ਪਾਇਆ। ਗੁਣੀਆਂ ਗਿਆਨੀਆਂ, ਸੰਤ ਫ਼ਤਹਿ ਸਿੰਘ ਜੀ ਅਤੇ ਹੋਰ ਸਾਧੂ ਮਹਾਤਮਾਂ ਨੇ ਦਰਸ਼ਨ ਦਿੱਤੇ ਅਤੇ ਦੀਵਾਨ ਵਿਚ ਸ੍ਰੀ ਦਮਦਮੀ ਟਕਸਾਲ, ਜੋ ਮਹਾਂਪੁਰਖਾਂ ਦੇ ਮਹਾਨ ਉੱਦਮ ਸਦਕਾ ਚੱਲਦੀ ਫਿਰਦੀ ਯੂਨੀਵਰਸਿਟੀ ਦਾ ਰੂਪ ਧਾਰਨ ਕਰ ਗਈ ਹੈ, ਦੀ ਸਿਫ਼ਤ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਮਹਾਂਪੁਰਖਾਂ ਨੂੰ ਸਿਰੋਪਾਓ ਦਿੱਤਾ ਗਿਆ। ਮਹਾਂਪੁਰਖਾ ਨੇ ਮਾਇਆ ਵਾਪਸ ਕਰ ਦਿੱਤੀ ਅਤੇ ਪ੍ਰੇਮ ਵਿਚ ਆ ਕੇ ਕਹਿਣ ਲੱਗੇ, "ਸੰਗਤ ਜੀ ! ਭਾਈ ਪ੍ਰੀਤਮ ਸਿੰਘ ਲਿਖਾਰੀ ਜਿਹੜੇ ਜਥੇ ਵਿਚ ਰਹਿ ਕੇ ਮਿਹਨਤ ਕਰਕੇ ਵਿੱਦਿਆ ਪੜ੍ਹੇ ਅਤੇ ਸਾਡੀ ਮਹਾਨ ਪ੍ਰਸੰਨਤਾ ਪ੍ਰਾਪਤ ਕੀਤੀ, ਉਹ ਹੁਣ ਏਥੇ ਕਥਾ ਤੇ ਸੇਵਾ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰਸੰਨਤਾ ਪ੍ਰਾਪਤ ਕਰ ਰਹੇ ਹਨ ਅਤੇ ਉਹਨਾਂ

ਏਥੇ ਜਥੇ ਦਾ ਪ੍ਰੋਗਰਾਮ ਬਣਾ ਕੇ ਮਹਾਨ ਸੇਵਾ ਕੀਤੀ ਹੈ। ਇਹ ਤੁਹਾਡਾ ਦਿਤਾ
ਸਿਰੋਪਾਓ ਦਾਸ ਜਥੇ ਵੱਲੋਂ ਇਹਨਾਂ ਨੂੰ ਦਿੰਦਾ ਹੈ। ਸਤਿਗੁਰੂ ਇਹਨਾਂ ਦੇ ਗੁਣਾਂ
ਵਿਚ ਵਾਧਾ ਕਰਨ ਤੇ ਇਹ ਏਸੇ ਤਰ੍ਹਾਂ ਨਿਮਰਤਾ ਵਿਚ ਰਹਿ ਕੇ ਸੇਵਾ ਕਰਦੇ ਰਹਿਣ।
ਪੜ੍ਹੀ ਹੋਈ ਵਿੱਦਿਆ ਸਿੱਖੀ ਪ੍ਰਚਾਰ ਰਾਹੀਂ ਸਫਲੀ ਹੋਵੇ।"

ਇਸ ਸਮਾਗਮ 'ਤੇ ਗੁਰੂ ਕੇ ਲੰਗਰ ਵਿਚ ਅਨੇਕਾਂ ਕਿਸਮ ਦੇ ਪਦਾਰਥ ਬਣਾਏ
ਗਏ ਸਨ, ਜੋ ਸੰਗਤਾਂ ਨੇ ਛਕੇ। ਮਹਾਂਪੁਰਖਾਂ ਦੀ ਜੈ-ਜੈਕਾਰ ਕਰਦੀਆਂ ਹੋਈਆਂ
ਸੰਗਤਾਂ ਘਰਾਂ ਨੂੰ ਗਈਆਂ।

ਦੂਜੀ ਵਾਰ ਪਟਿਆਲੇ ਮਹਾਂਪੁਰਖਾਂ ਦਾ ਪ੍ਰੋਗਰਾਮ ਦਾਸ ਨੇ ਸੰਨ ੧੯੬੯ ਈ:
ਵਿਚ ਬਣਾਇਆ। ਮਹਾਂਪੁਰਖ ੧੫ ਜੂਨ ਤੋਂ ੭ ਜੁਲਾਈ ਤਕ ਉਥੇ ਰਹੇ। ਮਹਾਂਪੁਰਖਾਂ
ਦਾ ਉਤਾਰਾ ਸ: ਅਮਰ ਸਿੰਘ ਜੀ ਦੀ ਕੋਠੀ ਵਿਚ ਸੀ ਅਤੇ ਜਥੇ ਦਾ ਉਤਾਰਾ ਸ:
ਅਮਰ ਸਿੰਘ ਨੇ ਆਪਣੀ ਜ਼ਮੀਨ ਵਿਚ ਆਪਣੇ ਨਾਮ 'ਤੇ ਬਣਾਏ ਅਮਰ ਆਸ਼ਰਮ
ਵਿਚ ਕਰਵਾਇਆ ਸੀ। ਲੰਗਰ ਦਾ ਪ੍ਰਬੰਧ ਵੀ ਏਥੇ ਹੀ ਸੀ। ਸਵੇਰ ਦੀ ਕਥਾ ਸੰਤ
ਜੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕਰਦੇ ਅਤੇ ਸ਼ਾਮ ਦੀ ਕਥਾ ਅਮਰ
ਆਸ਼ਰਮ ਵਿਚ ਕਰਦੇ ਸਨ। ਸੈਂਕੜਿਆਂ ਦੀ ਗਿਣਤੀ ਵਿਚ ਦੋਹਾਂ ਥਾਵਾਂ 'ਤੇ ਸੰਗਤ
ਹਾਜ਼ਰੀਆਂ ਭਰ ਕੇ ਕਥਾ-ਕੀਰਤਨ ਦਾ ਰਸ ਮਾਣਦੀ। ਮਹਾਂਪੁਰਖਾਂ ਦਾ ਪਰਿਵਾਰ ਨਾਲ
ਸੀ। ਸੰਤਾਂ ਦੇ ਭੁਝੰਗੀ ਭਾਈ ਭਗਵਾਨ ਸਿੰਘ ਜੀ ਕੀਰਤਨ ਕਰਦੇ। ਕੀਰਤਨ ਵਿਚ
ਬੜਾ ਰਸ ਸੀ। ਸ਼ਹਿਰ ਦੇ ਪਤਵੰਤੇ ਸੰਗਤਾਂ ਨਾਲ ਮਿਲ ਕੇ ਲੰਗਰ ਦਾ ਪ੍ਰਬੰਧ ਕਰਦੇ।
ਚੁਗਿਰਦੇ ਮਹਾਂਪੁਰਖਾਂ ਦੇ ਪੜ੍ਹੇ ਹੋਏ ਵਿਦਿਆਰਥੀ, ਸ਼ਰਧਾਲੂ, ਸ਼ਹਿਰ ਦੀਆਂ ਪ੍ਰੇਮੀ
ਸੰਗਤਾਂ ਦਾ ਸਾਰਾ ਦਿਨ ਜੋੜ ਮੇਲਾ ਲੱਗਾ ਰਹਿੰਦਾ। ਲੰਗਰ ਵਿਚ ਪਦਾਰਥਾਂ ਦੀ ਕੋਈ
ਕਮੀ ਨਾ ਰਹਿੰਦੀ। ਪ੍ਰੇਮੀਆਂ ਨੇ ਵਿਦਿਆਰਥੀਆਂ ਵਾਸਤੇ ਗਾਤਰੇ ਬਣਾ ਕੇ ਦਿੱਤੇ।
ਮਹੀਨੇ ਬਾਅਦ ਜਦੋਂ ਮਹਾਂਪੁਰਖਾਂ ਦੇ ਜਾਣ ਦਾ ਸਮਾਂ ਨੇੜੇ ਆਇਆ ਤਾਂ ਹਜ਼ਾਰਾਂ ਦੀ
ਗਿਣਤੀ ਵਿਚ ਸੰਗਤਾਂ ਕਥਾ-ਕੀਰਤਨ ਦਾ ਰਸ ਮਾਣਦੀਆਂ। ਲੰਗਰ ਵਾਲੇ ਪ੍ਰੇਮੀਆਂ
ਨੂੰ ਸੇਵਾ ਕਰਨ ਦਾ ਸਮਾਂ ਹੀ ਨਾ ਮਿਲਿਆ। ਅਖ਼ੀਰਲੇ ਦਿਨ ਵੱਡੇ ਭੰਡਾਰੇ ਵਿਚ
ਸਾਰਿਆਂ ਦਾ ਹਿੱਸਾ ਪਾ ਦਿੱਤਾ। ਅਖ਼ੀਰਲਾ ਭਾਰੀ ਦੀਵਾਨ ਸੱਜਿਆ। ਹਜ਼ਾਰਾਂ ਦੀ
ਗਿਣਤੀ ਵਿਚ ਇਕੱਠ ਸੀ। ਸ਼ਹਿਰ ਦੇ ਪਤਵੰਤੇ ਪ੍ਰੇਮੀ ਹਾਜ਼ਰ ਸਨ। ਗਿਆਨੀ ਲਾਲ
ਸਿੰਘ ਜੀ ਡਾਇਰੈਕਟਰ ਭਾਸ਼ਾ ਵਿਭਾਗ ਵਾਲੇ, ਗਿਆਨੀ ਗੁਰਦਿੱਤ ਸਿੰਘ ਜੀ ਸਿੰਘ
ਸਭਾ ਸ਼ਤਾਬਦੀ ਵਾਲੇ, ਡਾ. ਅਮੀਰ ਸਿੰਘ ਜੀ ਸੇਠੀ, ਸ: ਸਰਦਾਰਾ ਸਿੰਘ ਜੀ ਕੋਹਲੀ,
ਡਾ. ਸਰਮੁਖ ਸਿੰਘ ਜੀ ਆਦਿ ਏਨੇ ਸੱਜਣ ਸਨ ਕਿ ਜੇਕਰ ਸਾਰਿਆਂ ਦੇ ਨਾਮ ਲਿਖਾਂ
ਤਾਂ ਕਿਤਾਬ ਦਾ ਅਕਾਰ ਵਧ ਜਾਏਗਾ। ਅਖ਼ੀਰ ਵਿਚ ਮਹਾਂਪੁਰਖਾਂ ਨੂੰ ਸਿਰੋਪਾਉ ਦਾਸ
ਨੇ ਅਤੇ ਅਮਰ ਸਿੰਘ ਜੀ ਨੇ ਦਿੱਤਾ। ਭਾਈ ਭਗਵਾਨ ਸਿੰਘ ਜੀ ਨੂੰ ਸਿਰੋਪਾਉ ਭਾਈ
ਸਰਮੁਖ ਸਿੰਘ ਜੀ ਨੇ ਦਿੱਤਾ। ਮਹਾਂਪੁਰਖਾਂ ਦੀ ਬਖ਼ਸ਼ਿਸ਼ ਜੋ ਪਟਨਾ ਸਾਹਿਬ ਤਖ਼ਤ ਵਿਖੇ
ਟਕਸਾਲ ਦੇ ਆਉਂਦੇ ਮੁਖੀ ਹੋਣ ਦੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ'

DAMDAMI TAKSAAL.ORG



'ਤੇ ਹੋਈ ਸੀ, ਏਥੇ ਪਟਿਆਲੇ ਵਿਖੇ ਪਹਿਲੀ ਵਾਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਸ਼ਹਿਰ ਦੀ ਸੰਗਤ ਵੱਲੋਂ ਅਤੇ ਪ੍ਰਬੰਧਕਾਂ ਵੱਲੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਦਾਸ ਨੇ ਸਿਰੋਪਾਉ ਭੇਟ ਕੀਤਾ।

ਏਸੇ ਸਾਲ ਦਸੰਬਰ ਦੇ ਅਖ਼ੀਰਲੇ ਹਫ਼ਤੇ ਮਹਾਂਪੁਰਖਾਂ ਦਾ ਸਰੀਰ ਢਿੱਲਾ ਹੋਣ ਕਰਕੇ ਮਹਾਂਪੁਰਖਾਂ ਨੇ ਕੁਝ ਗੜਵਈ ਸਿੰਘਾਂ ਸਮੇਤ ਪਟਿਆਲੇ ਦਾਸ (ਪ੍ਰੀਤਮ ਸਿੰਘ) ਦੇ ਘਰ ਉਤਾਰਾ ਕੀਤਾ। ਪਟਿਆਲੇ ਹੀ ਪਰਮ ਸ਼ਰਧਾਲੂ ਭਾਈ ਉਪਕਾਰ ਸਿੰਘ ਜੀ ਬੇਦੀ ਜੋ ਮਹਾਂਪੁਰਖਾਂ ਦਾ ਮਹਾਨ ਪ੍ਰੇਮੀ ਸੀ, ਕਈ ਵਾਰ ਇਹਨਾਂ ਦੇ ਘਰ ਵੀ ਮਹਾਂਪੁਰਖ ਠਹਿਰਦੇ ਸਨ। ਮਹਾਂਪੁਰਖਾਂ ਦੇ ਸਰੀਰ ਦਾ ਇਲਾਜ ਇਹਨਾਂ ਰਾਹੀਂ ਰਜਿੰਦਰਾ ਹਸਪਤਾਲ ਵਿਖੇ ਪ੍ਰੇਮੀ ਡਾਕਟਰ ਕਰਦੇ। ਅੱਜ ਵੀ ਬੇਦੀ ਜੀ ਸਮੇਤ ਡਾਕਟਰ ਦਾਸ ਦੇ ਘਰ ਆਏ। ਸੰਤਾਂ ਨਾਲ ਰਾਏ ਕਰਕੇ ਅਗਲੇ ਦਿਨ ਹਸਪਤਾਲ ਦਾਖ਼ਲ ਹੋ ਗਏ। ਚਉਥੇ ਦਿਨ ਜਦੋਂ ਧੁੰਨੀ ਦਾ ਅਪਰੇਸ਼ਨ ਕਰਨ ਲੱਗੇ ਤਾਂ ਬਲੱਡ ਪ੍ਰੈਸ਼ਰ ਹਾਈ ਸੀ। ਇਸ ਕਰਕੇ ਅਪਰੇਸ਼ਨ ਨਾ ਕੀਤਾ ਗਿਆ। ਸਪੈਸ਼ਲ ਰੂਮ ਵਿਚ ਵਾਪਸ ਆ ਗਏ। ਪ੍ਰਸ਼ਾਦਾ ਮਹਾਂਪੁਰਖਾਂ ਦਾ ਦਾਸ ਦੇ ਘਰੋਂ ਜਾਂਦਾ ਸੀ।

ਇਕ ਦਿਨ ਜਦੋਂ ਸੰਤ ਬਾਬਾ ਠਾਕੁਰ ਸਿੰਘ ਜੀ ਪ੍ਰਸ਼ਾਦਾ ਲੈਣ ਆਏ ਤਾਂ ਮਹਾਂਪੁਰਖ ਹਸਪਤਾਲ ਤੋਂ ਸਿੰਘਾਂ ਨੂੰ ਨਾਲ ਲੈ ਕੇ ਦਾਸ ਦੇ ਘਰ ਆ ਗਏ ਅਤੇ ਕਹਿਣ ਲੱਗੇ ਕਿ ਅਪਰੇਸ਼ਨ ਨਹੀਂ ਕਰਵਾਉਣਾ। ਰੋਮ ਕੱਟੇ ਜਾਣਗੇ। ਡਾਕਟਰਾਂ ਨੂੰ ਪਤਾ ਲੱਗਾ। ਬੇਦੀ ਜੀ ਦੇ ਨਾਲ ਡਾਕਟਰ ਰਾਤ ਨੂੰ ਘਰ ਆ ਗਏ। ਬਹੁਤ ਬੇਨਤੀਆਂ ਕੀਤੀਆਂ, "ਜੀ! ਹੁਣ ਸਾਰਾ ਪ੍ਰਬੰਧ ਕੀਤਾ ਹੋਇਐ, ਰੋਮ ਵੀ ਨਹੀਂ ਕੱਟੇ ਜਾਣਗੇ। ਧੁੰਨੀ ਵਿਚ ਪਾਣੀ ਪੈ ਕੇ ਕਾਫ਼ੀ ਵੱਡੀ ਹੋ ਗਈ ਹੈ, ਅਪਰੇਸ਼ਨ ਨਾਲ ਠੀਕ ਹੋ ਜਾਵੇਗੀ।"

ਮਹਾਂਪੁਰਖਾਂ ਡਾਕਟਰਾਂ ਦੀਆਂ ਅਨੇਕਾਂ ਦਲੀਲਾਂ 'ਤੇ ਪਾਣੀ ਫੇਰ ਦਿੱਤਾ। ਜਦੋਂ ਅਗੰਮੀ ਗੱਲ ਦੱਸ ਦਿੱਤੀ, "ਬੇਦੀ ਜੀ! ਤੁਹਾਡਾ ਸਾਰਿਆਂ ਦਾ ਵੀਚਾਰ ਹੈ ਕਿ ਮੇਰਾ ਸਰੀਰ ਹਸਪਤਾਲ ਵਿਚ ਚੜ੍ਹਾਈ ਕਰੇ। ਮੇਰੀ ਅਰਦਾਸ ਹੈ ਕਿ ਮੇਰਾ ਸਰੀਰ ਸੰਗਤ ਵਿਚ ਚੜ੍ਹਾਈ ਕਰੇ। ਬੱਸ ਤੁਹਾਡਾ ਤੇ ਮੇਰਾ ਇਤਨਾ ਹੀ ਫ਼ਰਕ ਹੈ।"

ਇਹ ਗੱਲ ਸੁਣ ਕੇ ਅਸੀਂ ਸਾਰੇ ਹੈਰਾਨਗੀ ਵਿਚ ਚੁੱਪ ਹੋ ਗਏ। ਬੇਦੀ ਜੀ ਸਮੇਤ ਸਾਰੇ ਡਾਕਟਰ ਤੁਰ ਗਏ। ਸ਼ਾਮ ਨੂੰ ਲੰਗਰ ਛਕਣ ਬਾਅਦ ਰਾਤ ਦੇ ਦਸ ਕੁ ਵਜੇ ਸੰਤ ਮਹਾਰਾਜ ਜੀ ਕਹਿਣ ਲੱਗੇ, "ਵਿਦਿਆਰਥੀਓ! ਅਸੀਂ ਜ਼ਿੰਦਗੀ ਵਿਚ ਰੱਜ ਕੇ ਨਿੱਤਨੇਮ ਕੀਤਾ, ਸਿਮਰਨ ਕੀਤਾ, ਸੇਵਾ ਕੀਤੀ, ਸਿੰਘਾਂ ਨੂੰ ਪੜ੍ਹਾਇਆ ਹੈ, ਹੁਣ ਨਿਰ ਇੱਛਤ ਹਾਂ। ਬੱਸ ਇਕੋ ਬੇਨਤੀ ਹੈ ਕਿ ਸਰੀਰ ਜਦੋਂ ਚੜ੍ਹਾਈ ਕਰੇ, ਸਸਕਾਰ ਸ੍ਰੀ ਕੀਰਤਪੁਰ ਸਾਹਿਬ ਕਰਿਓ। ਕੋਈ ਯਾਦਗਾਰ ਨਹੀਂ ਬਨਾਉਣੀ। ਮਗਰੋਂ ਸਾਰੀ ਰਾਖ ਜਲ ਪ੍ਰਵਾਹ ਕਰ ਦਿਓ।"

ਇਹ ਬਚਨ ਬੜੇ ਹਿਰਦੇ ਵੇਧਕ ਸਨ, ਅਸੀਂ ਚਾਰ-ਪੰਜ ਸਿੰਘ ਸੁਣ ਕੇ ਸੁੰਨ ਹੋ ਗਏ। ਨੇਤਰ ਜਲ ਨਾਲ ਭਰ ਗਏ, ਪਰ ਅੱਗੋਂ ਕੋਈ ਹੋਰ ਬਚਨ ਪੁੱਛ ਨਾ ਸਕੇ। ਸੰਤਾਂ ਹੋਰ ਬਚਨ ਕਰਨੇ ਸ਼ੁਰੂ ਕਰ ਦਿੱਤੇ। ਰਾਤ ਅਰਾਮ ਕੀਤਾ। ਅਗਲੇ ਦਿਨ ਦਾਸ ਦੇ ਘਰੋਂ ਚਾਲੇ ਪਾ ਕੇ ਪਿੰਡ ਭੂਰੇ ਪੁੱਜੇ, ਜੋ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਪਿੰਡ ਹੈ। ਮਾਘੀ ਦਾ ਜੋੜ ਮੇਲਾ ਏਥੇ ਮਨਾਇਆ। ਸੇਵਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਬਾਬਾ ਹਰਨਾਮ ਸਿੰਘ ਜੀ, ਭਾਈ ਸ਼ਿੰਗਾਰਾ ਸਿੰਘ ਜੀ, ਗ੍ਰੰਥੀ ਗੁਰਦੀਪ ਸਿੰਘ ਜੀ, ਭਾਈ ਰਛਪਾਲ ਸਿੰਘ ਜੀ, ਭਾਈ ਸੁਰਜੀਤ ਸਿੰਘ ਜੀ ਅਤੇ ਭਾਈ ਕਰਤਾਰ ਸਿੰਘ ਜੀ ਦਰਵੇਸ਼ ਨੇ ਕੀਤੀ।

## ਸਾਧੂ ਸਮਾਜ ਦੀ ਭਿੰਡਰਗੀਂ ਮੀਟਿੰਗ 'ਤੇ ਕਮੇਟੀ ਬਣੀ

*'ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥'*

[ਸਲੋਕ ਮਹਲਾ ੧, ਅੰਗ–੧੪੧੨]

ਜੁਗੋ ਜੁਗ ਅਟੱਲ ਗੁਰਬਾਣੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਕੁ ਪ੍ਰਬੰਧਕਾਂ ਵੱਲੋਂ ਮੰਗਲਾਂ ਵਿਚ ਫ਼ਰਕ ਪਾਇਆ ਗਿਆ, ਜਿਸ ਦਾ ਸਾਰੇ ਸਿੱਖ ਜਗਤ ਵਿਚ ਬਹੁਤ ਰੋਸ ਹੋਇਆ। ਖ਼ਾਸ ਕਰਕੇ ਗੁਰੂ ਘਰ ਦੇ ਮਹਾਨ ਸੇਵਾਦਾਰ ਸੰਤਾਂ-ਮਹਾਤਮਾਂ ਨੇ ਰਲ ਕੇ ਇਹ ਬੀੜਾ ਚੁੱਕਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਪ੍ਰਾਪਤ ਸਰੂਪ ਜਿਉਂ ਦਾ ਤਿਉਂ ਹੀ ਰਹਿਣਾ ਚਾਹੀਦਾ ਹੈ। ਕਿਸੇ ਪ੍ਰਕਾਰ ਦਾ ਫ਼ਰਕ ਨਹੀਂ ਪੈਣ ਦੇਣਾ ਚਾਹੀਦਾ। ਮਹਾਤਮਾਂ, ਸੰਸਥਾਵਾਂ, ਜਥੇਬੰਦੀਆਂ ਨੇ ਇਕ ਮੁੱਠ ਹੋ ਕੇ ਕਈ ਥਾਵਾਂ 'ਤੇ ਇਕੱਤ੍ਰਤਾਵਾਂ ਕੀਤੀਆਂ। ਸ੍ਰੀ ਅੰਮ੍ਰਿਤਸਰ ਸਾਹਿਬ, ਕੀਰਤਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ, ਰਾੜਾ ਸਾਹਿਬ ਅਤੇ ਸਭ ਤੋਂ ਵੱਡੀ ਇਕੱਤ੍ਰਤਾ ਭਿੰਡਰਾਂ ਵਿਖੇ ੨੬ ਭਾਦਰੋਂ ੧੧-੯-੫੯ ਨੂੰ ਹੋਈ, ਜਿਸ ਵਿਚ ਸਿੱਖ ਕੌਮ ਦੇ ਤਕਰੀਬਨ ਸਾਰੇ ਹੀ ਮਹਾਤਮਾ ਇਕੱਠੇ ਹੋਇ ਸਨ, ਉਨ੍ਹਾਂ ਵੱਲੋਂ ਇਕ ਕਮੇਟੀ ਕਾਇਮ ਕੀਤੀ ਗਈ। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :–

੧. ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀਏ, ਪ੍ਰਧਾਨ ਪੰਚਾਇਤ।
੨. ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ।
੩. ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਡੇਰਾ ਕਰਮਸਰ।
੪. ਸੰਤ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਨਾਨਕਸਰ।
੫. ਸੰਤ ਬਾਬਾ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ।

ਉਪਰੋਕਤ ਪੰਜੇ ਮਹਾਂਪੁਰਖ ਪੰਚਾਇਤ ਦੇ ਮੁਖੀ ਸਨ।

DAMDAMI TAKSAAL.ORG



### ਪੰਚਾਇਤ ਦੀ ਸਹਾਇਕ ਕੌਂਸਲ ਦੇ ਮੈਂਬਰਾਂ ਦੇ ਨਾਮ

੧. ਬਾਬਾ ਸੋਹਨ ਸਿੰਘ ਜੀ ਨਿਹੰਗ ਬਿਧੀਚੰਦੀਏ, ਸੁਰ ਸਿੰਘ।
੨. ਬਾਬਾ ਬਿਸ਼ਨ ਸਿੰਘ ਜੀ, ਬਾਬਾ ਬਕਾਲਾ।
੩. ਸੰਤ ਮਹਿੰਦਰ ਸਿੰਘ ਜੀ, ਡੇਰਾ ਸੰਤਗੜ੍ਹ ਹਰਖੋਵਾਲ।
੪. ਸੰਤ ਬਾਬਾ ਮੇਲਾ ਸਿੰਘ ਜੀ ਬੰਗੇ, ਪ੍ਰਧਾਨ ਨਿਰਮਲ ਮੰਡਲ ਦੁਆਬਾ।
੫. ਸ: ਸੰਤ ਸਿੰਘ ਜੀ, ਆਨਰੇਰੀ ਸਕੱਤਰ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ।
੬. ਸੰਤ ਬਾਬਾ ਵਸਾਖਾ ਸਿੰਘ ਜੀ, ਕਿਸ਼ਨਪੁਰਾ।
੭. ਗਿਆਨੀ ਕ੍ਰਿਪਾਲ ਸਿੰਘ ਜੀ, ਗਲੀ ਸੱਤੋਵਾਲੀ, ਅੰਮ੍ਰਿਤਸਰ।
੮. ਸੰਤ ਪੰਡਤ ਨਿਸਚਲ ਸਿੰਘ ਜੀ, ਸੰਤਪੁਰਾ, ਯਮੁਨਾ ਨਗਰ, ਅੰਬਾਲਾ।
੯. ਸੰਤ ਨੰਦ ਸਿੰਘ ਜੀ, ਰਾਮਗੜ੍ਹ, ਜਗਰਾਉਂ।
੧੦. ਸੰਤ ਨਰਿੰਜਨ ਸਿੰਘ ਜੀ ਮੋਹੀ ਵਾਲੇ, ਜ਼ਿਲ੍ਹਾ ਲੁਧਿਆਣਾ।
੧੧. ਗਿਆਨੀ ਨਰਿੰਜਨ ਸਿੰਘ ਜੀ, ਪਟਿਆਲਾ।
੧੨. ਸੰਤ ਗਿਆਨੀ ਅਜੈਬ ਸਿੰਘ ਜੀ ਬੋਪਾਰਾਇ ਲੰਮੇ।
੧੩. ਸੰਤ ਮੀਹਾਂ ਸਿੰਘ ਜੀ ਸਿਆੜ ਵਾਲੇ, ਲੁਧਿਆਣਾ।
੧੪. ਸੰਤ ਰਣ ਸਿੰਘ ਜੀ, ਡੇਰਾ ਬਾਬਾ ਖੜਕ ਸਿੰਘ ਜੀ, ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ।
੧੫. ਸੰਤ ਗੁਰਬਚਨ ਸਿੰਘ ਜੀ ਵੈਦ, ਬਾਹੋਮਾਜਰਾ।
੧੬. ਬਾਬਾ ਤੇਜਾ ਸਿੰਘ ਜੀ ਡਬਲ ਐਮ.ਏ., ਨਾਨਕਸਰ ਚੀਮੇ।
੧੭. ਜਥੇਦਾਰ ਬਚਿੱਤਰ ਸਿੰਘ ਜੀ, ਰੇਰੂ ਸਾਹਿਬ।
੧੮. ਗਿਆਨੀ ਹਰਭਗਤ ਸਿੰਘ ਜੀ, ਖ਼ਾਲਸਾ ਨੈਸ਼ਨਲ ਸਕੂਲ, ਲੁਧਿਆਣਾ।
੧੯. ਸੰਤ ਸੰਤੋਖ ਸਿੰਘ ਜੀ ਰਾਗੀ, ਅੰਬਾਲਾ।
੨੦. ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਲੰਡੇ।
੨੧. ਰਾਗੀ ਬਲਵੰਤ ਸਿੰਘ ਜੀ, ਕਿਲ੍ਹਾ ਰਾਇਪੁਰ।
੨੨. ਅਕਾਲੀ ਟਹਿਲ ਸਿੰਘ ਜੀ ਨਿਹੰਗ, ਵੈਦਰਾਜ ਸੇਵਕ ਸੰਤ ਸਮਾਜ।
੨੩. ਸੰਤ ਮਾਨ ਸਿੰਘ ਜੀ, ਨੰਗਲ, ਹੁਸ਼ਿਆਰਪੁਰ।
੨੪. ਸੰਤ ਜਵਾਲਾ ਸਿੰਘ ਜੀ, ਕਹਾਰਪੁਰੀਏ।
੨੫. ਸੰਤ ਗਿਆਨੀ ਇੰਦਰ ਸਿੰਘ ਜੀ ਭਿੰਡਰਾਂਵਾਲੇ।
੨੬. ਸੰਤ ਕਰਤਾਰ ਸਿੰਘ ਜੀ ਪਠਲਾਵੇ ਵਾਲੇ।
੨੭. ਸੰਤ ਸਰਵਨ ਸਿੰਘ ਜੀ ਡੁਮੇਲੀ।

ਜਿਨ੍ਹਾਂ ਦੀ ਖੋਜ ਅਤੇ ਮਿਹਨਤ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਦੇ ਪ੍ਰਧਾਨ ਸਚਖੰਡਵਾਸੀ ਸੰਤ ਚੰਨਣ ਸਿੰਘ ਜੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਚਖੰਡਵਾਸੀ ਸੰਤ ਫ਼ਤਹਿ ਸਿੰਘ ਜੀ ਨੇ ਖ਼ਾਸ ਦਿਲਚਸਪੀ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਮੈਂਬਰ ਦਿੱਤੇ। ਬਹੁਤ ਮੀਟਿੰਗਾਂ ਉਪਰੰਤ ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਗੁਰਤਾ ਪ੍ਰਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਅਧਾਰ 'ਤੇ ਅਤੇ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸਾਰੇ ਮੰਗਲ ਛਾਪੇ ਜਾਣ।

## ਸੰਤਾਂ ਨੇ ਮੰਗਲਾਂ ਦੀ ਸੇਵਾ ਕਰਾ ਕੇ ਬਖ਼ਸ਼ਿਸ਼ ਸਿਰੋਪਾਉ ਦੇਣਾ

ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਬਲਾਕ ਬਣਾ ਕੇ ਛਾਪੀ ਸੀ। ਹੁਣ ੧੪੩੦ ਬਲਾਕਾਂ ਦੇ ਮੰਗਲਾਂ ਵਾਲੇ ਹਿੱਸੇ ਦੇ ਅੱਖਰ ਉੱਤੇ ਹੇਠਾਂ ਕਰਨੇ ਸਨ। ਪਾਠਾਂ ਦੀ ਸੁਧਾਈ ਕਰਨੀ ਸੀ। ਇਸ ਮਹਾਨ ਕੰਮ ਵਾਸਤੇ ਪੈਸੇ ਦੀ ਅਤੇ ਵਿਦਵਾਨ ਸਿੰਘਾਂ ਦੀ ਲੋੜ ਸੀ, ਜੋ ਸਮਾਂ ਲਾ ਸਕਣ। ਸਾਧੂ ਸਮਾਜ ਵਿਚ ਇਹ ਸਾਰਾ ਕਾਰਜ ਕਰਨ ਵਾਲਾ ਕੋਈ ਨਹੀਂ ਸੀ ਦਿਸਦਾ। ਜਿਸ ਕਰਕੇ ਸ਼੍ਰੋਮਣੀ ਕਮੇਟੀ ਨੇ ਅਤੇ ਸਾਧੂ ਸਮਾਜ ਨੇ ਬ੍ਰਹਮ ਗਿਆਨੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਪਾਸ ਬੇਨਤੀ ਕੀਤੀ। ਮਹਾਂਪੁਰਖਾਂ ਨੇ ਇਸ ਕੰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। ਇਹ ਸੇਵਾ ਸਮਾਂ ਪਾ ਕੇ ਸੰਨ ੧੯੬੪ ਵਿਚ ਅਰੰਭ ਹੋਈ। ਮਹਾਂਪੁਰਖਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਗੜਵਈ ਦੀ ਡਿਊਟੀ ਲਾਈ ਅਤੇ ਜਥੇ ਦੇ ਹੋਰ ਦੋ ਤਿੰਨ ਸਿੰਘ ਕਰਤਾਰ ਸਿੰਘ ਜੀ 'ਪ੍ਰੇਮੀ', ਭੁਝੰਗੀ ਰੂਪ ਵਿਚ ਜਰਨੈਲ ਸਿੰਘ ਜੀ ਵੀ ਸਨ, ਜਿਨ੍ਹਾਂ ਸਾਰਾ ਸਮਾਂ ਰੋਟੀ-ਪਾਣੀ ਦੀ ਬੜੇ ਸ਼ੌਂਕ ਤੇ ਉੱਦਮ ਨਾਲ ਸੇਵਾ ਕੀਤੀ। ਮਹਾਨ ਉੱਚੀ-ਸੁੱਚੀ ਸੇਵਾ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਵਿਚ ਭੇਜਿਆ।

ਭਾਵੇਂ ਇਹਨੀਂ ਦਿਨੀਂ ਹਿੰਦ-ਪਾਕਿ ਜੰਗ ਜ਼ੋਰਾਂ 'ਤੇ ਚੱਲ ਰਹੀ ਸੀ। ਖੇਮਕਰਨ ਦਾ ਇਲਾਕਾ ਬਹੁਤ ਤਬਾਹ ਹੋਇਆ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਪਿੰਡ ਭੂਰੇ ਪੁਰਾਣੇ ਖੇਮਕਰਨ ਤੋਂ ਅੰਮ੍ਰਿਤਸਰ ਵਾਲੀ ਸੜਕ 'ਤੇ ਦੋ ਮੀਲ ਦੇ ਫਾਸਲੇ 'ਤੇ ਸਥਿੱਤ ਹੈ, ਪਰ ਆਪ ਜੀ ਦੀ ਆਗਿਆ ਸੀ ਕਿ ਇਹ ਸੇਵਾ ਛੱਡ ਕੇ ਕਿਤੇ ਏਧਰ-ਓਧਰ ਨਹੀਂ ਜਾਣਾ। ਇਸ ਕਰਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਨਗਰ ਨਿਵਾਸੀਆਂ ਦਾ ਅਤੇ ਪਰਿਵਾਰ ਦਾ ਵੀ ਪਤਾ ਨਹੀਂ ਸੀ ਲਿਆ, ਜੋ ਤੋਪਾਂ, ਟੈਂਕਾਂ, ਜੰਗੀ ਜਹਾਜ਼ਾਂ ਦੀ ਗੋਲਾਬਾਰੀ ਨਾਲ ਤਬਾਹ ਹੋ ਰਹੇ ਸਨ। ਅਰਦਾਸ ਸੀ ਕਿ ਆਪ ਹੀ ਸਤਿਗੁਰੂ ਜੀ ਸਹਾਇਤਾ ਕਰਨਗੇ।

ਜਥੇ ਦੇ ਕੁਝ ਸਿੰਘਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮੰਗਲ ਅਤੇ

DAMDAMI TAKSAAL.ORG



ਪਾਠ ਸੋਧ ਕੇ ਛਾਪੇ। ਇਸ ਸਮੇਂ ਮਹਾਂਪੁਰਖਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਇਕ ਭਾਰੀ ਪਰਖ ਕੀਤੀ, ਪਰ ਆਪ ਹੀ ਕਿਰਪਾ ਕਰਕੇ ਪੂਰਾ ਵੀ ਉਤਾਰ ਲਿਆ (ਇਸ ਬਾਰੇ ਪੂਰਨ ਵਿਸਥਾਰ, ਸਾਰੀਆਂ ਘਟਨਾਵਾਂ ਸਹਿਤ ਮਹਾਂਪੁਰਖਾਂ ਦੇ ਵੱਡੇ ਜੀਵਨ ਵਿਚ ਲਿਖਿਆ ਜਾਵੇਗਾ)। ਕੁਝ ਘਟਨਾਵਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜੀ ਦੇ ਜੀਵਨ ਵਿਚ ਲਿਖੀਆਂ ਸਨ, ਉਹਨਾਂ ਦਾ ਉਤਾਰਾ ਅੱਗੇ ਹੂ-ਬ-ਹੂ ਲਿਖਦਾ ਹਾਂ :—

ਫਿਰ ਅਗਲੇ ਸਾਲ ਗੁਰਬਾਣੀ ਦੇ ਬਲਾਕਾਂ ਦੀ ਸੁਧਾਈ ਸ਼ੁਰੂ ਹੋਈ, ਜਿਸ ਵਿਚ ਦਾਸ ਤੇ ਕਰਤਾਰ ਸਿੰਘ ਜੀ 'ਪ੍ਰੇਮੀ' ਦੀ ਡਿਊਟੀ ਲੱਗੀ। ਕਈ ਪ੍ਰਕਾਰ ਦੀਆਂ ਰੁਕਾਵਟਾਂ-ਦਿੱਕਤਾਂ ਦੇ ਹੁੰਦਿਆਂ ਹੋਇਆਂ ਵੀ ਸੇਵਾ ਸੰਪੂਰਨ ਹੋ ਗਈ। ਹੱਥੀਂ ਸੇਵਾ ਕਰਨ ਦਾ ਗੁਰੂ ਦੀ ਕਿਰਪਾ ਨਾਲ ਦਾਸ ਨੂੰ ਬਹੁਤ ਸਮਾਂ ਮਿਲਿਆ। ਬਲਾਕਾਂ ਦੇ ਬਨਾਉਣ ਦਾ, ਜੈਸਾ ਕਿ ਚਿਤਰ ਦੱਸ ਰਿਹਾ ਹੈ। ਇਸ ਸਮੇਂ ਸ੍ਰੀਮਾਨ ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ (ਸ੍ਰੀ ਅੰਮ੍ਰਿਤਸਰ) ਜੀ ਨੇ ਸਿੰਘਾਂ ਦੀ ਬਹੁਤ ਭਾਰੀ ਸੇਵਾ ਕੀਤੀ। ਮਾਈ ਝਾਈ ਜੀ ਵੀ ਬਹੁਤ ਸੇਵਾ ਕਰਦੇ ਰਹੇ। ਪਰ ਇਥੇ ਫਿਰ ਪਰਖ ਹੋਈ, ਜਦੋਂ ਕਿ ਬਿਰਧ ਮਾਤਾ ਹਰਬੰਸ ਕੌਰ ਜੀ ਨਾਭਾ ਸਾਹਿਬ ਵਾਲੇ ਸਾਰੇ ਜਥੇ ਨੂੰ ਬੱਸਾਂ ਰਾਹੀਂ ਸਾਰੇ ਹਿੰਦੁਸਤਾਨ ਭਰ ਦੇ ਗੁਰਦੁਆਰਿਆਂ, ਤਖ਼ਤ ਸਾਹਿਬਾਂ ਦੀ ਯਾਤਰਾ ਕਰਵਾਉਣ ਲੈ ਚੱਲੇ ਤਾਂ 'ਖ਼ਾਲਸਾ' ਜੀ ਨੇ ਕਿਹਾ ਕਿ ਗੁਰਬਾਣੀ ਦੇ ਬਲਾਕਾਂ ਦੀ ਸੇਵਾ ਹੀ ਇਸ ਵੇਲੇ ਵੱਡੀ ਯਾਤਰਾ ਹੈ। ਉਸ ਵੇਲੇ ਬਾਕੀ ਸਾਰੇ ਸਿੰਘ ਯਾਤਰਾ 'ਤੇ ਚਲੇ ਗਏ, ਕੇਵਲ ਇਕੱਲਾ ਦਾਸ ਹੀ ਮਗਰ ਰਹਿ ਗਿਆ ਤੇ ਗੁਰੂ ਕਿਰਪਾ ਨਾਲ ਸੇਵਾ ਵਿਚ ਡਟਿਆ ਰਿਹਾ। 'ਖ਼ਾਲਸਾ' ਜੀ ਨੇ ਸੁਤੇ ਸਿੱਧ ਹੀ ਬਚਨ ਕੀਤਾ ਕਿ ਕਿਰਾਏ ਦੀਆਂ ਬਿਗਾਨੀਆਂ ਬੱਸਾਂ 'ਤੇ ਕੀ ਚੜ੍ਹਨਾ ਹੈ, ਮਹਾਰਾਜ ਨੂੰ ਭਾਇਆ ਤਾਂ ਆਪਣੀਆਂ ਗੱਡੀਆਂ ਰਾਹੀਂ ਤਖ਼ਤਾਂ ਦੀ ਯਾਤਰਾ ਕਰਿਆ ਕਰਾਂਗੇ। ਜੋ ਉਹਨਾਂ ਦੇ ਬਚਨ ਅਨੁਸਾਰ ਜਥੇ ਦੀਆਂ ਆਪਣੀਆਂ ਬੱਸਾਂ ਰਾਹੀਂ ਹਰ ਸਾਲ ਹੀ ਸਤਿਗੁਰੂ ਜੀ ਦੀ ਕਿਰਪਾ ਨਾਲ ਦਰਸ਼ਨ ਹੋ ਰਹੇ ਹਨ।

ਬਲਾਕਾਂ ਦੀ ਸੇਵਾ ਵਿਚ ਰੁਕਾਵਟਾਂ ਵੀ ਬਹੁਤ ਸਨ, ਪਰ 'ਖ਼ਾਲਸਾ' ਜੀ ਦੇ ਬਖ਼ਸ਼ਿਸ਼ ਤੇ ਬਰਕਤ ਭਰੇ ਪੱਤਰ ਜਦੋਂ ਦਾਸ ਨੂੰ ਪਹੁੰਚਦੇ ਤਾਂ ਹੌਂਸਲਾ ਦੂਣਾ-ਤੀਣਾ ਹੋ ਜਾਂਦਾ। ਉਹ ਪੱਤਰ ਵੱਡੇ ਜੀਵਨ ਵਿਚ ਲਿਖੇ ਜਾਣਗੇ। ਯਾਤਰਾ ਤੋਂ ਮਗਰੋਂ 'ਪ੍ਰੇਮੀ' ਜੀ ਫਿਰ ਦਾਸ ਕੋਲ ਆ ਗਏ ਸਨ। ਸਤਿਗੁਰੂ ਰਾਮਦਾਸ ਜੀ ਨੇ ਆਪਣੀ ਮਹਾਨ ਕਿਰਪਾ ਕਰਕੇ ਇਹ ਕਾਰਜ ਸਿਰੇ ਚੜ੍ਹਾਇਆ। ਇਹ ਮਹਾਨ ਮੋਰਚਾ ਫ਼ਤਹ ਹੋਣ ਮਗਰੋਂ ਪਿੰਡ ਦੁਸਾਂਝ (ਜੋ ਮੋਗੇ ਪਾਸ ਹੈ) 'ਖ਼ਾਲਸਾ' ਜੀ ਦੇ ਪਾਸ ਪੁੱਜੇ। ਇਹ ੨੦ ਭਾਦਰੋਂ ਦਾ ਦਿਨ ਸੀ। ਤਾਂ ਆਪ ਜੀ ਨੇ ਬਖ਼ਸ਼ਿਸ਼ ਭਰੇ ਸਿਰੋਪਾਉ ਦਾਸ ਅਤੇ 'ਪ੍ਰੇਮੀ' ਜੀ ਨੂੰ ਬਖ਼ਸ਼ੇ। ਅਸਲ ਵਿਚ ਇਸ ਸੇਵਾ ਤੋਂ ਪ੍ਰਸੰਨ ਹੋ ਕੇ ਹੀ 'ਖ਼ਾਲਸਾ' ਜੀ ਨੇ ਟਕਸਾਲ ਨੂੰ ਅੱਗੇ ਚਲਾਉਣ ਦੀ ਸੇਵਾ ਬਖ਼ਸ਼ੀ ਹੈ।

ਅੱਗੇ ਭਿੰਡਰੀ ੨੫-੨੬-੨੭ ਭਾਦਰੋਂ ਦਾ ਸਲਾਨਾ ਜੋੜ ਮੇਲਾ ਸੀ। ਦੂਰੋਂ ਨੇੜਿਓਂ ਬਹੁਤ ਸੰਗਤ ਜੁੜੀ, ੨੬ ਭਾਦਰੋਂ ਦੇ ਦਿਨ ਸ਼ਾਮ ਦੇ ਚਾਰ ਵਜੇ ਟੂਟੀਆਂ 'ਤੇ ਇਸ਼ਨਾਨ ਕਰਦਿਆਂ 'ਖ਼ਾਲਸਾ' ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਬਖ਼ਸ਼ਿਸ਼ ਭਰਿਆ ਬਚਨ ਕਿਹਾ, "ਅੱਗੇ ਵਾਸਤੇ ਟਕਸਾਲ ਦੀ ਸੇਵਾ ਲਈ ਤੇਰੀ ਡਿਊਟੀ ਲਾਉਣੀ ਹੈ।"

ਤਾਂ ਉਹਨਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੀ! ਦਾਸ ਤਾਂ ਅਨਜਾਣ ਬੱਚਾ ਹੈ, ਕੋਈ ਸੇਵਾ, ਸਿਮਰਨ, ਭਜਨ, ਭਗਤੀ, ਤਪੱਸਿਆ ਨਹੀਂ ਕੀਤੀ, ਇਸ ਏਡੀ ਵੱਡੀ ਮਹਾਨ ਸੇਵਾ ਨੂੰ ਅਲਪੱਗ ਤੁੱਛ ਜੀਵ ਕਿਵੇਂ ਕਰ ਸਕਾਂਗਾ?"

ਤਾਂ ਮਹਾਂਪੁਰਖਾਂ ਨੇ ਬਹੁਤ ਬੀਰ-ਰਸ ਵਿਚ ਆ ਕੇ ਬਚਨ ਕੀਤਾ, "ਅਸੀਂ ਤਾਂ ਇਹ ਸੇਵਾ ਤੇਰੇ ਜ਼ਿੰਮੇ ਲਾ ਚੁੱਕੇ ਹਾਂ ਜਾਂ ਤਾਂ ਇਹ ਬਚਨ ਮੰਨ ਜਾਂ ਨਰਕਾਂ ਨੂੰ ਜਾਣਾ ਪਊ। ਜਿਵੇਂ ਚਾਹੇ ਕਰ ਲੈ।" ਨਾਲ ਟੂਕ ਮਾਤਰ ਇਕ ਮਹਾਤਮਾ ਦੀ ਸਾਖੀ ਵੀ ਸੁਣਾਈ। ਦਾਸ ਨੂੰ ਹੁਣ ਉਸ ਮਹਾਤਮਾ ਦਾ ਨਾਮ ਤਾਂ ਯਾਦ ਨਹੀਂ ਪਰ ਸਾਖੀ ਕੁਝ ਇਸ ਤਰ੍ਹਾਂ ਸੀ:—

ਉਸ ਮਹਾਨ ਤਪੱਸਵੀ ਮਹਾਤਮਾ ਨੇ ਚੜ੍ਹਾਈ ਕਰਨ ਲੱਗਿਆਂ, ਆਪਣੇ ਨਿਕਟਵਰਤੀ ਸੇਵਾਦਾਰ ਨੂੰ ਕਿਹਾ, "ਅਸੀਂ ਚੜ੍ਹਾਈ ਕਰਨ ਲੱਗੇ ਹਾਂ, ਸਾਡੇ ਪਾਸ ਇਹ ਰਸਾਇਣ ਹੈ। ਬਹੁਤ ਕੀਮਤੀ ਚੀਜ਼ ਹੈ, ਤੂੰ ਲੈ ਲੈ।" ਉਸ ਨੇ ਅੱਗੋਂ ਬਿਰੱਕਤੀ ਦੀ ਛੜ ਮਾਰੀ ਤੇ ਕਹਿਣ ਲੱਗਾ, "ਜੀ! ਇਹ ਮੇਰੇ ਕਿਸ ਕੰਮ ਹੈ? ਮੈਂ ਤਾਂ ਤਿਆਗੀ ਹਾਂ।" ਤਾਂ ਮਹਾਤਮਾ ਕਹਿਣ ਲੱਗੇ, "ਸਾਡਾ ਖ਼ਿਆਲ ਸੀ ਕਿ ਤੂੰ ਇਸ ਨੂੰ ਵਰਤ ਕੇ ਬਹੁਤਾ ਸਿਮਰਨ ਭਜਨ ਕਰੇਂਗਾ। ਹੋਰ ਕਿਸੇ ਨੂੰ ਦਿੱਤੀ ਤਾਂ ਵਿਕਾਰ ਭੋਗਣ ਵਿਚ ਖਚਤ ਹੋ ਜਾਇਗਾ। ਚੰਗਾ! ਤੇਰੀ ਮਰਜ਼ੀ, ਪਰ ਤੈਨੂੰ ਦੱਸੀਏ, ਤੂੰ ਭੰਗਣ ਕੱਢੇਂਗਾ, ਰੂੜੀਆਂ ਤੋਂ ਸੁੱਕਾ ਗੋਹਾ ਚੁਗ ਕੇ ਗੁਜ਼ਾਰਾ ਕਰਿਆ ਕਰੇਂਗਾ।"

'ਖ਼ਾਲਸਾ' ਜੀ ਨੇ ਕਿਹਾ, "ਅਸੀਂ ਉਸ ਨੂੰ ਇਹ ਸਾਰੀਆਂ ਕੁਰੀਤੀਆਂ ਕਰਦਿਆਂ ਅੱਖੀਂ ਦੇਖਿਆ।" ਇਹ ਸੁਣ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਬਹੁਤ ਭੈ-ਭੀਤ ਹੋਇ, ਬਹੁਤ ਨਿਮਰਤਾ ਨਾਲ ਗਲ ਵਿਚ ਪੱਲਾ ਪਾ ਕੇ ਮੁੜ-ਮੁੜ ਬੇਨਤੀ ਕੀਤੀ, "ਕਿਰਪਾ ਕਰਕੇ ਇਹ ਟਕਸਾਲ ਦੀ ਸੇਵਾ ਹੀ ਬਖ਼ਸ਼ੋ, ਨਰਕਾਂ ਵਿਚ ਨਾ ਘੱਲੋ ਜੀ!"

'ਖ਼ਾਲਸਾ' ਜੀ ਨੇ ਕਿਹਾ, "ਅੱਗੇ ਵਾਸਤੇ ਜਦੋਂ ਕਦੇ ਅਸੀਂ ਇਹ ਬਚਨ ਕਰੀਏ ਤਾਂ ਨਾਂਹ ਨਾ ਕਰੀਂ।" ਉਹਨਾਂ ਨੇ ਸੀਸ ਨਿਵਾ ਕੇ ਸਤਿ ਬਚਨ ਕਿਹਾ ਤੇ ਖ਼ਿਮਾ ਮੰਗੀ।

ਅੱਸੂ ਦੇ ਮਹੀਨੇ ਜਦ ਸੁਲਤਾਨਪੁਰ ਸਾਹਿਬ ਵਿਚ, ਸ੍ਰੀਮਾਨ ਸੇਵਾ ਦੇ ਪੁੰਜ

DAMDAMI TAKSAAL.ORG



ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਦੇ ਉੱਦਮ ਨਾਲ ਕਥਾ-ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ ਤਾਂ ਇਕ ਦਿਨ ਗੁਰਦੁਆਰਾ ਹੱਟ ਸਾਹਿਬ ਵਿਖੇ ਸਵੇਰ ਦੀ ਕਥਾ ਤੋਂ ਮਗਰੋਂ ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਹਰ ਰੋਜ਼ ਦੇ ਨਿੱਤਨੇਮ ਦੀ ਤਰ੍ਹਾਂ ਪੰਝੀ ਪੱਤਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਪਾਠ ਸੁਣਾ ਰਹੇ ਸਨ, ਤਾਂ ਆਪ ('ਖ਼ਾਲਸਾ') ਜੀ ਨੇ ਕਿਰਪਾ-ਰਸ ਵਿਚ ਢਲ ਕੇ ਇਹ ਬਚਨ ਕਹੇ, "ਭਾਈ ਕਰਤਾਰ ਸਿੰਘਾ! ਸਤਿਗੁਰਾਂ ਨੇ ਇਥੇ ਬੇਅੰਤ ਗ਼ਰੀਬਾਂ ਦੀਆਂ ਝੋਲੀਆਂ ਭਰੀਆਂ ਸਨ, ਦੱਸ! ਤੇਰੀ ਝੋਲੀ ਵੀ ਸਤਿਗੁਰਾਂ ਤੋਂ ਭਰਵਾ ਕੇ ਜਥੇ ਦੀ ਸੇਵਾ ਬਖ਼ਸ਼ ਦੇਈਏ?"

ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਭਿੰਡਰਾਂ ਵਾਲੇ ਉਹ ਬਚਨ ਝੱਟ ਚੇਤੇ ਆਏ ਕਿ ਕਦੇ ਨਾਂਹ ਨਹੀਂ ਕਰਨੀ। ਤਾਂ ਉਹਨਾਂ ਬੇਨਤੀ ਕੀਤੀ, "ਜੀ! ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਆਪ ਕਿਰਪਾ ਕਰੋ।"

ਕੁਝ ਸਮਾਂ ਆਪ ਜੀ ਨੇ ਚੁੱਪ ਕਰਨ ਤੋਂ ਮਗਰੋਂ ਫਿਰ ਇਹ ਬਚਨ ਕਹੇ, ਜੋ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਉਸ ਸਮੇਂ ਪਾਠ ਸੁਨਾਉਣ ਤੋਂ ਮਗਰੋਂ ਕਾਗਜ਼ 'ਤੇ ਲਿਖ ਲਏ ਸਨ:—

"ਸਾਰੇ ਜਥੇ ਸੰਗਤ ਨੂੰ ਗੁਰੂ ਸਰੂਪ ਸਮਝਣਾ, ਜੇ ਕੋਈ ਸਿੰਘ ਮਰਯਾਦਾ ਵਿਚ ਨਾ ਚੱਲੇ ਤਾਂ ਉਸ ਨੂੰ ਜਥੇ ਵਿਚੋਂ ਵਿਦਾ ਕਰ ਦੇਣਾ। ਆਪਣੇ ਆਪ ਨੂੰ ਸੰਗਤ ਨਾਲੋਂ ਮਨ ਬਾਣੀ ਸਰੀਰ ਕਰਕੇ ਨੀਵੇਂ ਸਮਝਣਾ। ਕਦੇ ਮਾਣ ਨਹੀਂ ਕਰਨਾ, ਕਲਜੁਗ ਦਾ ਭਿਆਨਕ ਸਮਾਂ ਹੈ। ਵਿਦਿਆਰਥੀਆਂ ਦਾ ਬਹੁਤਾ ਅਧਿਕਾਰ ਨਹੀਂ ਵੇਖਣਾ, ਜੋ ਵੀ ਪਾਸ ਆਵੇ ਬ੍ਰਹਮ ਵਿੱਦਿਆ ਪੜ੍ਹਾਈ ਜਾਣੀ। ਅੰਮ੍ਰਿਤ ਸੰਚਾਰ ਦੀ ਰਹਿਤ ਮਰਯਾਦਾ ਵਿਚ ਫ਼ਰਕ ਨਹੀਂ ਪਾਉਣਾ। ਹਰ ਸਮੇਂ ਮਨ ਨੂੰ ਦੰਭ, ਪਖੰਡ, ਵਿਕਾਰਾਂ ਤੇ ਕੁਰਹਿਤਾਂ ਤੋਂ ਬਚਾ ਕੇ ਰੱਖਣਾ। ਘੱਟ ਤੋਂ ਘੱਟ ਦੋ ਸਿੰਘ ਹਰ ਸਮੇਂ ਦਿਨੇ-ਰਾਤ ਜ਼ਰੂਰ ਕੋਲ ਰੱਖਣੇ। ਬਹੁਤੇ ਹੋਣ ਤਾਂ ਬਹੁਤ ਚੰਗਾ ਹੈ। ਸਤਿਗੁਰਾਂ ਨੂੰ ਸਦਾ ਅੰਗ-ਸੰਗ ਜਾਨਣਾ, ਸਭ ਕਾਰਜ ਸਤਿਗੁਰੂ ਜੀ ਆਪ ਕਰਦੇ ਹਨ, ਇਉਂ ਜਾਣ ਕੇ ਬੇਫ਼ਿਕਰ ਰਹਿਣਾ। ਫ਼ਿਕਰ ਕਰਨ ਤੋਂ ਬਹੁਤਾ ਫ਼ਿਕਰ ਪਵੇਗਾ। ਜੇ ਗੁਰੂ ਦੇ ਆਸਰੇ ਬੇ-ਪ੍ਰਵਾਹ ਰਹੇਂਗਾ ਤਾਂ ਸਤਿਗੁਰੂ ਬੇ-ਪਰਵਾਹੀ ਬਖ਼ਸ਼ਣਗੇ। ਮਾਇਆ ਕਿਸੇ ਕੋਲੋਂ ਮੰਗਣੀ ਨਹੀਂ, ਪਰ ਜੋ ਸੁਤੇ ਸਿੱਧ ਆ ਜਾਵੇ, ਉਹ ਸੰਗਤ ਵਿਚ ਸਫਲੀ ਕਰੀ ਜਾਣੀ, ਜਮ੍ਹਾਂ ਨਹੀਂ ਕਰਨੀ, ਪਰਿਵਾਰ ਦਾ ਮੋਹ ਨਹੀਂ ਕਰਨਾ।"

ਇਹ ਬਚਨ ਹੋਰ ਸਿੰਘਾਂ ਨੇ ਵੀ ਸੁਣੇ, ਜੋ ਉਸ ਸਮੇਂ ਪਾਠ ਸੁਣ ਰਹੇ ਸਨ। ਫਿਰ ਆਪ ਪਾਠ ਸੁਣਨ ਲੱਗ ਪਏ। ਫਿਰ ਕਿਹਾ, "ਕਿਸੇ ਪਵਿੱਤਰ ਦਿਹਾੜੇ ਸੰਗਤ ਵਿਚ ਇਹ ਬਚਨ ਕਰਾਂਗੇ।"

ਕੁਝ ਦਿਨਾਂ ਮਗਰੋਂ ਜਥਾ ਕਲਕੱਤੇ ਗਿਆ। ਸਿੰਘਾਂ ਦੀ ਗਿਣਤੀ ੧੫੦ ਦੇ

ਕਰੀਬ ਸੀ। ਉਥੇ ਤਕਰੀਬਨ ਤਿੰਨ ਮਹੀਨੇ ਗੁਰਦੁਆਰਾ ਜਗਤ ਸੁਧਾਰ ਰਹੇ। ੧੩੬ ਸ੍ਰੀ ਅਖੰਡ ਪਾਠ ਸਾਹਿਬ ਕੀਤੇ। ਸਰਬੱਤ ਸੰਗਤ ਨੇ ਬਹੁਤ ਸੇਵਾ ਕੀਤੀ। ਸ: ਹਰਬੰਸ ਸਿੰਘ, ਉਨ੍ਹਾਂ ਦੀ ਸੁਪਤਨੀ ਬੀਬੀ ਨਿਰਮਲ ਕੌਰ, ਸ: ਸੰਪੂਰਨ ਸਿੰਘ, ਸ: ਲਾਭ ਸਿੰਘ ਖਟੜਾ, ਸ: ਦਿਲਜਾਨ ਸਿੰਘ, ਸ: ਗੁਰਨਾਮ ਸਿੰਘ ਲਾਪਰਾ, ਸ: ਮੇਹਰ ਸਿੰਘ ਗ਼ਰੀਬ, ਸ: ਸੁਜਾਨ ਸਿੰਘ, ਭਾਈ ਸਾਹਿਬ ਭਾਈ ਕਰਮ ਸਿੰਘ ਜੀ ਸਾਬਕਾ ਗੜ੍ਹਵਈ, ਭਾਈ ਕਰਮ ਸਿੰਘ, ਭਾਈ ਹਰਨੇਕ ਸਿੰਘ, ਭਾਈ ਹਰਜੀਤ ਸਿੰਘ ਅਤੇ ਭਾਈ ਇਕਬਾਲ ਸਿੰਘ ਆਦਿਕ ਬਹੁਤ ਪ੍ਰੇਮੀ ਜਨਾਂ ਨੇ ਸੇਵਾ ਕੀਤੀ। ਪਰ ਕੁਝ ਸਿੰਘ ਜਿਨ੍ਹਾਂ ਨੇ ਹੱਟ ਸਾਹਿਬ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਮਹਾਂਪੁਰਖਾਂ ਵੱਲੋਂ ਬਖ਼ਸ਼ਿਸ਼ ਕਰਨ ਦੇ ਬਚਨ ਸੁਣੇ ਸਨ, ਉਹ ਹੁਣ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨਾਲ ਈਰਖਾ ਕਰਨ ਲੱਗ ਪਏ ਕਿ ਇਸ ਨੂੰ ਇਹ ਦਾਤ ਕਿਉਂ ਮਿਲਣ ਲੱਗੀ ਹੈ! ਉਨ੍ਹਾਂ ਵਿਚੋਂ ਚੰਦਾਂ ਕੁ ਜਿਹੜੇ ਬੀਰ-ਰਸੀ ਸੁਭਾਅ ਵਾਲੇ ਸਨ, ਰੋਸ ਦੇ ਤੌਰ 'ਤੇ ਜਥੇ ਵਿਚੋਂ ਨਿਕਲ ਗਏ, ਪਰ ਮਹਾਂਪੁਰਖਾਂ ਨੇ ਕੋਈ ਪ੍ਰਵਾਹ ਨਾ ਕੀਤੀ।

DAMDAMI TAKSAAL.ORG

ੴ ਸਤਿਗੁਰ ਪ੍ਰਸਾਦਿ॥

# ਤੀਜਾ ਕਾਂਡ

## ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਬਖ਼ਸ਼ਿਸ਼ ਕਰਨੀ

ਕਲਕੱਤੇ ਤੋਂ ਮਗਰੋਂ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਮਨਾਉਣ ਲਈ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਠੱਟੇ ਟਿਬੇ ਵਾਲਿਆਂ ਦੇ ਉੱਦਮ ਨਾਲ ਪਹੁੰਚੇ। ਬੜੀ ਚੜ੍ਹਦੀ ਕਲਾ ਵਿਚ ਗੁਰਪੁਰਬ ਮਨਾਇਆ। ਫਿਰ ਸ਼ੁਕਰਾਨੇ ਵਜੋਂ ਸਭ ਸੰਗਤਾਂ ਨੇ ਸ੍ਰੀ ਅਖੰਡ ਪਾਠ ਕਰਕੇ ਸਭ ਸੇਵਾਦਾਰਾਂ ਨੂੰ ਸਿਰੋਪਾਓ ਦਿੱਤੇ। ਪਹਿਲਾ ਸਿਰੋਪਾਓ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਾਨ ਸਿੰਘ ਜੀ ਨੂੰ ਤੇ ਦੂਸਰਾ ਸਚਖੰਡਵਾਸੀ 'ਖ਼ਾਲਸਾ' ਜੀ ਨੂੰ ਮਿਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਚਰਨੀਂ ਲਾ ਕੇ ਅੱਗੇ ਤੋਂ ਟਕਸਾਲ ਦੀ ਸਾਰੀ ਸੇਵਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਸੌਂਪ ਦਿੱਤੀ।

ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਬਖ਼ਸ਼ਿਸ਼ ਕਰਨ ਲੱਗੇ ਤਾਂ ਮਹਾਂਪੁਰਖਾਂ ਨੇ ਕਿਹਾ, "ਇਹ ਸਿਰੋਪਾਓ ਚੁੱਕ ਕੇ ਗਲ ਵਿਚ ਪਾ ਲੈ।"

ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਕਿਹਾ, "ਜੀ! ਆਪ ਹੀ ਆਪਣੇ ਪਵਿੱਤਰ ਹੱਥਾਂ ਨਾਲ ਦਾਸ ਦੇ ਸਿਰ 'ਤੇ ਰੱਖੋ ਜੀ।"

ਆਪ ਜਦੋਂ ਸਿਰੋਪਾਓ ਪਹਿਨਾਉਣ ਲੱਗੇ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਬੇਨਤੀ ਕੀਤੀ, "ਜੀ! ਇਹ ਸਿਰੋਪਾਓ ਬਖ਼ਸ਼ਣ ਲੱਗੇ ਹੋ, ਕਿਰਪਾ ਕਰਕੇ ਸੇਵਾ ਕਰਨ ਦਾ ਬਲ ਵੀ ਨਾਲ ਹੀ ਬਖ਼ਸ਼ੋ। ਸੇਵਾ ਬੜੀ ਵੱਡੀ ਹੈ, ਮੈਂ ਅਲਪੱਗ ਹਾਂ।" ਤਾਂ ਆਪ ਜੀ ਨੇ ਸਿਰੋਪਾਓ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਸਿਰ 'ਤੇ ਰੱਖ ਕੇ ਕਿਹਾ, "ਜਿਹੜਾ ਕੰਮ ਸਾਥੋਂ ਨਾ ਹੋ ਸਕੇ, ਉਹ ਅਸੀਂ ਸਤਿਗੁਰਾਂ ਦੇ ਜ਼ਿੰਮੇ ਪਾ ਦਿੰਦੇ ਹਾਂ, ਇਸ ਵਾਸਤੇ ਇਹ ਵੀ ਕਾਰਜ ਸਤਿਗੁਰਾਂ ਦਾ ਆਪਣਾ ਹੈ। ਤੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲਾਉਂਦੇ ਹਾਂ। ਉਹ ਆਪਣੀ ਲਾਜ ਆਪ ਰੱਖਣਗੇ। ਸਦਾ ਚੜ੍ਹਦੀ ਕਲਾ ਰਹੇਗੀ।"

ਇਉਂ ਕਹਿ ਕੇ ਬਹੁਤੀ ਇਕਾਗਰਤਾ ਤੇ ਪ੍ਰੇਮ ਵਿਚ ਆ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਟਕਸਾਲ ਦੀ ਸੇਵਾ ਸੌਂਪਣ ਦੀ ਆਪ ਨੇ ਲੰਮੀ

ਅਰਦਾਸ ਕੀਤੀ। ਇਹੋ ਜਿਹੀ ਲੰਮੀ ਅਰਦਾਸ ਅੱਗੇ ਕਦੇ ਵੀ ਨਹੀਂ ਸੀ ਕੀਤੀ। ਅੱਗੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਉਹਨਾਂ ਦੀ ਬਾਂਹ ਪਕੜ ਕੇ ਸਤਿਗੁਰੂ ਜੀ ਦੀਆਂ ਪਰਕਰਮਾਂ ਕਰਵਾਉਂਦੇ ਹੁੰਦੇ ਸਨ, ਪਰ ਉਸ ਦਿਨ 'ਖ਼ਾਲਸਾ' ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜੀ ਦੀ ਬਾਂਹ ਪਕੜ ਕੇ ਤਖ਼ਤ ਸਾਹਿਬ ਅੰਦਰ ਦੀਆਂ ਪੰਜ ਪਰਕਰਮਾਂ ਤੇ ਬਾਹਰਲੀਆਂ ਅੱਠ ਸਾਰੀਆਂ ੧੩ ਪਰਕਰਮਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਉਹਨਾਂ ਪਾਸੋਂ ਵੀ ਟਿਕਵਾਇਆ। ਉਪਰੰਤ 'ਖ਼ਾਲਸਾ' ਜੀ ਨੇ ਹੁਕਮਨਾਮਾ ਲਿਆ, ਇਹ ਸ੍ਰੀ ਮੁਖਵਾਕ ਆਇਆ :—

*'ਸੋਰਠਿ ਮਹਲਾ ੫ ॥*
*ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥*
*ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥*
*ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥*
*ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ਰਹਾਉ॥*
*ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥*
*ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥*
*ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥*
*ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥*
*ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥*
*ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥'*

[ਅੰਗ—੬੧੦]

ਫਿਰ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਵੱਲੋਂ ਉਪਰ ਰੱਖੇ ਸੰਪਟ ਅਖੰਡ ਪਾਠ ਤੇ ਅਖੰਡ ਪਾਠਾਂ ਪਾਸ ਮੱਥਾ ਟੇਕਣ ਗਏ। ਉਸ ਸਮੇਂ ਪੰਗਤੀ ਸੀ :—

*'ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥'*

[ਸੂਹੀ ਮਹਲਾ ੫, ਅੰਗ—੭੪੮]

ਫਿਰ ਆਪਣੇ ਆਸਣ 'ਤੇ ਜੋ ਕਿ ਲੰਗਰ ਸਾਹਿਬ ਦੇ ਉੱਪਰਲੇ ਕਮਰਿਆਂ ਵਿਚੋਂ ਇਕ ਵਿਚ ਸੀ, ਉਥੇ ਪੁੱਜੇ। ਲੰਗਰ ਦੀ ਪੰਗਤ ਲੱਗ ਰਹੀ ਸੀ ਤਾਂ 'ਖ਼ਾਲਸਾ' ਜੀ ਨੇ ਉੱਚੀ ਜੈਕਾਰਾ ਗਜਾ ਕੇ ਸਿੰਘ ਭੇਜ ਕੇ ਸਭ ਸੰਗਤ ਨੂੰ ਸੁਣਾ ਦਿੱਤਾ ਕਿ ਅੱਗੇ ਵਾਸਤੇ ਸੇਵਾ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ 'ਕਰਤਾਰ ਸਿੰਘ' ਨੂੰ ਸੌਂਪ ਦਿੱਤੀ ਹੈ। ਇਹ ਸੁਣ ਕੇ ਸਭ ਅਸਚਰਜ ਹੋਏ। ਲੰਗਰ ਛਕ ਕੇ, ਨਿਸਚਾ ਕਰਕੇ ਫਿਰ ਸਾਰੇ ਹੀ ਵਾਰੀ-ਵਾਰੀ ਸਿਰੋਪਾਓ ਤੇ ਸਿਹਰੇ ਲਿਆਉਣ ਲੱਗੇ। ਸ੍ਰੀਮਾਨ ਸਤਿਕਾਰ ਯੋਗ ਸਚਖੰਡ ਵਾਸੀ ਬਾਬਾ ਸੋਹਣ ਸਿੰਘ ਜੀ ਬਿਧੀਚੰਦੀਏ ਤਖ਼ਤ ਸਾਹਿਬ

DAMDAMI TAKSAAL.org



ਦੀ ਯਾਤਰਾ ਕਰਨ ਅਤੇ ਮੱਥਾ ਟੇਕਣ ਆਏ, ਜਿਨ੍ਹਾਂ ਦਾ ਉਤਾਰਾ ਬਾਹਰ ਗੁਰੂ ਕੇ ਬਾਗ਼ ਵਿਚ ਸੀ। ਸਮੇਤ ਦਲ ਦੇ ਗੁਰਪੁਰਬ ਮਨਾਉਣ ਆਏ ਹੋਏ ਸਨ। ਉਨ੍ਹਾਂ ਨੂੰ ਪਤਾ ਲੱਗਾ ਤਾਂ ਝੱਟ ਦਸਤਾਰ ਸਿਰੋਪਾਓ ਲੈ ਕੇ ਆ ਫ਼ਤਹ ਗਜਾਈ। 'ਖ਼ਾਲਸਾ' ਜੀ ਦੇ ਨਾਲ ਇਨ੍ਹਾਂ ਦਾ ਬਹੁਤ ਹੀ ਦਿਲੀ ਮਿਲਾਪ ਸੀ।

'ਖ਼ਾਲਸਾ' ਜੀ ਨੇ ਫ਼ਤਹ ਦਾ ਉੱਤਰ ਦੇ ਕੇ ਕਿਹਾ, "ਬਾਬਾ ਜੀ ! ਤੁਸੀਂ ਇਸ (ਕਰਤਾਰ ਸਿੰਘ) ਦੇ ਸਿਰ 'ਤੇ ਇਹ ਦਸਤਾਰਾ ਸਜਾਓ, ਛੇਵੇਂ ਪਾਤਿਸ਼ਾਹ ਜੀ ਦੀ ਆਪ ਜੀ ਉਪਰ ਬ੍ਰਹਮ ਗਿਆਨੀ ਮਹਾਨ ਯੋਧੇ ਭਾਈ ਬਿਧੀਚੰਦ ਜੀ ਦੁਆਰਾ ਬੜੀ ਭਾਰੀ ਬਖ਼ਸ਼ਿਸ਼ ਹੈ।"

ਤਾਂ ਉਨ੍ਹਾਂ ਨੇ ਚਿੱਟੀ ਦਸਤਾਰ ਆਪਣੇ ਹੱਥੀਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਸੀਸ 'ਤੇ ਸਜਾਈ। ਉਪਰੰਤ ਸ੍ਰੀਮਾਨ ਭਗਤ ਉਜਾਗਰ ਸਿੰਘ ਨੇ ੧੦ ਰੁਪਏ ਤੇ ਸਿਰੋਪਾਓ ਦਿੱਤਾ। 'ਖ਼ਾਲਸਾ' ਜੀ ਨੇ ਕਿਹਾ, "ਭਗਤ ਜੀ ! ਤੁਸੀਂ ਇਸ (ਕਰਤਾਰ ਸਿੰਘ) ਨੂੰ ਸਾਡੇ ਕੋਲ ਲੈ ਕੇ ਆਏ ਸੀ, ਅਸੀਂ ਇਸ ਨੂੰ ਅੱਗੇ ਸੇਵਾ ਦੇ ਦਿੱਤੀ ਹੈ।"

ਭਗਤ ਜੀ ਨੇ ਧੰਨਵਾਦ ਕੀਤਾ। ਉਪਰੰਤ ਜਥੇ ਦੇ ਸਾਰੇ ਸਿੰਘ ਵੀ ਵਾਰੀ-ਵਾਰੀ ਸਿਹਰੇ ਲੈ ਕੇ ਆਏ, ਜਿਵੇਂ ਕਿ ਸੰਤ ਬਾਬਾ ਠਾਕੁਰ ਸਿੰਘ ਜੀ ਗੜਵਈ, ਬਾਬਾ ਲਾਹੌਰਾ ਸਿੰਘ ਜੀ, ਜਿਨ੍ਹਾਂ ਨੇ ਜਥੇ ਵਿਚ ਰਹਿ ਕੇ ਸੈਂਕੜੇ ਸਿੰਘ ਪੜ੍ਹਾ ਕੇ ਸ਼ੁੱਧ ਪਾਠੀ ਬਣਾਏ ਹਨ। ਤੜਕੇ ਹਰ ਰੋਜ਼ ਦੋ ਵਜੇ ਉੱਠਣ ਦੇ ਨਿਯਮੀ ਹਨ। ਸਾਰੀ ਪੰਜ ਗ੍ਰੰਥੀ ਜ਼ਬਾਨੀ ਕੰਠ ਹੈ। ਹਰ ਰੋਜ਼ ਸਾਰਾ ਪਾਠ ਕਰਦੇ ਹਨ।

ਫਿਰ ਸ੍ਰੀਮਾਨ ਸਤਿਕਾਰ ਯੋਗ ਗਿਆਨੀ ਮੋਹਣ ਸਿੰਘ ਜੀ ਨੇ ਆ ਕੇ 'ਖ਼ਾਲਸਾ' ਜੀ ਨੂੰ ਪੁੱਛਿਆ, "ਤੁਸੀਂ ਕਰਤਾਰ ਸਿੰਘ 'ਤੇ ਬਖ਼ਸ਼ਿਸ਼ ਕਰ ਦਿੱਤੀ ਹੈ ?"

ਤਾਂ ਉਹਨਾਂ ਦੱਸਿਆ, "ਹਾਂ! ਅੱਗੋਂ ਵਾਸਤੇ ਸਾਥੋਂ ਮਗਰੋਂ ਇਹ ਸੇਵਾ ਨਿਭਾਵੇਗਾ।"

ਤਾਂ ਗਿਆਨੀ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਕਿਹਾ, "ਵਧਾਈ ਹੋਵੇ, ਚੰਗਾ ਹੋ ਗਿਆ, ਘਰ ਦੀ ਘਰ ਵਿਚ ਹੀ ਰਹਿ ਗਈ।"

ਭਾਈ ਗੁਰਮੁਖ ਸਿੰਘ ਜੀ 'ਉੜੀਸਾ' ਨੇ 'ਖ਼ਾਲਸਾ' ਜੀ ਤੋਂ ਦੋ ਰੁਪੈ ਲੈ ਕੇ ਦੋ ਸਿਹਰੇ ਲਏ ਅਤੇ ਇਕ 'ਖ਼ਾਲਸਾ' ਜੀ ਨੂੰ ਤੇ ਇਕ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਪਾਇਆ। ਕੇਵਲ ਰੁੱਸ ਕੇ ਗਏ ੧੪ ਸਿੰਘਾਂ ਤੋਂ ਬਿਨਾ ਬਾਕੀ ਸਭ ਜਥੇ ਦੇ ਸਿੰਘ, ਰਾਗੀ ਜਥੇ ਸਮੇਤ ਸਭ ਨੇ ਸਤਿਕਾਰ ਕੀਤਾ। ਹੋਰ ਮਹਾਤਮਾ ਜੋ ਗੁਰਪੁਰਬ ਮਨਾਉਣ ਲਈ ਪਟਨਾ ਸਾਹਿਬ ਪਹੁੰਚੇ ਹੋਏ ਸਨ, ਪਤਾ ਲੱਗਣ 'ਤੇ ਸਾਰੇ ਆਏ ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸਿਰੋਪਾਓ ਬਖ਼ਸ਼ੇ। ਉਪਰੰਤ ਸਾਰੇ

ਜਥੇ ਨੂੰ 'ਖ਼ਾਲਸਾ' ਜੀ ਨੇ ਭੇਜਿਆ, "ਹੁਣ ਤੁਸੀਂ ਸਾਰੇ ਤਖ਼ਤ ਸਾਹਿਬ ਜਾ ਕੇ ਦੇਗ ਕਰਾ ਕੇ ਅਰਦਾਸ ਕਰੋ ਕਿ ਇਸ ਦੀ ਚੜ੍ਹਦੀ ਕਲਾ ਰਹੇ।"

ਉਹਨਾਂ ਨੇ ਸਿੰਘਾਂ ਨੂੰ ਮਾਇਆ ਆਪਣੇ ਕੋਲੋਂ ਦਿੱਤੀ। ਸਾਰਾ ਜਥਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਨਾਲ ਲੈ ਕੇ ਤਖ਼ਤ ਸਾਹਿਬ ਪਹੁੰਚਿਆ। ਰਾਗੀ ਬਚਿੱਤਰ ਸਿੰਘ ਜੀ ਨੇ ਅਰਦਾਸ ਕੀਤੀ, ਭਾਈ ਬੂੜ ਸਿੰਘ ਨੇ ਹੁਕਮਨਾਮਾ ਲਿਆ :—

*'ਹਾ ਹਾ ਪ੍ਰਭ ਰਾਖਿ ਲੇਹੁ ॥*
*ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥'*

[ਧਨਾਸਰੀ ਮਹਲਾ ੫, ਅੰਗ—੬੭੫]

ਫਿਰ ਸਾਰੇ ਜਥੇ ਨੇ ਸਿਹਰਾ ਬਖ਼ਸ਼ਿਆ। ਪਰਕਰਮਾਂ ਕਰਨ ਲੱਗਿਆਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਭਗਤ ਉਜਾਗਰ ਸਿੰਘ ਜੀ ਨੂੰ ਅੱਗੇ ਲਾ ਕੇ ਉਹਨਾਂ ਦੇ ਗਲ ਵਿਚ ਵੀ ਸਿਹਰਾ ਪਾਇਆ ਅਤੇ ਨਾਲ ਹੀ ਬੇਨਤੀ ਕੀਤੀ, "ਤੁਸੀਂ ਦਾਸ ਨੂੰ ਜਥੇ ਵਿਚ ਲਿਆਏ ਤੇ ਇਹ ਬਖ਼ਸ਼ਿਸ਼ ਹੋਈ, ਇਸ ਵਾਸਤੇ ਇਹ ਸਿਹਰਾ ਤੁਹਾਨੂੰ ਬਹੁਤਾ ਸ਼ੋਭਨੀਕ ਹੈ।"

ਤਾਂ ਉਹਨਾਂ ਨੇ ਖ਼ੁਸ਼ੀ ਵਿਚ ਆ ਕੇ ਕਿਹਾ, "ਅਸੀਂ ਕੁਝ ਸਮੇਂ ਤੋਂ ਮਗਰੋਂ ਜਥੇ ਵਿਚ ਤੇਰੇ ਨਾਲ ਹੀ ਰਿਹਾ ਕਰਾਂਗੇ।"

ਸੰਗਤ ਤੇ ਜਥੇ ਨੇ ਬੇਨਤੀ ਕੀਤੀ, "ਜੀ! ਜੋ ਬਖ਼ਸ਼ਿਸ਼ ਆਪ ਜੀ ਨੇ ਕੀਤੀ ਹੈ, ਇਹ ਸਾਰੇ ਬਚਨ ਭਰੇ ਦੀਵਾਨ ਵਿਚ ਕਹਿ ਕੇ ਟੇਪ ਕਰਾ ਦਿਓ ਤਾਂ ਕਿ ਕੱਲ੍ਹ ਨੂੰ ਕਦੇ ਕੋਈ ਫ਼ਰਕ ਪਾਉਣ ਦਾ ਯਤਨ ਨਾ ਕਰੇ।"

ਰਾਤ ਦੇ ਦੀਵਾਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਸਾਹਮਣੇ ਜਦੋਂ ਕਿ ਸਾਰਾ ਜਥਾ ਪੋਥੀਆਂ ਪ੍ਰਕਾਸ਼ ਕਰਕੇ ਕਥਾ ਸੁਣਨ ਲੱਗਾ ਸੀ, ਭਾਈ ਬਚਿੱਤਰ ਸਿੰਘ ਜੀ ਰਾਗੀ ਹਰ ਰੋਜ਼ ਦੀ ਤਰ੍ਹਾਂ ਪਾਠ ਕਰਨ ਲੱਗੇ ਸਨ, ਭਗਤ ਫ਼ਰੀਦ ਜੀ ਦੇ ਸਲੋਕਾਂ ਵਿਚ ਇਹ ਕਥਾ ਚੱਲ ਰਹੀ ਸੀ :—

*'ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥'*

[ਸਲੋਕ ਫਰੀਦ ਜੀ, ਅੰਗ—੧੩੮੨]

੩੧ ਜਨਵਰੀ, ੧੯੬੭ ਵਾਲੇ ਦਿਨ ਪਟਨਾ ਸਾਹਿਬ ਵਿਖੇ 'ਖ਼ਾਲਸਾ' ਜੀ ਨੇ ਬਖ਼ਸ਼ਿਸ਼ ਭਰੇ ਜੋ ਬਚਨ ਕਹੇ, ਉਸ ਟੇਪ ਦਾ ਹੂ-ਬ-ਹੂ ਉਤਾਰਾ ਇਸ ਪ੍ਰਕਾਰ ਹੈ :—

DAMDAMI TAKSAAL.ORG



## ਸੰਤਾਂ ਦੇ ਬਖ਼ਸ਼ਿਸ਼ ਵਾਲੇ ਬਚਨ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

"ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਗੁਰੂ ਖ਼ਾਲਸਾ ਸਾਧ ਸੰਗਤ ਜੀ! ੩੦੦ਵੀਂ ਵਰ੍ਹੇ ਗੰਢ ਦਾ ਸਮਾਗਮ ਸੰਗਤਾਂ ਵੱਲੋਂ ਜੋ ਆਰੰਭ ਕੀਤਾ ਗਿਆ ਸੀ, ਸ੍ਰੀ ਅਖੰਡ ਪਾਠਾਂ ਦੇ ਸੰਪੂਰਨ ਹੋਣ ਤੋਂ ਬਾਅਦ ਸਭਨਾਂ ਸੇਵਾਦਾਰਾਂ ਨੂੰ ਅਤੇ ਪ੍ਰਬੰਧਕਾਂ ਨੂੰ ਸਿਰੋਪਾਓ ਬਖ਼ਸ਼ਿਸ ਹੋਇ ਹਨ। ਇਹ ਸੰਗਤਾਂ ਦੇ ਅੰਦਰ ਬੜੀ ਭਾਰੀ ਖ਼ੁਸ਼ੀ ਹੈ। ਨਿਰਵਿਘਨਤਾ ਨਾਲ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ੩੦੦ਵੀਂ ਵਰ੍ਹੇ ਗੰਢ ਆਪਣੇ ਸੇਵਾਦਾਰਾਂ ਤੋਂ ਚੜ੍ਹਦੀਆਂ ਕਲਾਂ ਵਿਚ ਸੇਵਾ ਲੈ ਕੇ ਸੰਪੂਰਨ ਕੀਤੀ ਹੈ।

ਸਾਧ ਸੰਗਤ ਜੀ! ਇਸ ਖ਼ੁਸ਼ੀ ਦੇ ਵਿਚ ਸੰਗਤਾਂ ਨੇ ਸ੍ਰੀ ਅਖੰਡ ਪਾਠ ਸੰਪੂਰਨ ਕਰਕੇ ਅੱਜ ਸਮਾਪਤੀ ਦਾ ਭੋਗ ਸ੍ਵਣ ਕੀਤਾ ਹੈ। ਉਸ ਤੋਂ ਬਾਅਦ ਅੰਮ੍ਰਿਤ ਵੇਲੇ ਕਥਾ ਨਹੀਂ ਹੋ ਸਕੀ। ਸਿਰੋਪਾਓ ਸੰਗਤਾਂ ਨੂੰ ਬਹੁਤਿਆਂ ਨੂੰ ਦੇਣੇ ਸਨ, ਇਸ ਕਾਰਨ ਕਰਕੇ ਸੇਵਾ ਵਿਚ ਲੱਗੇ ਰਹੇ ਸਨ। ਦਾਸ ਦੇ ਅੰਦਰ ਸਾਧ ਸੰਗਤ ਜੀ! ਇਸ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ ੩੦੦ ਸਾਲਾ ਵਰ੍ਹੇ ਗੰਢ ਦੀ ਖ਼ੁਸ਼ੀ ਅੰਦਰ ਇਹ ਉਤਸ਼ਾਹ ਆਇਆ ਹੈ, ਤੁਸੀਂ ਸਾਰੇ ਭਰਾ ਜਿੰਨੇ ਹੋ ਵੱਡੇ ਹੋ ਗੁਣਾਂ ਕਰਕੇ ਅਤੇ ਬੜੇ ਚਿਰ ਦੇ ਨਾਲ ਦਰਸ਼ਨ ਦੇ ਰਹੇ ਹੋ, ਵੱਡੇ ਮਹਾਂਪੁਰਖਾਂ ਦੇ ਨਾਲ ਭੀ ਕਈ ਸਰੀਰ ਰਹੇ ਹੋ। ਸਭਨਾਂ ਦੇ ਚਰਨਾਂ ਵਿਚ ਬੇਨਤੀ ਹੈ 'ਭਾਈ ਕਰਤਾਰ ਸਿੰਘ ਜੀ' ਸਾਰਿਆਂ ਤੋਂ ਛੋਟਾ ਵਿਦਿਆਰਥੀ ਹੈ। ਇਸ ਦੇ ਤਾਈਂ ਗੁਰੂ ਕਲਗੀਧਰ ਜੀ ਦੇ ਚਰਨੀਂ ਅੱਜ ਦਾਸ ਨੇ ਲਾਇਆ ਹੈ ਕਿ ਇਹ ਦਾਸ ਦੀ ਸੇਵਾ ਜੋ ਸੰਤ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੜ੍ਹਾਈ ਦੀ ਜ਼ਿੰਮੇ ਲਾਈ ਸੀ ਕਿ ਜਿੰਨਾਂ ਚਿਰ ਤੂੰ ਜਿਊਨਾਂ ਹੈ, ਇਹ ਸੇਵਾ ਕਰਦਾ ਰਹੀਂ, ਉਹ ਸੇਵਾ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਜਿੰਨਾਂ ਚਿਰ ਸੁਆਸ ਸਨ, ਨਿਭਦੀ ਰਹੇ। ਪਰ ਇਹ ਸੇਵਾ ਦੀ ਡਿਊਟੀ ਸਾਧ ਸੰਗਤ ਜੀ! ਦਾਸ ਦੇ ਅੰਦਰ ਚਾਉ ਆਇਆ, ਅੱਜ ਵਰ੍ਹੇ ਗੰਢ 'ਤੇ ਸਾਰੀਆਂ ਸੰਗਤਾਂ ਨੂੰ ਸਿਰੋਪਾਓ ਮਿਲੇ ਹਨ ਤੇ ਮੈਨੂੰ ਜਿਹੜਾ ਸਿਰੋਪਾਓ ਸੰਗਤ ਨੇ ਬਖ਼ਸ਼ਿਆ ਸੀ, ਉਹ ਸਿਰੋਪਾਓ 'ਭਾਈ ਕਰਤਾਰ ਸਿੰਘ ਜੀ' ਨੂੰ ਮੈਂ ਗੁਰੂ ਕਲਗੀਧਰ ਜੀ ਦੇ ਚਰਨੀਂ ਲਾ ਕੇ ਇਨ੍ਹਾਂ ਦੇ ਸਿਰ 'ਤੇ ਪਾ ਦਿੱਤਾ ਹੈ। ਇਹ ਸੇਵਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਦਮਦਮੇ ਸਾਹਿਬ ਜੀ ਵਿਚ ਬਖ਼ਸ਼ਿਸ਼ ਕੀਤੀ ਸੀ, ੪੮ ਸਿੰਘ ਅਰਥਾਂ ਦੇ ਨਾਲ ਪੜ੍ਹੇ ਸਨ, ਬਾਬਾ ਦੀਪ ਸਿੰਘ ਸਾਹਿਬ ਜੀ ਅਤੇ ਬਾਬਾ ਮਨੀ ਸਿੰਘ ਸਾਹਿਬ ਜੀ ਆਦਿਕ ਬ੍ਰਹਮ ਗਿਆਨੀ ਉਨ੍ਹਾਂ ਤੋਂ ਜੋ ਚੱਲੀ ਆਉਂਦੀ ਟਕਸਾਲ ਹੈ, ਗੁਰੂ ਕਲਗੀਧਰ ਜੀ ਦੀ, ਉਹ ਸੰਤ ਮਹਾਰਾਜ ਸੰਤ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲਿਆਂ ਨੇ ਦਾਸ ਨੂੰ ਡਿਊਟੀ ਲਾਈ ਸੀ, ਉਹ ਸੇਵਾ ਸਤਿਗੁਰੂ ਸਾਹਿਬ ਜੀ ਸਿਰ-ਤੋੜ ਨਿਭਾਉਣ ਜਿੰਨਾ ਚਿਰ ਸਰੀਰ ਬਣਿਆ

ਹੋਇਆ ਹੈ। ਇਹ ਸੇਵਾ ਸਾਧ ਸੰਗਤ ਜੀ! ਸੰਗਤਾਂ ਨੂੰ ਪੜ੍ਹਾਉਣ ਦੀ, ਇਸ ਦੇ ਤਾਈਂ ਦਾਸ ਨੇ ਗੁਰੂ ਕਲਗੀਧਰ ਦੇ ਚਰਨੀਂ ਪਾ ਕੇ, ਮਹਾਰਾਜ ਲਾਜ ਰੱਖਣ, ਆਪਣਾ ਜਾਣ ਕੇ ਇਹ ਸੇਵਾ ਕਰਨ ਲਈ ਅੱਜ ਤੋਂ ਸਿਰੋਪਾਓ ਇਹਨੂੰ ਗੁਰੂ ਕਲਗੀਧਰ ਜੀ ਦੇ ਦਰ ਵਿਚੋਂ ਪ੍ਰਾਪਤ ਹੋਇਆ ਹੈ।"

'ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥'

"ਅੱਜ ਇਹ ਸਤਿਗੁਰੂ ਦੀ ਕਿਰਪਾ ਦੇ ਨਾਲ, ਸਾਧ ਸੰਗਤ ਜੀ! ਗੁਰੂ ਸਾਹਿਬ ਜੀ ਦੀ ਕਿਰਪਾ ਦੇ ਨਾਲ ਇਸ ਸਿੰਘ ਨੂੰ ਗੁਰੂ ਕਲਗੀਧਰ ਜੀ ਵੱਲੋਂ ਦੱਸੇ ਅਰਥ ਆਪ ਪੜ੍ਹਾਏ ਸਨ। ਇਹ ਆਪ ਦਾ ਜਾਣ ਕੇ, ਆਪਣਾ ਬਿਰਦ ਜਾਣ ਕੇ ਸੇਵਾਦਾਰ ਤੋਂ ਸੇਵਾ ਲੈਂਦੇ ਰਹਿਣ। ਹੋਰ ਬੜੇ ਬਜ਼ੁਰਗ ਸਾਰੇ ਸਿਆਣੇ ਹੋ, ਮਹਾਂਪੁਰਖ ਹੋ, ਤੁਸੀਂ ਸਾਰੇ ਵੱਡੇ ਹੋ, ਇਸ ਨੂੰ ਛੋਟਾ ਜਾਣ ਕੇ ਸਾਰੇ ਕਿਰਪਾ-ਦ੍ਰਿਸ਼ਟੀ ਰੱਖਿਓ ਇਸ ਦੇ ਉੱਤੇ। ਸਭਨਾਂ ਦੇ ਚਰਨਾਂ ਵਿਚ ਬੇਨਤੀ ਹੈ, ਇਹ ਜਿਹੜੀ ਟੇਪ ਕਥਾ ਹੋ ਰਹੀ ਹੈ, ਇਸ ਦੀ ਜ਼ਿੰਮੇਵਾਰੀ ਭੀ 'ਕਰਤਾਰ ਸਿੰਘ' ਦੇ ਜ਼ਿੰਮੇ ਹੋਵੇਗੀ। ਇਹ ਕਥਾ ਜਿਸਨੇ ਸੁਣਨੀ ਹੋਵੇ ਤੇ ਟੇਪ ਦਾ ਉਤਾਰਾ ਕਰਨਾ ਹੋਵੇ, ਇਸ ਦੇ ਪਾਸੋਂ ਕਰ ਲਿਆ ਕਰੇ। ਇਸ ਟੇਪ ਤੇ ਮਸ਼ੀਨ ਇਸ ਦੇ ਕਬਜ਼ੇ ਮੈਂ ਅੱਜ ਤੋਂ ਅਰਦਾਸ ਕੀਤੀ ਹੈ।"

"ਅਤੇ ਦੂਜੀ ਸਾਧ ਸੰਗਤ ਜੀ! ਭਿੰਡਰਾਂ ਦੀ ਜਿਹੜੀ ਜ਼ਿੰਮੇਵਾਰੀ ਹੈ, ਉਹ ਭਾਈ ਚੰਨਣ ਸਿੰਘ ਜੀ ਨੂੰ ਦਿੱਤੀ ਹੋਈ ਹੈ। ਜੇ ਉਹ ਭਾਈ ਚੰਨਣ ਸਿੰਘ ਜੀ ਸੇਵਾ ਕਰਨ ਵਿਚ ਕੁਝ ਆਲਸ ਕਰਨ, ਉਹ ਵੀ ਸੇਵਾ ਇਸ ਦੇ ਜ਼ਿੰਮੇ ਹੈ, ਭਿੰਡਰਾਂ ਦੇ ਪ੍ਰਬੰਧ ਚਲਾਉਣ ਦੀ, ਕਿਉਂਕਿ ਵਿਦਿਆਰਥੀਆਂ ਨੂੰ ਰੱਖ ਕੇ ਕੋਈ ਐਸਾ ਸਮਾਂ ਆਵੇ, ਉਥੇ ਲੰਗਰ ਦਾ ਪ੍ਰਬੰਧ ਹੋਵੇ ਤੇ ਪੜ੍ਹਾਉਂਦੇ ਰਹਿਣ, ਨਹੀਂ ਤਾਂ ਵਿਚਰ ਕੇ ਸੰਗਤਾਂ ਦੀ ਸੇਵਾ ਕਰਨ।

"ਸਾਧ ਸੰਗਤ ਜੀ! ਇਹ ਸੇਵਾ ਦਾਸ ਨੇ ਇਸ ਦੇ ਜ਼ਿੰਮੇ ਲਾਈ ਹੈ, ਤੁਸੀਂ ਹੋ ਸਾਰੇ ਵੱਡੇ, ਸਾਰਿਆਂ ਨੇ ਕਿਰਪਾ-ਦ੍ਰਿਸ਼ਟੀ ਰੱਖਣੀ ਇਸ 'ਤੇ। ਸਭ ਨੇ ਪ੍ਰੇਮ ਕਰਨਾ ਛੋਟਾ ਜਾਣ ਕੇ।"

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

"ਸਤਿਗੁਰੂ ਕਲਗੀਧਰ ਸਾਹਿਬ ਜੀ ਦੇ ਵਰ੍ਹੇ ਗੰਢ ਦੀ ਖ਼ੁਸ਼ੀ ਅੰਦਰ ਤਖ਼ਤ 'ਤੇ ਇਹ ਚਿੱਤ ਵਿਚ ਉਮਾਹ ਆਇਆ ਕਿ ਇਸ ਨੂੰ ਭੀ ਇਸ ਸੇਵਾ ਵਿਚ ਲਾ ਦੇਈਏ, ਇਸ ਕਰਕੇ ਸਾਧ ਸੰਗਤ ਜੀ! ਇਹ ਉਤਸ਼ਾਹ ਨਾਲ ਗੁਰੂ ਕਲਗੀਧਰ ਸਾਹਿਬ ਜੀ ਦੇ ਇਹ ਚਰਨੀਂ ਲੱਗੇ ਹਨ। ਸਤਿਗੁਰਾਂ ਦਾ ਆਪਣਾ ਬਿਰਦ ਹੈ, ਉਨ੍ਹਾਂ ਦੇ ਚਰਨੀਂ ਲਾਇਆ ਹੈ, ਆਪ ਹੀ ਸਿਰ-ਤੋੜ ਨਿਭਾਉਣਗੇ ਸੱਚੇ ਪਾਤਿਸ਼ਾਹ ਜੀ ਇਹ ਸੇਵਾ ਨੂੰ।"

DAMDAMI TAKSAAL.ORG



"ਸਾਧ ਸੰਗਤ ਜੀ! ਇਕ ਇਹਦੇ ਵਾਸਤੇ ਇਹ ਵੀ ਬੇਨਤੀ ਹੈ ਕਿ ਇਹ ਸਿੰਘ ਆਪਣੇ ਜੀਵਨ ਦੇ ਅੰਦਰ ਪਰਿਵਾਰ ਦਾ ਮੋਹ ਨਾ ਕਰੇ ਅਤੇ ਜਿਹੜੀਆਂ ਸੰਗਤਾਂ ਮਾਇਆ ਦਿਆ ਕਰਨ ਸੇਵਾ ਵਾਸਤੇ, ਉਹ ਸੰਗਤਾਂ ਵਿਚ ਹੀ ਖ਼ਰਚ ਕਰਿਆ ਕਰੇ। ਇਸ ਪ੍ਰਕਾਰ ਦਾ ਵੀ ਜੀਵਨ ਇਸ ਦਾ ਹੋਵੇ, ਇਹ ਭੀ ਬੇਨਤੀ ਇਸ ਨੂੰ ਕੀਤੀ ਹੈ।"

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ

੧੯ ਫ਼ਰਵਰੀ, ੧੯੬੦ ਈ: ਨੂੰ ਲੁਧਿਆਣੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਹਨਾਂ ਦੇ ਨਿਵਾਸ ਅਸਥਾਨ 'ਤੇ ਮਹਾਂਪੁਰਖ ਮਿਲੇ। ਸਿੱਖ ਕੌਮ ਵਿਚ ਕਹਿਣੀ ਕਰਣੀ ਦੇ ਇਹ ਦੋ ਮਹਾਨ ਸੰਤ ਸਿਪਾਹੀ ਅਤਿ ਪਿਆਰ ਸਹਿਤ ਮਿਲੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਬਾਰੇ ਵਿਚਾਰ ਹੋਈ। ਸਿੱਖ ਜਗਤ ਵਿਚ ਐਸੇ ਸਤ ਪੁਰਖ ਕਰਮਾਂ ਨਾਲ ਆਉਂਦੇ ਹਨ, ਜੋ :—

*'ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥'*

[ਗਉੜੀ ਕੀ ਵਾਰ ਮਹਲਾ ੪, ਅੰਗ—੩੦੬]

ਦੇ ਮੁਖ ਉਦੇਸ਼ ਦੇ ਧਾਰਨੀ ਹੋਣ। ਬ੍ਰਹਮ ਗਿਆਨੀਆਂ ਦੀਆਂ ਆਤਮਿਕ ਰਸ ਵਾਲੀਆਂ ਵੀਚਾਰਾਂ ਹੋਈਆਂ। ਭਾਈ ਸਾਹਿਬ ਸਰੀਰ ਕਰਕੇ ਭਾਵੇਂ ਢਿੱਲੇ ਸਨ, ਪਰ ਆਤਮਾ ਨੂੰ ਕੋਈ ਦੁਖ ਰੋਗ ਨਹੀਂ ਸੀ। ਬੜੀ ਬੁਲੰਦ ਆਤਮਾ ਸੀ। ਗਿਆਨੀ ਕਰਤਾਰ ਸਿੰਘ ਜੀ ਗੜਵਾਈ ਨਾਲ ਸਨ। ਬਾਣੀ ਬਾਰੇ ਵਿਚਾਰ ਤੁਰ ਪਈ। ਮਹਾਂਪੁਰਖਾਂ ਕਿਹਾ, "ਭਾਈ ਸਾਹਿਬ ਜੀ! ਜੋ ਸਿਮਰਨ ਦਾ ਆਪ ਜੀ ਨੂੰ ਅਨੰਦ ਆ ਰਿਹਾ ਹੈ ਅਤੇ ਜਿਸ ਅਵਸਥਾ 'ਤੇ ਆਪ ਜੀ ਪੁੱਜੇ ਹੋ, ਉਹ ਅਗੰਮੀ ਰਸ ਹੈ।"

ਪਿਆਰ ਦਾ ਬਚਨ ਸੁਣ ਕੇ ਭਾਈ ਸਾਹਿਬ ਜੀ ਦੇ ਨੇਤਰਾਂ ਵਿਚ ਵੈਰਾਗ ਰਸ ਆ ਗਿਆ ਤੇ ਕਹਿਣ ਲੱਗੇ, "ਸੰਤ ਗਿਆਨੀ ਗੁਰਬਚਨ ਸਿੰਘ ਜੀ! ਆਪ ਜੀ ਨਿਮਰਤਾ ਨਾਲ ਕਹਿ ਰਹੇ ਹੋ। ਸੱਚ ਤਾਂ ਇਹ ਹੈ ਕਿ ਕਲਗੀਧਰ ਜੀ ਦੀ ਚਲਾਈ ਟਕਸਾਲ ਦੇ ਆਪ ਮੁਖੀ ਹੋ। ਬ੍ਰਹਮ ਵਿੱਦਿਆ ਦੀ ਸੋਝੀ ਵਾਲੇ ਹੋ, ਦਾਸ ਨੇ ਆਪ ਜੀ ਦੇ ਰਾਗ ਮਾਲਾ ਦੇ ਅੰਤ੍ਰੀਵ ਅਰਥ ਪੜ੍ਹੇ ਹਨ, ਜੋ ਟੀਕਿਆਂ ਵਿਚੋਂ ਨਹੀਂ ਮਿਲ ਸਕਦੇ। ਬਾਣੀ ਅਗੰਮ ਹੈ, ਸਿੱਖ ਭੁੱਲਣਹਾਰ ਤੇ ਗੁਰੂ ਬਖ਼ਸ਼ਣਹਾਰ ਹੈ, ਤੁਹਾਡੇ 'ਤੇ ਗੁਰੂ ਜੀ ਦੀ ਅਪਾਰ ਕਿਰਪਾ ਹੈ।"

ਸਰੀਰ ਕਰਕੇ ਦੋਹਾਂ ਮਹਾਂਪੁਰਖਾਂ ਦਾ ਇਹ ਅਖ਼ੀਰਲਾ ਮਿਲਾਪ ਸੀ। ਇਕ ਦੂਜੇ ਪ੍ਰਥਾਇ ਜੋ ਦੋਹਾਂ ਬਖ਼ਸ਼ੀਆਂ ਰੂਹਾਂ ਨੇ ਬਚਨ ਕੀਤੇ, ਉਸਦਾ ਰਸ ਉਹੀ ਜਾਣਦੇ ਸਨ। ਜਲ-ਪਾਣੀ ਛਕ ਕੇ, ਹੱਥ ਜੋੜ ਕੇ ਗੁਰੂ ਫ਼ਤਹ ਬੁਲਾ ਕੇ ਵਿਦਾਇਗੀ ਲਈ। ਉਪਰੰਤ ਮਹਾਂਪੁਰਖ ਰਾੜਾ ਸਾਹਿਬ ਪੁੱਜੇ। ੨੦ ਫ਼ਰਵਰੀ ਨੂੰ ਪੰਜ ਮਹਾਂਪੁਰਖਾਂ—ਸੰਤ ਗਿਆਨੀ

ਗੁਰਬਚਨ ਸਿੰਘ ਜੀ 'ਖ਼ਾਲਸਾ', ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਸੰਤ ਗਿਆਨੀ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ ਵਾਲੇ, ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲੇ ਅਤੇ ਗਿਆਨੀ ਅਰਜਨ ਸਿੰਘ ਜੀ ਮੁਨੀ ਵਿਚਕਾਰ ਇਕ ਮੀਟਿੰਗ ਹੋਈ। ਇਸ ਤੋਂ ਬਾਅਦ ਵੀ ਦੋ ਚਾਰ ਹੋਰ ਮੀਟਿੰਗਾਂ ਹੋਈਆਂ। ਇਹਨਾਂ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਅਤੇ ਵਿਦਵਾਨਾਂ ਨਾਲ ਰਾਇ ਕਰਕੇ ਅਖ਼ੀਰੀ ਫੈਸਲਾ ਕੀਤਾ, ਜੋ ਪ੍ਰਵਾਨ ਹੋਇਆ ਅਤੇ ਮੰਗਲਾਂ ਬਾਰੇ ਵਾਦ-ਵਿਵਾਦ ਸਮਾਪਤ ਹੋ ਗਿਆ।

## ਜਥਾ ਮਹਿਤਾ ਵਿਖੇ ਪਹੁੰਚਣਾ

ਪਿੰਡ ਨੰਗਲੀ ਦੇ ਭਾਈ ਮੇਵਾ ਸਿੰਘ ਜੀ, ਭਾਈ ਸੰਤ ਸਿੰਘ ਜੀ ਤੇ ਮਾਸਟਰ ਗੁਰਬਚਨ ਸਿੰਘ ਜੀ ਦੀ ਬੇਨਤੀ 'ਤੇ ਮਹਾਂਪੁਰਖਾਂ ਨੇ ਦੀਵਾਨ ਸਜਾ ਕੇ ਨਿਹਾਲ ਕੀਤਾ। ਉਪਰੰਤ ਪਿੰਡ ਮਹਿਤੇ ਦੇ ਪਰਮ ਸ਼ਰਧਾਲੂ ਸ: ਦਲੀਪ ਸਿੰਘ ਜੀ ਸ਼ਾਹ, ਉਨ੍ਹਾਂ ਦੇ ਸਪੁੱਤਰ ਸਰਦਾਰ ਸੰਤ ਸਿੰਘ ਜੀ ਸ਼ਾਹ ਅਤੇ ਸਮੂਹ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ੧੦ ਹਾੜ ਸੰਨ ੧੯੬੯ ਈ: ਨੂੰ ਪਿੰਡ ਨੰਗਲੀ ਤੋਂ ਮਹਿਤੇ ਜਥੇ ਸਮੇਤ ਪਹੁੰਚੇ (ਭਾਈ ਦਲੀਪ ਸਿੰਘ ਜੀ ਸ਼ਾਹ ਦੇ ਉੱਦਮ ਸਦਕਾ ਪਹਿਲਾਂ ਵੀ ਮਹਾਂਪੁਰਖਾਂ ਨੇ ੧੯੩੪ ਈ. ਵਿਚ ਏਥੇ ਪਿੰਡ ਮਹਿਤੇ ਰਹਿ ਕੇ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਲਗਾਤਾਰ ਕੀਤੀ ਸੀ।) ਮਹਾਂਪੁਰਖਾਂ ਦਾ ਉਤਾਰਾ ਬਾਬਾ ਭਾਨ ਸਿੰਘ ਜੀ ਦੇ ਚੁਬਾਰੇ (ਸਚਖੰਡ ਗਮਨ ਅਸਥਾਨ) ਵਿਚ ਹੋਇਆ। ਇਹਨਾਂ ਦਿਨਾਂ 'ਚ ਮਹਾਂਪੁਰਖਾਂ ਦਾ ਸਰੀਰ ਕੁਝ ਢਿੱਲਾ ਸੀ। ਪਰ ਫਿਰ ਵੀ ਰੋਜ਼ਾਨਾ ਦੇ ਪ੍ਰੋਗਰਾਮ, ਇਸ਼ਨਾਨ, ਭਜਨ ਸਿਮਰਨ, ਨਿਤਨੇਮ ਤੇ ਕਥਾ ਕਰਨ 'ਚ ਕੋਈ ਵਿਘਨ ਨਹੀਂ ਸੀ ਪੈਣ ਦਿੱਤਾ।

ਤਿੰਨ ਸੰਥਾ ਕਥਾ ਆਪ ਰੋਜ਼ ਕਰਦੇ ਸਨ। ਇਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਦੂਜੀ ਦਸਮ ਗ੍ਰੰਥ ਜੀ ਦੀ ਅਤੇ ਤੀਜੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ। ਦੋ ਦਿਨ ੧੩ ਤੇ ੧੪ ਹਾੜ ਦੀ ਦਰਮਿਆਨੀ ਰਾਤ ਨੂੰ ਬਲੱਡ ਪਰੈਸ਼ਰ (ਖ਼ੂਨ ਦਾ ਦਬਾ) ਤੇ ਸਾਹ ਦਾ ਬੜਾ ਸਖ਼ਤ ਦੌਰਾ ਪਿਆ। ਪਰ ਇਸ ਬੀਮਾਰੀ ਦੀ ਰੋਕਥਾਮ ਲਈ ਡਾਕਟਰਾਂ ਵੱਲੋਂ ਦੱਸਿਆ ਟੀਕਾ 'ਡੇਰੀਫਾਈਲਾਈਨ' (Deriphylline) ਲਗਾਇਆ ਗਿਆ ਤੇ ਕੁਝ ਗੋਲੀਆਂ ਦਿੱਤੀਆਂ ਗਈਆਂ, ਜਿਨ੍ਹਾਂ ਨਾਲ ਤੜਕ ਸਾਰ ਹੀ ਅਰਾਮ ਆ ਗਿਆ। ੧੪ ਹਾੜ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਤੇ ਨਿੱਤਨੇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕੀਤੀ। ਇਹ ਸੰਤਾਂ ਦੀ ੨੭ਵੀਂ ਆਖ਼ਰੀ ਕਥਾ ਸੀ। ਅੰਗ ੧੧੮੭ ਤੇ ਬਸੰਤ ਰਾਗ ਦੀ ਮਹਲੇ ਪਹਿਲੇ ਦੀ ਪਹਿਲੀ ਅਸਟਪਦੀ, ਬਸੰਤ ਮਹਲਾ ੧ ਦੀ ਬੜੀ ਰਸ ਭਰੀ ਕਥਾ ਕੀਤੀ। ਅੱਜ ਚੇਹਰੇ 'ਤੇ ਕੋਈ ਅਨੋਖਾ ਜਲਾਲ ਸੀ, ਖੇੜਾ ਤੇ ਦਮਕਾਂ ਸਨ। ਫਿਰ ਹਰ ਰੋਜ਼ ਦੀ ਤਰ੍ਹਾਂ ਸੰਤ ਗਿਆਨੀ ਕਰਤਾਰ ਸਿੰਘ

DAMDAMI TAKSAAL.org



ਜੀ 'ਖ਼ਾਲਸਾ' ਜੀ ਪਾਸੋਂ ੫੦ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਿਆ। ਕੁਝ ਆਪ ਪਾਠ ਕੀਤਾ। ਉਪਰੰਤ ਦਸਮ ਗ੍ਰੰਥ ਦੀ ਸੰਥਾ ਕਥਾ ਕੀਤੀ। ੨੦੯ਵੇਂ ਚਰਿੱਤਰ ਤੱਕ ਸੰਥਾ ਦੀ ਕਥਾ ਪੂਰੀ ਹੋਈ ਸੀ। ਪ੍ਰੇਮ ਅਤੇ ਰਸ ਵਿਚ ਆ ਕੇ ਹਰ ਰੋਜ਼ ਦੀ ਤਰ੍ਹਾਂ ਬਹੁਤ ਸਮਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਖੜ੍ਹੇ ਹੋ ਕੇ ਚੌਰ ਕੀਤਾ, ਫਿਰ ਅਰਦਾਸ ਕੀਤੀ। ਬਹੁਤ ਸ਼ਰਧਾ ਤੇ ਚੜ੍ਹਦੀ ਕਲਾ ਨਾਲ ੧੩ ਪਰਕਰਮਾਂ ਕਰਕੇ ਮੱਥਾ ਟੇਕਿਆ।

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਹਰ ਰੋਜ਼ ਦੀ ਤਰ੍ਹਾਂ ਬਾਂਹ ਫੜ ਕੇ ਨਾਲ ਤੁਰਦੇ ਸਨ। ਆਸਣ 'ਤੇ ਆ ਕੇ ਦੁਪਹਿਰ ਦਾ ਪ੍ਰਸ਼ਾਦਿ ਛਕਿਆ, ਜੋ ਸ: ਦਲੀਪ ਸਿੰਘ ਜੀ ਸ਼ਾਹ ਦੇ ਸਪੁੱਤਰ ਸ: ਸੰਤ ਸਿੰਘ ਜੀ ਦੇ ਘਰ ਤਿਆਰ ਸੀ। ਅੰਬ ਵੀ ਬੜੇ ਖ਼ੁਸ਼ ਹੋ ਕੇ ਛਕੇ। ਸੰਤਾਂ ਨੇ ਸੰਤ ਬਾਬਾ ਠਾਕੁਰ ਸਿੰਘ ਜੀ ਨੂੰ ਹੱਸ ਕੇ ਕਿਹਾ, "ਅੱਜ ਸਾਡੇ ਸਾਹਮਣੇ ਕਰਤਾਰ ਸਿੰਘ ਨੂੰ ਰੱਜ ਕੇ ਅੰਬ ਛਕਾ ਦਿਓ।"

ਮਹਾਂਪੁਰਖਾਂ ਦੇ ਸਨਮੁਖ ਬੈਠ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਰੱਜ ਕੇ ਭੋਜਨ ਅਤੇ ਅੰਬ ਛਕਣ ਦਾ ਇਹ ਆਖ਼ਰੀ ਸਮਾਂ ਸੀ। ਫਿਰ ਅਰਾਮ ਕਰਨ ਵਾਸਤੇ ਪਲੰਘ 'ਤੇ ਬਿਰਾਜ ਗਏ, ਸਮੇਂ ਸਿਰ ਉੱਠੇ। ਗਰਮੀ ਬਹੁਤ ਹੋਣ ਕਰਕੇ ਇਸ਼ਨਾਨ ਕੀਤਾ, ਇਸ਼ਨਾਨ ਸਮੇਂ ਦੋ ਤਿੰਨ ਵਾਰ ਬਚਨ ਕੀਤਾ, "ਭਾਈ ਠਾਕੁਰ ਸਿੰਘ ਜੀ! ਭਾਈ ਕਰਤਾਰ ਸਿੰਘ ਜੀ! ਰਾਤੀਂ ਬਹੁਤ ਵੱਡਾ ਬਲੱਡ ਪ੍ਰੈਸ਼ਰ ਦਾ ਦੌਰਾ ਪਿਆ, ਅਸੀਂ ਚੜ੍ਹਾਈ ਕਰ ਚੱਲੇ ਸੀ।" ਮਹਾਂਪੁਰਖ ਰਮਜ਼ਾਂ ਤਾਂ ਦੇਈ ਗਏ, ਪਰ ਰਾਜ਼ (ਭੇਦ) ਨਹੀਂ ਦੱਸਿਆ। ਅਜਰ ਅਵਸਥਾ ਵਿਚ ਕਰਾਮਾਤ ਨਹੀਂ ਵਿਖਾਈ। ਸਿੱਧਾ ਨਹੀਂ ਦੱਸਿਆ ਕਿ ਅੱਜ ਚੜ੍ਹਾਈ ਕਰ ਜਾਣੀ ਹੈ, ਸਗੋਂ (ਚੜ੍ਹਾਈ ਕਰ ਚੱਲੇ ਸੀ, ਕਹੀ ਗਏ) ਸ਼ਾਮ ਦੀ ਕਥਾ ਲਈ ਸੰਗਤ ਵਿਚ ਪਹੁੰਚ ਗਏ। ਸ੍ਰੀ ਗੁਰਪ੍ਰਤਾਪ ਸੂਰਜ ਗਰੰਥ ਵਿਚ ਦਸਮ ਪਾਤਸ਼ਾਹ ਜੀ ਦੇ ਵਿਆਹ ਦੀ ਕਥਾ ਸੀ। ਪਾਠ ਕਥਾ ਦਾ ਭਾਈ ਕਰਤਾਰ ਸਿੰਘ ਜੀ ਕਰਦੇ ਸਨ। ਇਕ ਘੰਟਾ ਕਥਾ ਹੋਈ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਬੇਨਤੀ ਕੀਤੀ, "ਜੀ! ਇਕ ਘੰਟਾ ਹੋ ਗਿਆ ਹੈ, ਸਮਾਪਤੀ ਕਰੀਏ।" ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਖ਼ਿਆਲ ਸੀ ਕਿ ਮਹਾਂਪੁਰਖਾਂ ਨੂੰ ਕਈ ਦਿਨਾਂ ਤੋਂ ਬੀਮਾਰੀ ਦਾ ਦੌਰਾ ਪੈ ਰਿਹਾ ਹੈ, ਸਰੀਰ ਖੇਚਲ ਨਾ ਮੰਨੇ। ਪਰ ਆਪ ਜੀ ਸਰੀਰ ਤੋਂ ਪਰੇ ਸਨ, ਨਾਲੇ ਬਾਜੀ ਜਿੱਤ ਚੁੱਕੇ ਸਨ। ਖ਼ੁਸ਼ੀ ਸੀ ਉਹਨਾਂ ਦੇ ਮਨ ਵਿਚ ਕਿ ਘਾਲ ਕਮਾਈ ਸਫਲੀ ਹੋਈ ਹੈ। ਅੰਤਲਾ ਸਮਾਂ ਹੈ, ਸੋ ਆਪ ਜੀ ਨੇ ਕੁਝ ਸਮਾਂ ਹੋਰ ਕਥਾ ਕੀਤੀ।

ਕਥਾ ਕਰਦਿਆਂ ਬਾਬਾ ਮੇਹਰ ਸਿੰਘ ਜੀ ਪੰਜੋਖਰੇ ਸਾਹਿਬ ਵਾਲੇ ਜੋ ੧੫ ਦਿਨ ਬੀਮਾਰੀ ਕਾਰਨ ਪਿੰਡ ਨੰਗਲੀ ਰਹਿ ਗਏ ਸੀ, ਰਾਜ਼ੀ ਹੋ ਕੇ ਦੀਵਾਨ ਵਿਚ ਆਏ। ਮਹਾਂਪੁਰਖ ਕਥਾ ਕਰਦਿਆਂ ਬਾਬਾ ਜੀ ਨੂੰ ਵੇਖ ਕੇ ਮੁਸਕਰਾ ਪਏ ਤੇ ਕਿਹਾ, "ਆ

ਬਾਬਾ ਮੋਹਰ ਸਿੰਘ! ਚੰਗਾ ਹੋਇਆ ਜਿਉਂਦੇ-ਜਿਉਂਦੇ ਦਰਸ਼ਨ ਦੇ ਦਿੱਤੇ ਹਨ।" ਭਾਵ ਸੀ ਕਿ ਅੱਜ ਅਸਾਂ ਸਚਖੰਡ ਚਲੇ ਜਾਣਾ ਹੈ, ਸਾਨੂੰ ਮਿਲ ਪਿਆ ਹੈਂ।

ਕਥਾ ਦੀ ਸਮਾਪਤੀ ਮਗਰੋਂ ਆਸਣ 'ਤੇ ਪਹੁੰਚ ਗਏ। ਹਰ ਰੋਜ਼ ਦਾ ਨਿੱਤਨੇਮ, ਤਿੰਨ ਜਪੁਜੀ ਸਾਹਿਬ ਦੇ ਪਾਠ, ਪੰਜ ਬਾਣੀਆਂ, ਸ਼ਬਦ ਹਜ਼ਾਰੇ, ਉਪਰੰਤ ਬਾਵਨ ਅਖਰੀ, ਸੁਖਮਨੀ ਸਾਹਿਬ, ਦੋਵੇਂ ਬਾਰਹ ਮਾਹਾ, ਦਿਨ ਰੈਣਿ, ਦਖਣੀ ਓਅੰਕਾਰ, ਸਿਧ ਗੋਸਟਿ, ਜੈਤਸਰੀ ਦੀ ਵਾਰ, ਸਲੋਕ ਸਹਸਕ੍ਰਿਤੀ, ਸਤੇ ਬਲਵੰਡੇ ਦੀ ਵਾਰ, ਸਿਰੀ ਰਾਗੁ ਪਹਿਰੇ ਆਦਿ ਇਹਨਾਂ ਬਾਣੀਆਂ ਦਾ ਨਿੱਤਨੇਮ ਹਰ ਰੋਜ਼ ਜ਼ਬਾਨੀ ਸੁਣਿਆ ਕਰਦੇ, ਚਾਹੇ ਰਾਤ ਦੇ ਬਾਰਾਂ ਵੱਜ ਜਾਣ, ਭਾਵੇਂ ਠੰਢ ਹੋਵੇ, ਭਾਵੇਂ ਗਰਮੀ, ਅੱਜ ੧੪ ਹਾੜ ਦੀ ਰਾਤ ਨੂੰ ਵੀ ਇਹ ਨਿੱਤਨੇਮ ਇਕਾਗਰਤਾ ਨਾਲ ਸੁਣਿਆ। ਮਹਾਂਪੁਰਖ ਪ੍ਰਸ਼ਾਦਾ ਅੱਠ ਪਹਿਰਾ ਹੀ ਛਕਦੇ। ਰਾਤ ਨੂੰ ਸਵਾਇਆ ਕੁ ਦੁੱਧ ਛਕਦੇ, ਅੱਜ ਵੀ ਦੁੱਧ ਛਕਿਆ। ਗਿਆਰਾਂ ਵਜੇ ਸੌਣ ਸਮੇਂ (ਸੋਹਿਲੇ) ਦਾ ਪਾਠ ਮਹਾਂਪੁਰਖਾਂ ਇਕਾਗਰਤਾ ਚਿਤ ਨਾਲ ਆਪ ਕੀਤਾ। ਸੰਖੇਪ ਅਰਦਾਸ ਕਰਕੇ ਵਾਹਿਗੁਰੂ-ਵਾਹਿਗੁਰੂ ਜਪਦੇ ਬਿਰਾਜ ਗਏ। ਸਿੰਘ ਆਪੋ ਆਪਣੇ ਆਸਣਾਂ 'ਤੇ ਜਾ ਬਿਰਾਜੇ। ਭਾਈ ਗੁਰਮੁਖ ਸਿੰਘ ਜੀ ਦਾ ਆਸਣ ਪਿੰਡ ਤੋਂ ਬਾਹਰ ਬੰਬੀ 'ਤੇ ਸੀ, ਉਹ ਉਥੇ ਜਾ ਬਿਰਾਜੇ, ਗਰਮੀ ਬਹੁਤ ਸੀ। ਲਗਪਗ ੧੨ ਕੁ ਵਜੇ ਬੂੰਦਾ-ਬਾਂਦੀ ਦੇ ਨਾਲ ਸਖ਼ਤ ਹਨੇਰੀ ਆਈ, ਸੇਵਾਦਾਰਾਂ ਨੇ ਪਲੰਘ ਡਿਉਢੀ ਦੇ ਅੰਦਰ ਕਰ ਦਿੱਤਾ। ਜ਼ਿਆਦਾ ਹਨੇਰੀ ਕਾਰਨ ਬਿਜਲੀ ਬੰਦ ਹੋ ਗਈ, ਮੀਂਹ ਵੀ ਬਹੁਤ ਪੈਣ ਲੱਗ ਪਿਆ।

## ਸਚਖੰਡ ਗਮਨ

ਹਨੇਰੀ ਨਾਲ ਮਿਟੀ ਘੱਟਾ ਅੰਦਰ ਚਲੇ ਜਾਣ ਕਾਰਨ, ਤੇਜ਼ ਸਾਹ ਦਾ ਸਖ਼ਤ ਦੌਰਾ ਸ਼ੁਰੂ ਹੋ ਗਿਆ। ਅੱਜ ਸਤਵੀਂ ਵਾਰ ਦੌਰਾ ਪਿਆ। ਡਾਕਟਰਾਂ ਵੱਲੋਂ ਦੱਸੀ ਗੋਲੀ ਦਿੱਤੀ ਅਤੇ ਉਹੀ ਟੀਕਾ 'ਡੇਰੀਫਾਈਲਾਈਨ' (Deriphylline) ਲਾ ਦਿੱਤਾ, ਪਰ ਕੁਝ ਫ਼ਰਕ ਨਾ ਪਿਆ। ਡਾਕਟਰ ਦੀ ਹਦਾਇਤ ਅਨੁਸਾਰ ਪੌਣੇ ਘੰਟੇ ਮਗਰੋਂ ਇਕ ਹੋਰ ਟੀਕਾ ਲਾਇਆ ਗਿਆ ਤਾਂ ਇਕ ਵਜੇ ਅਰਾਮ ਆ ਗਿਆ। ਸਭ ਸਿੰਘਾਂ ਨੂੰ ਹੌਂਸਲਾ ਹੋ ਗਿਆ ਤੇ ਚਿੰਤਾ ਦੂਰ ਹੋ ਗਈ। ਸੰਤ ਜੀ ਨੇ ਬਹੁਤ ਪ੍ਰੇਮ ਅਤੇ ਵੈਰਾਗ ਦੇ ਬਚਨ ਕਰਨੇ ਸ਼ੁਰੂ ਕਰ ਦਿੱਤੇ। ਡੇਢ ਵਜੇ ਫਿਰ ਦੌਰਾ ਪੈ ਗਿਆ, ਤੁਰੰਤ ਟੀਕਾ ਲਾਇਆ ਪਰ ਕੋਈ ਅਸਰ ਨਾ ਹੋਇਆ। ਸਾਹ ਬਹੁਤ ਤੇਜ਼ ਚੱਲਣ ਲੱਗ ਪਿਆ। ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ ਪਰ ਸੰਤਾਂ ਸਵਾਸ-ਸਵਾਸ ਉੱਚੀ ਅਵਾਜ਼ ਨਾਲ ਵਾਹਿਗੁਰੂ ਮੰਤ੍ਰ ਦਾ ਜਾਪ ਕਰਨਾ ਆਰੰਭ ਕਰ ਦਿੱਤਾ। ਉਸ ਸਮੇਂ ੩੫ ਕੁ ਸਿੰਘ ਕੋਲ ਹਾਜ਼ਰ ਖੜ੍ਹੇ ਸਨ। ਮਹਾਂਪੁਰਖਾਂ ਇਕ ਵਾਰ ਕਿਹਾ, "ਸਰੀਰ ਬੇਕਾਬੂ ਹੋ ਗਿਆ ਹੈ।" ਪਰ ਫਿਰ ਵੀ ਜਾਪ ਕਰੀ ਗਏ। ਅੰਤ ਨੂੰ ਕੋਲ ਖਲੋਤੇ ਸਿੰਘਾਂ ਵੱਲ ਤਕਦਿਆਂ ਹੱਥ ਜੋੜ ਕੇ ਪਲੰਘ 'ਤੇ ਬੈਠਿਆਂ ਹੀ ਗੱਜ ਕੇ 'ਵਾਹਿਗੁਰੂ ਜੀ ਕਾ

DAMDAMI TAKSAAL.ORG



ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਬੁਲਾਈ ਤੇ ਅੱਖਾਂ ਮੀਟ ਕੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦਿਆਂ ਸਮਾਧੀ ਸਥਿਤ ਹੋ ਕੇ ਦਸਮ ਦੁਆਰ ਰਾਹੀਂ ਆਪਣੇ ਪ੍ਰਾਣਾਂ ਨੂੰ ਸਰੀਰ ਤੋਂ ਵੱਖ ਕਰ ਲਿਆ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਅਸਾਨੀ ਨਾਲ ਤਿਆਗ ਦਿੰਦਾ ਹੈ, ਇਵੇਂ ਹੀ ਮਹਾਂਪੁਰਖਾਂ ਨੇ ਸਰੀਰ ਨੂੰ ਤਿਆਗ ਦਿੱਤਾ ਅਤੇ ਆਪ ਜੀ ਦੀ ਪ੍ਰਤਿਕ ਜੋਤੀ ਅਕਾਲ ਪੁਰਖ ਵਿਚ ਇਕ ਮਿਕ ਹੋ ਗਈ।

੧. *'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥'*
[ਸੋਰਠਿ ਮਹਲਾ ੯, ਅੰਗ—੬੩੪]

੨. *'ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
[ਗਉੜੀ ਸੁਖਮਨੀ ਮ: ੫,ਅੰਗ—੨੭੮]

੩. *'ਸੇਵਕ ਕੀ ਓੜਕਿ ਨਿਬਹੀ ਪ੍ਰੀਤ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥'*
[ਮਾਰੂ ਮਹਲਾ ੫, ਅੰਗ—੧੦੦੦]

੪. *'ਸਫਲ ਸਫਲ ਭਈ ਸਫਲ ਜਾਤ੍ਰਾ॥*
*ਆਵਣ ਜਾਣ ਰਹੇ ਮਿਲੇ ਸਾਧਾ॥'*
[ਧਨਾਸਰੀ ਮਹਲਾ ੫, ਅੰਗ—੬੮੭]

## ਜਥੇ ਦੇ ਸਿੰਘਾਂ 'ਤੇ ਵਿਛੋੜੇ ਦਾ ਅਸਰ

ਜਥੇ ਦੇ ਕਿਸੇ ਸਿੰਘ ਨੂੰ ਵੀ ਰਾਤ ਨੂੰ ਸੌਣ ਸਮੇਂ ਚਿਤ ਚੇਤਾ ਨਹੀਂ ਸੀ ਕਿ ਮਹਾਂਪੁਰਖ ਇਸ ਤਰ੍ਹਾਂ ਅਚਾਨਕ ਸਰੀਰਕ ਵਿਛੋੜਾ ਦੇ ਜਾਣਗੇ ਕਿਉਂਕਿ ਪਿਛਲੇ ਦਿਨ ਤਿੰਨ ਵਾਰ ਕਥਾ ਕੀਤੀ, ਨਿੱਤਨੇਮ ਕੀਤਾ। ਜੋ ਨਿਯਮ ਸਾਰੇ ਦਿਨ ਦਾ ਹੁੰਦਾ ਸੀ, ਉਹ ਵੀ ਪੂਰਾ ਕੀਤਾ। ਜਿਉਂ ਹੀ ਹਿਰਦੇ ਵੇਧਕ ਘਟਨਾ ਦਾ ਸਿੰਘਾਂ ਨੂੰ ਪਤਾ ਲੱਗਾ, ਬਹੁਤ ਵੱਡਾ ਧੱਕਾ ਲਗਾ। ਬਹੁਤ ਸਾਰੇ ਸਿੰਘ ਤਾਂ ਆਪਣੇ ਆਪ ਨੂੰ ਯਤੀਮ ਖ਼ਿਆਲ ਕਰਨ ਲੱਗ ਪਏ। ਕਈਆਂ ਦੀਆਂ ਅੱਖਾਂ ਅੱਗੇ ਹਨ੍ਹੇਰਾ ਆ ਗਿਆ। ਕਈਆਂ ਦੀ ਪਾਗਲਾਂ ਵਾਲੀ ਦਸ਼ਾ ਹੋ ਗਈ, ਕੋਈ ਰੋ ਰਿਹਾ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਤੇ ਸੰਤ ਬਾਬਾ ਠਾਕੁਰ ਸਿੰਘ ਜੀ ਤਾਂ ਅਕਲ ਕਰਕੇ ਗੁੰਮ ਹੋ ਗਏ ਸਨ। ਅੱਖਾਂ ਤੇ ਸਰੀਰ ਸੁੰਨ ਹੋ ਗਿਆ, ਕੰਠ ਰੁਕ ਗਏ, ਉਹ ਦੁਖ (ਵਿਛੋੜਾ) ਲਿਖਿਆ ਨਹੀਂ ਜਾ ਸਕਦਾ। ਯਥਾ :—

*'ਮ: ੫॥ ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ॥੩॥'*
[ਮਾਰੂ ਡਖਣੇ ਵਾਰ ਮਹਲਾ ੫, ਅੰਗ—੧੧੦੦]

ਵਾਲੀ ਹਾਲਤ ਹੋ ਗਈ।

*'ਬਿਛਰਤ ਏਕ ਪ੍ਰਾਨ ਹਿਰ ਲੇਹੀਂ।*
*ਮਿਲਤ ਏਕ ਦਾਰਨ ਦੁਖ ਦੇਹੀ।'* [ਤੁਲਸੀ ਜੀ]

ਕੁਝ ਸਿੰਘ ਗੁਰਦੁਆਰੇ ਜਾ ਕੇ ਚੌਪਈ ਸਾਹਿਬ ਦੇ ਪਾਠ ਤੇ ਅਰਦਾਸਾਂ ਕਰਨ ਲੱਗੇ। ਡਾਕਟਰ ਜੋਗਾ ਸਿੰਘ ਜੀ ਤੇ ਸਾਹਿਬ ਸਿੰਘ ਜੀ ਨੂੰ ਚੌਕ (ਮਹਿਤਾ) ਤੋਂ ਤੁਰੰਤ ਬੁਲਾਇਆ ਗਿਆ। ਉਹਨਾਂ ਨਬਜ਼ ਦੇਖ ਕੇ ਦੱਸਿਆ ਕਿ 'ਖ਼ਾਲਸਾ' ਜੀ ਸਚਖੰਡ ਗਮਨ ਕਰ ਗਏ ਹਨ। ਸਾਰੇ ਸਿੰਘਾਂ ਨੂੰ ਦੱਸਿਆ ਗਿਆ। ਇਹ ਦੁਖਦਾਇਕ ਖ਼ਬਰ ਪਿੰਡ ਮਹਿਤਾ ਵਿਚ ਅਤੇ ਚੁਗਿਰਦੇ ਇਲਾਕੇ ਵਿਚ ਤੇਜ਼ ਹਵਾ ਵਾਂਗ ਫੈਲ ਗਈ। ਹਜ਼ਾਰਾਂ ਸੰਗਤਾਂ ਵਾਹੋ-ਦਾਹੀ ਦਰਸ਼ਨਾਂ ਨੂੰ ਆਉਣ ਲੱਗ ਪਈਆਂ।

## ਪਤਾਲਪੁਰੀ ਵਿਖੇ ਸੰਤਾਂ ਦੇ ਸਰੀਰ ਦਾ ਇਸ਼ਨਾਨ ਤੇ ਸਸਕਾਰ

ਮਹਾਂਪੁਰਖਾਂ ਦਾ ਸਮਾਧੀ ਸਥਿਤ ਸਰੀਰ, ਖਿੜਿਆ ਚਿਹਰਾ, ਪਰ ਪ੍ਰਾਣ ਉਡਾਰੀ ਮਾਰ ਚੁੱਕੇ ਸਰੀਰ ਦਾ ਸਿੰਘਾਂ ਇਸ਼ਨਾਨ ਕਰਵਾਇਆ। ਬਸਤਰ ਬਦਲੇ, ਪਲੰਘ 'ਤੇ ਲਿਟਾ ਦਿੱਤਾ। ਕੋਲ ਗੁਰਬਾਣੀ ਦਾ ਪਾਠ ਤੇ ਕੀਰਤਨ ਉੱਚੇ ਆਸਣ 'ਤੇ ਹੁੰਦਾ ਰਿਹਾ। ਮਹਾਂਪੁਰਖਾਂ ਦੇ ਪਰਿਵਾਰ ਨੂੰ ਲਿਆਉਣ ਵਾਸਤੇ ਕਾਰ ਭੇਜੀ ਗਈ। ਸ੍ਰੀ ਅੰਮ੍ਰਿਤਸਰ ਸਾਹਿਬ ਭਾਈ ਬੂੜ ਸਿੰਘ ਤੇ ਭਾਈ ਹਰਚਰਨ ਸਿੰਘ ਭੇਜੇ। ਹਿਰਦੇ ਵੇਧਕ ਘਟਨਾ ਸੰਤ ਚੰਨਣ ਸਿੰਘ ਜੀ, ਸੰਤ ਫ਼ਤਹਿ ਸਿੰਘ ਜੀ, ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ ਬਰਾੜ, ਜਥੇਦਾਰ ਗਿਆਨੀ ਸਾਧੂ ਸਿੰਘ ਜੀ, ਜਥੇਦਾਰ ਮੋਹਣ ਸਿੰਘ ਤੁੜ ਆਦਿ ਮੁਖੀ ਸਿੰਘ ਤੁਰੰਤ ਮਹਿਤੇ ਪੁਜੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਸ਼ਹਿਰ ਵਿਚ ਇਸ਼ਤਿਹਾਰਾਂ ਰਾਹੀਂ ਖ਼ਬਰ ਦੇ ਦਿੱਤੀ, ਛੁੱਟੀ ਹੋ ਗਈ। ਸਿੱਖ ਕੌਮ ਦੇ ਮੁਖੀ ਤੁਰੰਤ ਪਿੰਡ ਮਹਿਤਾ ਪੁੱਜੇ। ਪ੍ਰੋਗਰਾਮ ਅਨੁਸਾਰ ਮਹਾਂਪੁਰਖਾਂ ਦਾ ਸਰੀਰ ਸ੍ਰੀ ਅੰਮ੍ਰਿਤਸਰ ਸਾਹਿਬ ਲਿਆਂਦਾ ਗਿਆ ਅਤੇ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਵਾਇਆ ਗਿਆ।

ਸਰੀਰ ਖੁੱਲੇ ਟਰੱਕ 'ਚ ਸਜਾ ਦਿੱਤਾ। ਹਜ਼ਾਰਾਂ ਸੰਗਤਾਂ ਨੇ ਦਰਸ਼ਨ ਕੀਤੇ। ਅੰਮ੍ਰਿਤਸਰ ਤੋਂ ਚਾਲੇ ਪਾ ਕੇ ਭਿੰਡਰੀਂ ਹੈੱਡ ਕੁਆਟਰ 'ਤੇ ਰਾਤ ਦਸ ਵਜੇ ਪੁੱਜੇ। ਰਸਤੇ ਵਿਚ ਹਜ਼ਾਰਾਂ ਸੰਗਤਾਂ ਨੇ ਸੜਕ 'ਤੇ ਦੋਹੀਂ ਪਾਸੀਂ ਖਲੋਅ ਕੇ ਦਰਸ਼ਨ ਕੀਤੇ। ਜਲੰਧਰ ਰੇਡੀਓ ਤੋਂ ਸ਼ਾਮ ਨੂੰ ਬਰਾਡਕਾਸਟ ਹੋਇਆ ਕਿ ਕੱਲ੍ਹ ਨੂੰ ਮਹਾਂਪੁਰਖਾਂ ਦੇ ਸਰੀਰ ਦਾ ਸਸਕਾਰ ਪਤਾਲਪੁਰੀ ਵਿਖੇ ਹੋਵੇਗਾ। ਰਾਤ ਮਹਾਂਪੁਰਖਾਂ ਦੇ ਸਰੀਰ ਕੋਲ ਭਿੰਡਰੀਂ ਕੀਰਤਨ ਹੁੰਦਾ ਰਿਹਾ। ਲੱਖ ਕੁ ਦਾ ਇਕੱਠ ਸੀ। ਮਹਾਂਪੁਰਖਾਂ ਖ਼ੁਦ ਆਪ ਪਟਿਆਲੇ ਦਾਸ (ਪ੍ਰੀਤਮ ਸਿੰਘ) ਦੇ ਘਰ ਕਿਹਾ ਸੀ, "ਮੇਰੇ ਸਰੀਰ ਦਾ ਪਤਾਲਪੁਰੀ

DAMDAMI TAKSAAL.ORG



(ਕੀਰਤਪੁਰ ਸਾਹਿਬ) ਸਸਕਾਰ ਕਰਨਾ।" ਭਾਵੇਂ ਇਸ ਬਾਰੇ ਕੁਝ ਮੁਖੀ ਸਿੰਘਾਂ ਨੂੰ ਪਤਾ ਸੀ, ਪਰ ਫਿਰ ਵੀ ਬਹੁਤੇ ਸੰਤਾਂ, ਭਗਤਾਂ ਤੇ ਮੁਖੀਆਂ ਨੇ ਖਿੱਚ ਕੀਤੀ ਕਿ ਸਸਕਾਰ ਭਿੰਡਰੀਂ ਹੋਵੇ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਕਹਿਣ ਲੱਗੇ, "ਮਹਾਂਪੁਰਖਾਂ ਦਾ ਬਚਨ ਸਰੀਰ ਦੇ ਸਵਾਸਾਂ ਤੱਕ ਪੂਰਾ ਕਰਨ ਦਾ ਯਤਨ ਕਰਾਂਗਾ।" ਦਾਸ ਵੀ ਵਿਦਿਆਰਥੀਆਂ ਦੀਆਂ ਪੁਸਤਕਾਂ ਦੇ ਟਰੰਕ ਸੰਭਾਲ ਕੇ ਜਿਸ ਥਾਂ ਉੱਤਰ ਪ੍ਰਸ਼ਨ ਹੋ ਰਹੇ ਸਨ, ਆ ਗਿਆ। ਹੱਥ ਜੋੜ ਕੇ ਕਿਹਾ, "ਇਹ ਠੀਕ ਹੈ ਕਿ ਮਹਾਂਪੁਰਖਾਂ ਨੇ ਦਾਸ ਦੇ ਘਰ ਇਹ ਬਚਨ ਕੀਤਾ ਸੀ ਕਿ ਉਹਨਾਂ ਦੇ ਸਰੀਰ ਦਾ ਸਸਕਾਰ ਪਤਾਲਪੁਰੀ ਵਿਖੇ ਕੀਤਾ ਜਾਵੇ। ਜੇ ਤਾਂ ਮਹਾਂਪੁਰਖਾਂ ਦੇ ਬਚਨਾਂ 'ਤੇ ਨਿਸਚਾ ਹੈ ਅਤੇ ਆਗਿਆਕਾਰ ਵਿਦਿਆਰਥੀ ਹਾਂ ਤਾਂ ਫਿਰ ਵਾਦ-ਵਿਵਾਦ ਕਰਨਾ ਠੀਕ ਨਹੀਂ।"

ਕੀਰਤਪੁਰ ਸਾਹਿਬ ਜਾਣ ਦਾ ਫੈਂਸਲਾ ਹੋ ਗਿਆ। ਅਗਲੇ ਦਿਨ ਸੰਗਤਾਂ ਨੇ ਇਸ਼ਨਾਨ ਕੀਤਾ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪਿਆ, ਠੀਕ ਅੱਠ ਵਜੇ ਉਸੇ ਟਰੱਕ 'ਤੇ ਸੰਤਾਂ ਦਾ ਸਰੀਰ ਸਜਾ ਦਿੱਤਾ ਗਿਆ। ਅਰਦਾਸ ਕਰਕੇ ਕੀਰਤਪੁਰ ਸਾਹਿਬ ਨੂੰ ਚਾਲੇ ਪਾਏ। ਬੱਸਾਂ, ਟਰੱਕਾਂ, ਜੀਪਾਂ, ਟਰਾਲੀਆਂ ਦਾ ਚਾਰ ਮੀਲ ਲੰਬਾ ਜਲੂਸ ਦੀ ਸ਼ਕਲ ਦਾ ਇਕੱਠ, ਮੋਗੇ, ਅਜੀਤ ਵਾਲ, ਜਗਰਾਓਂ ਵਿਚ ਦੀ ਜਾ ਰਿਹਾ ਸੀ। ਚੁਗਿਰਦੇ ਨਗਰਾਂ ਦੇ ਲੋਕ ਸੱਜਲ ਨੇਤਰਾਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸੜਕ 'ਤੇ ਆ ਕੇ ਦਰਸ਼ਨ ਕਰਦੇ ਰਹੇ। ਜਗਰਾਓਂ ਤੋਂ ਅੱਗੇ ਚਾਰ ਪੰਜ ਮੀਲ 'ਤੇ ਮਹਾਂਪੁਰਖਾਂ ਦਾ ਪਰਿਵਾਰ ਯੂ.ਪੀ. ਤੋਂ ਆ ਮਿਲਿਆ। ਉਸ ਵਕਤ ਪੰਜ ਮਿੰਟ ਜਲੂਸ ਰੁਕਿਆ। ਪਰਿਵਾਰ ਪਾਸੋਂ ਸੰਤਾਂ ਦਾ ਵਿਛੋੜਾ ਨਾ ਸਹਿ ਸਕਣ ਵਾਲਾ ਵਾਤਾਵਰਨ ਸੀ। ਸਾਰੀ ਸੰਗਤ ਅਤੇ ਮਾਨੋ ਦਰੱਖਤ, ਪੰਛੀ, ਧਰਤੀ, ਕਰੁਣਾ ਰਸ ਬਣ ਗਏ। ਜਲੂਸ ਫਿਰ ਤੁਰ ਪਿਆ। ਮੁੱਲਾਂਪੁਰ, ਲੁਧਿਆਣਾ ਆਦਿਕ ਸ਼ਹਿਰਾਂ, ਨਗਰਾਂ ਵਿਚ ਦੀ ਹੁੰਦਾ ਹੋਇਆ ਸ਼ਾਮ ਢਾਈ ਤਿੰਨ ਵਜੇ ਗੁਰਦੁਆਰਾ ਪਤਾਲਪੁਰੀ (ਕੀਰਤਪੁਰ ਸਾਹਿਬ) ਪਹੁੰਚਿਆ।

ਪੰਜਾਬ ਦਾ ਮੁੱਖ ਮੰਤਰੀ ਸ: ਗੁਰਨਾਮ ਸਿੰਘ ਸਾਰੀ ਵਜ਼ਾਰਤ ਨਾਲ ਪੁੱਜਿਆ ਹੋਇਆ ਸੀ। ਪੰਜਾਬ ਦਾ ਸਾਰਾ ਸਾਧੂ ਸਮਾਜ, ਸਾਰੇ ਸ਼ਹਿਰਾਂ ਤੋਂ ਅਤੇ ਦਿੱਲੀ ਤੋਂ ਬੱਸਾਂ ਟਰੱਕਾਂ ਰਾਹੀਂ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਪੁੱਜੀਆਂ ਸਨ। ਬਹੁਤ ਵੱਡਾ ਪੰਡਾਲ ਸੱਜਿਆ ਸੀ। ਸਪੀਕਰ ਲੱਗੇ ਹੋਏ ਸਨ ਤੇ ਰਾਗੀ ਕੀਰਤਨ ਕਰ ਰਹੇ ਸਨ। ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਤੇ ਸਾਰਾ ਸਟਾਫ਼, ਮੁਖੀ ਕਰਮਚਾਰੀ ਕਰ ਰਹੇ ਸਨ।

ਪਤਾਲਪੁਰੀ ਦੇ ਨਾਲ ਚਲਦੇ ਸਤਲੁਜ ਦੇ ਪਾਣੀ ਨਾਲ ਮਹਾਂਪੁਰਖਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ ਗਿਆ। ਨਵੇਂ ਬਸਤਰ ਤੇ ਕਕਾਰ ਪਹਿਨਾ ਕੇ ਬਾਹਰ

ਵਾਰ ਸਰੀਰ ਸਜਾ ਦਿੱਤਾ। ਸਾਰੇ ਮੁਖੀਆਂ ਫੁੱਲਾਂ ਦੇ ਹਾਰ ਭੇਟ ਕੀਤੇ। ਚਿਤਾ ਚੰਦਨ ਦੀਆਂ ਲੱਕੜਾਂ, ਚੰਦਨ ਬੂਰਾ, ਦੇਸੀ ਘਿਉ ਦੇ ਪੀਪੇ ਅਤੇ ਹੋਰ ਬਹੁਤ ਸੁਗੰਧਿਤ ਸਮੱਗਰੀ ਲਿਆਂਦੀ ਗਈ ਸੀ। ਨਾਲ-ਨਾਲ ਸੰਗਤਾਂ ਜਪੁਜੀ ਸਾਹਿਬ ਦਾ ਪਾਠ ਕਰ ਰਹੀਆਂ ਸਨ। ਮਹਾਂਪੁਰਖਾਂ ਦਾ ਸਰੀਰ ਸਤਿਕਾਰ ਨਾਲ ਚਿਤਾ 'ਤੇ ਟਿਕਾਅ ਦਿੱਤਾ। ਸਾਰੇ ਮੁਖੀਆਂ ਵੱਲੋਂ ਦੁਸ਼ਾਲੇ ਭੇਟ ਕੀਤੇ ਗਏ। ਵੱਡੇ ਪੰਡਾਲ ਵਿਚ ਵੈਰਾਗਮਈ ਕੀਰਤਨ ਹੋ ਰਿਹਾ ਸੀ। ਅਰਦਾਸ ਕੀਤੀ ਤੇ ਚਿਤਾ ਨੂੰ ਅੱਗ ਸੰਤਾਂ ਦੇ ਸਪੁੱਤਰਾਂ ਵੱਲੋਂ ਲਗਾਈ ਗਈ। ਸਰਕਾਰ ਵੱਲੋਂ ਪੁਲੀਸ ਨੇ ਬੰਦੂਕਾਂ ਉਲਟੀਆਂ ਕਰਕੇ ਵੈਰਾਗਮਈ ਮਾਤਮੀ ਧੁਨ ਗਾਈ। ਸ਼ਾਹੀ ਸਨਮਾਨਾਂ ਨਾਲ ਤੇ ਗੁਰਮਤਿ ਮਰਯਾਦਾ ਨਾਲ ਅੰਤਮ ਸਸਕਾਰ ਕੀਤਾ ਗਿਆ। ੧੬ ਹਾੜ ਸੰਮਤ ੨੦੨੬ ਮੁਤਾਬਿਕ ੨੯ ਜੂਨ, ੧੯੬੯ ਈ: ਸ਼ੁਕਰਵਾਰ ਸ਼ਾਮ ਦੇ ਪੰਜ ਵਜੇ ਦੇ ਕਰੀਬ ਸਸਕਾਰ ਕੀਤਾ ਗਿਆ।

*'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।'*

[ਭਾਈ ਗੁਰਦਾਸ ਜੀ, ਵਾਰ-੧੯, ਪਉੜੀ-੧੪]

ਕੀਰਤਨ ਸੋਹਿਲੇ ਦਾ ਪਾਠ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਕੀਤਾ। ਅਰਦਾਸ ਹੋਈ, ਲੱਖਾਂ ਪ੍ਰੇਮੀਆਂ ਦੇ ਇਕੱਠ ਦੇ ਨੇਤ੍ਰਾਂ ਵਿਚੋਂ ਜਲ ਛਮ-ਛਮ ਜਾਂ ਰਿਹਾ ਸੀ।

## ਭਾਈ ਗੁਰਮੁਖ ਸਿੰਘ ਉੜੀਸਾ ਵੱਲੋਂ ਚਿਖਾ 'ਚ ਛਾਲ ਮਾਰਨੀ

ਮਹਾਂਪੁਰਖਾਂ ਦੀ ਚਿਖਾ ਦੇ ਚੁਗਿਰਦ ਮੁਖੀ ਵਿਦਿਆਰਥੀ ਛੋਟੀਆਂ-ਮੋਟੀਆਂ ਇਧਰ ਉੱਧਰ ਡਿੱਗਦੀਆਂ ਲੱਕੜਾਂ ਨੂੰ ਚਿਖਾ ਵਿਚ ਸੁੱਟਣ ਦਾ ਕੰਮ ਕਰਦੇ ਫਿਰ ਰਹੇ ਸਨ। ਅਚਾਨਕ ਇਕ ਦੁਖਦਾਈ ਭਾਣਾ ਵਰਤ ਗਿਆ। ਸੰਤਾਂ ਦੇ ਸੱਚੇ-ਸੁੱਚੇ ਪਰਮ ਸੇਵਕ ਨਾਮ-ਬਾਣੀ ਵਿਚ ਮਸਤ ਰਹਿਣ ਵਾਲੇ, ਭਾਈ ਗੁਰਮੁਖ ਸਿੰਘ ਜੀ ਉੜੀਸਾ ਨੇ ਸੰਤਾਂ ਦੇ ਜ਼ੋਰਾਂ ਨਾਲ ਬਲ ਰਹੇ ਅੰਗੀਠੇ ਵਿਚ ਛਾਲ ਮਾਰ ਦਿੱਤੀ ਅਤੇ ਸੰਤਾਂ ਦੇ ਸਰੀਰ ਉੱਪਰ ਦੀ ਜੱਫਾ ਪਾ ਲਿਆ। ਸਿੰਘ ਚਿਖਾ ਵੱਲ ਭੱਜੇ, ਹਾਹਾਕਾਰ ਮੱਚ ਗਈ। ਲਾਗੇ ਖੜੋਤੇ ਸਿੰਘਾਂ ਉਸਨੂੰ ਬਚਾਉਣ ਦਾ ਬਹੁਤ ਯਤਨ ਕੀਤਾ, ਪਰ ਕੋਈ ਵੀ ਯਤਨ ਕਾਰਗਰ ਸਿੱਧ ਨਾ ਹੋਇਆ। ਅੱਗ ਬੁਝਾਉਣ ਵਾਲੀ ਸਰਕਾਰੀ ਗੱਡੀ ਵੀ ਪੁੱਜ ਗਈ। ਪੁਲੀਸ ਦੇ ਕਰਮਚਾਰੀ, ਮਹਾਂਪੁਰਖਾਂ ਦੇ ਸਾਰੇ ਵਿਦਿਆਰਥੀ, ਹੋਰ ਕੁਝ ਸ਼ਰਧਾਲੂ ਮੁਖੀ ਕੋਲ ਸਨ। ਏਨੇ ਚਿਰ ਵਿਚ ਭਾਈ ਗੁਰਮੁਖ ਸਿੰਘ ਤੇਜ਼ ਅੱਗ ਵਿਚ ਝੁਲਸ ਚੁੱਕਾ ਸੀ। ਦਾੜ੍ਹਾ ਤੇ ਹੋਰ ਬਸਤਰ ਸੜ ਚੁੱਕੇ ਸਨ, ਦਸਤਾਰ ਨੂੰ ਅਗਨੀ ਸਾੜ ਰਹੀ ਸੀ। ਅੱਗੋਂ ਸਿਰ ਉੱਚਾ ਚੁੱਕਿਆ ਹੋਇਆ ਸੀ। ਬਾਹਰ

DAMDAMI TAKSAAL.ORG



ਕੱਢਣ ਨਾਲ ਬਚਣ ਦੀ ਕੋਈ ਆਸ ਨਹੀਂ ਸੀ। ਪਰ ਗੁਰੂ ਕੇ ਪਿਆਰੇ ਦਾ ਐਸਾ ਪ੍ਰੇਮ ਸੀ, ਨਾ ਤੜਪਿਆ, ਨਾ ਹਾਏ ਕੀਤੀ, ਨਾ ਸੀ ਕੀਤੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਜੈਕਾਰਾ ਬੁਲਾ ਕੇ ਕਿਹਾ, "ਸਿੰਘੋ! ਹੁਣ ਬਾਹਰ ਕੱਢਣ ਦਾ ਕੋਈ ਫਾਇਦਾ ਨਹੀਂ ਹੋਣਾ। ਇਹ ਗੜਵਈ ਬਣ ਕੇ ਸੰਤਾਂ ਨਾਲ ਸਚਖੰਡ ਚਲਾ ਗਿਆ ਹੈ।" ਸ੍ਰੀ ਮੁਖਵਾਕ :—

*'ਮ: ੨॥ ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥੨॥'*

[ਸਿਰੀ ਰਾਗੁ ਕੀ ਵਾਰ, ਅੰਗ—੮੩]

ਸੱਚ ਕਰਕੇ ਦਿਖਾ ਦਿੱਤਾ।

## ਜੀਵਨ—ਭਾਈ ਗੁਰਮੁਖ ਸਿੰਘ ਜੀ ਉੜੀਸਾ

ਭਾਈ ਗੁਰਮੁਖ ਸਿੰਘ ਉੜੀਸਾ, ਭਾਰਤ ਦੇ ਉੜੀਸਾ ਪ੍ਰਾਂਤ ਦੇ ਹਿੰਦੂ ਘਰਾਣੇ ਦਾ ਜੰਮਪਲ ਸੀ। ਗ਼ਰੀਬੀ ਕਾਰਨ ਛੋਟੀ ਉਮਰੇ ਕਲਕੱਤੇ ਆ ਕੇ ਛੋਟੀ-ਮੋਟੀ ਨੌਕਰੀ ਕਰਨ ਲੱਗ ਪਿਆ। ਪਿਛਲੇ ਜਨਮਾਂ ਦੇ ਸੰਸਕਾਰ ਕਰਕੇ ਗੁਰਦੁਆਰਾ ਜਗਤ ਸੁਧਾਰ ਦਰਸ਼ਨ ਕਰਨੇ ਅਤੇ ਹੋਰਨਾਂ ਗੁਰੂ ਘਰਾਂ ਵਿਚ ਜਾ ਕੇ ਵੀ ਪ੍ਰੇਮ ਨਾਲ ਲੰਗਰ ਦੇ ਬਰਤਣ ਮਾਂਜਣ ਦੀ ਸੇਵਾ ਕਰੀ ਜਾਣੀ। ਹੌਲੀ-ਹੌਲੀ ਕਲਕੱਤੇ ਸਾਧੂਆਂ ਦੇ ਦਰਸ਼ਨ ਕਰਦੇ ਰਹਿਣ ਨਾਲ ਤੇ ਸੰਤ ਅਜਾਇਬ ਸਿੰਘ ਜੀ ਦਾ ਰਸ ਭਰਿਆ ਕੀਰਤਨ ਕਥਾ ਸੁਣ ਕੇ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਅਮੋਲ ਬਚਨ ਅਤੇ ਹੋਰਨਾਂ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਅਤੇ ਗੁਰਮਤਿ ਦੇ ਭਿੱਜੇ ਬਚਨ ਸੁਣ ਸੁਣ ਕੇ ਗੁਰਮੁਖ ਸਿੰਘ ਦਾ ਮਨ ਸਿੱਖੀ ਵਲ ਪ੍ਰੇਰਿਆ ਗਿਆ। ਮੋਨੇ ਤੋਂ ਕੇਸ ਰੱਖ ਲਏ। ਹੁਣ ਫੈਕਟਰੀ ਦੀ ਨੌਕਰੀ ਤੋਂ ਬਾਅਦ ਵਾਧੂ ਸਮਾਂ ਆ ਕੇ ਲੰਗਰ ਤੇ ਸੰਗਤ ਦੀ ਸੇਵਾ ਕਰਕੇ ਮਨ ਪੂਰਾ ਰਸ ਵਿਚ ਰਹਿਣ ਲੱਗ ਪਿਆ। ਏਨੇ ਕੁ ਸਮੇਂ ਵਿਚ ਸੰਗਤ ਦੇ ਪ੍ਰੇਮ ਤੇ ਮਹਾਨ ਉੱਦਮ ਕਰਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ੧੫੦ ਵਿਦਿਆਰਥੀਆਂ ਸਮੇਤ ਕਲਕੱਤੇ ਪੁੱਜੇ। ਜਗਤ ਸੁਧਾਰ ਗੁਰਦੁਆਰੇ ਕਥਾ-ਕੀਰਤਨ ਦਾ ਪ੍ਰਵਾਹ ਚੱਲਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਦਰਸ਼ਨ ਕਰਦੀ। ੧੦੧ ਸ੍ਰੀ ਅਖੰਡ ਪਾਠਾਂ ਦੀ ਲੜੀ ਚੱਲ ਪਈ। ਸੇਵਾ ਦਾ ਮਹਾਨ ਕੁੰਭ ਆਰੰਭ ਹੋ ਗਿਆ। ਕਥਾ ਸਮੇਂ ਵਿਦਿਆਰਥੀਆਂ ਦਾ ਪੋਥੀਆਂ ਪ੍ਰਕਾਸ਼ ਕਰਕੇ ਕਥਾ ਸੁਣਨਾ, ਇਹ ਨਜ਼ਾਰਾ ਅਲੌਕਿਕ ਹੀ ਹੁੰਦਾ, ਜੋ ਕਥਨ ਤੋਂ ਬਾਹਰ ਹੈ। ਗੁਰਮੁਖ ਸਿੰਘ ਦਾ ਮਨ ਗੁਰਮਤਿ ਦੀ ਵਿੱਦਿਆ ਪੜ੍ਹਨ ਵਿਚ ਖਿਚਿਆ ਗਿਆ।

*'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥'*
[ਗਉੜੀ ਮਹਲਾ ੫, ਅੰਗ–੨੦੪]

ਅਨੁਸਾਰ ਇਕ ਦਿਨ ਕੁਝ ਫਲ ਲੈ ਕੇ ਮਹਾਂਪੁਰਖਾਂ ਦੇ ਦਰਸ਼ਨ ਕੀਤੇ। ਦੋ ਹੱਥ ਜੋੜ ਕੇ ਚਰਨਾਂ 'ਤੇ ਸੀਸ ਰੱਖਣ ਲੱਗਾ। ਸੰਤਾਂ ਕਿਹਾ, "ਪ੍ਰੇਮੀਆਂ! ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੇਕੀਦਾ ਹੈ, ਗੁਰੂ ਕੀ ਫ਼ਤਹ ਬੁਲਾਈਦੀ ਹੈ।"

ਕੋਲ ਹੀ ਬੈਠੇ ਕੁਝ ਕੁ ਪ੍ਰਬੰਧਕ ਸੱਜਣ ਕਹਿਣ ਲੱਗੇ, "ਮਹਾਂਪੁਰਖੋ! ਇਹ ਹਿੰਦੂ ਘਰਾਣੇ ਦਾ ਪ੍ਰੇਮੀ ਹੈ, ਕੇਸ ਅਜੇ ਹੁਣੇ ਹੀ ਆਪ ਜੀ ਦੀ ਕਥਾ ਦੇ ਅਸਰ ਕਰਕੇ ਰੱਖੇ ਹਨ। ਇਹਦੀ ਇਛਾ ਹੈ ਕਿ ਆਪ ਜੀ ਦੇ ਜਥੇ ਵਿਚ ਭਰਤੀ ਹੋ ਕੇ ਵਿੱਦਿਆ ਪੜ੍ਹੇ। ਇਹ ਬਹੁਤ ਪ੍ਰੇਮੀ ਹੈ, ਸੇਵਾ ਬਹੁਤ ਕਰਦਾ ਹੈ, ਸਾਰੀ ਸੰਗਤ ਇਹਦੀ ਸੇਵਾ 'ਤੇ ਖ਼ੁਸ਼ ਹੈ।'

ਸੰਤਾਂ ਕਿਹਾ, "ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣੇ, ਜਥੇ ਵਿਚ ਰਹਿਣ ਦੀਆਂ ਗੁਰਮਤਿ ਅਨੁਸਾਰ ਸ਼ਰਤਾਂ ਹਨ, ਜੇ ਉਹਨਾਂ ਨਿਯਮਾਂ ਵਿਚ ਰਹੇਗਾ ਤਾਂ ਜਥੇ 'ਚ ਵਿੱਦਿਆ ਪੜ੍ਹੇ।"

ਬਸ ਇਹ ਗੱਲ ਸੁਣ ਕੇ ਗੁਰਮੁਖ ਸਿੰਘ ਦੇ ਮਨ ਵਿਚ ਬਹੁਤ ਚਾਅ ਪੈਦਾ ਹੋਇਆ, ਅੰਮ੍ਰਿਤ ਪਾਨ ਕੀਤਾ। ਕਰਮ ਚੰਦ ਤੋਂ ਨਾਂ ਗੁਰਮੁਖ ਸਿੰਘ ਪੰਜਾਂ ਪਿਆਰਿਆਂ ਨੇ ਰੱਖਿਆ। ਸ਼ਾਮ ਨੂੰ ਸੰਤਾਂ ਨੇ ਦਾਸ (ਲੇਖਕ) ਨੂੰ ਬੁਲਾਇਆ ਤੇ ਹੁਕਮ ਹੋਇਆ, "ਇਹ ਪ੍ਰੇਮੀ ਹਿੰਦੂ ਘਰਾਣੇ ਦਾ ਹੈ, ਸਿੰਘ ਸੱਜ ਗਿਆ ਹੈ। ਜਥੇ ਵਿਚ ਭਰਤੀ ਹੋ ਕੇ ਵਿੱਦਿਆ ਪੜ੍ਹਨ ਦਾ ਸ਼ੌਂਕ ਹੈ। ਇਹਦਾ ਨਾਂ ਅੱਜ ਪੰਜਾਂ ਪਿਆਰਿਆਂ ਨੇ ਗੁਰਮੁਖ ਸਿੰਘ ਰੱਖਿਆ ਹੈ। ਤੂੰ ਜਥੇ ਦੇ ਸਿੰਘਾਂ ਦੀ ਲਿਸਟ ਵਿਚ ਇਹਦਾ ਨਾਮ ਦਰਜ ਕਰ ਲਈਂ। ਹੈ ਵੀ ਗੁਰਮੁਖ ਤੇ ਨਾਮ ਵੀ ਗੁਰਮੁਖ ਸਿੰਘ ਹੈ।"

ਕੋਲ ਹੀ ਬਾਬਾ ਲਾਹੌਰਾ ਸਿੰਘ ਜੀ ਬੈਠੇ ਸਨ। ਸੰਤਾਂ ਨੇ ਕਿਹਾ, "ਲਾਹੌਰਾ ਸਿੰਘ ਜੀ! ਇਹ ਪ੍ਰੇਮੀ ਹਿੰਦੀ ਸਕੂਲ ਵਿਚ ਪੜ੍ਹਿਆ ਹੈ ਤੇ ਗੁਰਮੁਖੀ ਦੇ ਅੱਖਰ ਵੀ ਪੜ੍ਹ ਲੈਂਦਾ ਹੈ। ਇਹਨੂੰ ਕੋਲ ਰੱਖ ਕੇ ਪੜ੍ਹਾਈ ਕਰਾਉਣੀ।"

ਬਸ ਜਥੇ ਵਿਚ ਭਰਤੀ ਹੋ ਕੇ ਬਾਬਾ ਲਾਹੌਰਾ ਸਿੰਘ ਜੀ ਪਾਸੋਂ, ਕਰਤਾਰ ਸਿੰਘ 'ਪ੍ਰੇਮੀ' ਪਾਸੋਂ ਤੇ ਕਿਸ਼ਨ ਸਿੰਘ ਜੀ ਪਾਸੋਂ ਵਿੱਦਿਆ ਪ੍ਰਾਪਤ ਕਰ ਕੇ ਹੌਲੀ-ਹੌਲੀ ਅਖੰਡ ਪਾਠੀ ਬਣ ਗਿਆ। ਨਿੱਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ। ਪਰ ਜ਼ਿਆਦਾ ਰੁਚੀ ਸੇਵਾ ਤੇ ਸਿਮਰਨ ਵਿਚ ਹੋਣ ਕਰਕੇ, ਲੰਗਰ ਦੀ ਅਣਥੱਕ ਸੇਵਾ ਕਰਨੀ, ਦਾਲਾਂ ਸਬਜ਼ੀਆਂ ਬਨਾਉਣੀਆਂ। ਅੱਗ ਬਾਲਣ, ਆਟਾ ਗੁੰਨਣ, ਰੋਟੀਆਂ ਪਕਾਉਣ, ਭਾਂਡੇ ਮਾਂਜਣ ਤੇ ਲੰਗਰ ਵਰਤਾਉਣ ਆਦਿ ਦੀ ਹਰ ਪ੍ਰਕਾਰ ਦੀ ਸੇਵਾ ਬੜੇ ਚਾਅ ਉਤਸ਼ਾਹ, ਉੱਦਮ, ਸ਼ਰਧਾ-ਪਿਆਰ, ਨਿਮਰਤਾ ਤੇ ਸਿਦਕ ਦਿਲੀ ਨਾਲ

DAMDAMI TAKSAAL.ORG



ਕਰਦਾ ਰਿਹਾ। ਜਦੋਂ ਤੋਂ ਸੰਤਾਂ ਦਾ ਸਰੀਰ ਢਿੱਲਾ ਹੋਇਆ, ਤਦੋਂ ਤੋਂ ਸੰਤਾਂ ਦੀ ਮੁੱਠੀ-ਚਾਪੀ ਵੀ ਕਰਦਾ ਰਿਹਾ। ਗਰਮੀ ਵਿਚ ਪੱਖਾ ਝੱਲਣ ਦੀ ਸੇਵਾ ਕਰਦਾ। ਜ਼ਿਆਦਾ ਤਰ ਉਸ ਸਮੇਂ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੁੰਦਾ, ਜਿਸ ਸਮੇਂ ਹੋਰ ਕੋਈ ਸੇਵਾਦਾਰ ਹਾਜ਼ਰ ਨਾ ਹੁੰਦਾ। ਅੰਮ੍ਰਿਤ ਵੇਲੇ ਸੰਤਾਂ ਨੂੰ ਇਸ਼ਨਾਨ ਕਰਾਉਣ ਸਮੇਂ ਵੀ ਹੋਰ ਸਿੰਘਾਂ ਨਾਲ ਸੇਵਾ ਵਿਚ ਪੂਰਾ ਹਿੱਸਾ ਪਾਉਂਦਾ। ਜਥੇ ਦਾ ਲੰਗਰ ਤਿਆਰ ਕਰਨ ਵਾਲੇ ਜਥੇ ਦੇ ਲਾਂਗਰੀ ਸਿੰਘਾਂ ਨੂੰ ਤੇ ਜਥੇ ਦੇ ਬਜ਼ੁਰਗ ਸਿੰਘਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦਾ। ਭਾਵੇਂ ਇਕ ਹੋਵੇ, ਭਾਵੇਂ ਦੋ ਤਿੰਨ ਚਾਰ ਵੀ ਹੋ ਜਾਣ, ਪਰ ਨਿੱਤਨੇਮ ਜ਼ਰੂਰ ਕਰਦਾ, ਸੇਵਾ ਕਰਦਾ ਅੱਕਦਾ-ਥੱਕਦਾ ਨਹੀਂ ਸੀ। ਆਲਸ ਅਤੇ ਦਲਿੱਦਰ ਗੁਰਮੁਖ ਸਿੰਘ ਦੇ ਲਾਗੇ ਨਾਮ ਮਾਤਰ ਵੀ ਨਹੀਂ ਸੀ। ਸੰਤ ਇਸਦੇ ਸੇਵਾ-ਸਿਮਰਨ ਤੇ ਨਿਮਰਤਾ ਵਾਲੇ ਸੁਭਾਅ 'ਤੇ ਬਹੁਤ ਪ੍ਰਸੰਨ ਸਨ।

## ਸਰਬੰਸ ਦਾਨ ਕਰਨਾ

ਇਕ ਵਾਰ ਭਾਈ ਗੁਰਮੁਖ ਸਿੰਘ ਉੜੀਸਾ ਨੇ ਕੁਝ ਮਾਇਆ ਜੋ ਉਸ ਪਾਸ ਸੀ, ਸਰਦੀਆਂ 'ਚ ਉਪਰ ਲੈਣ ਵਾਲੀ ਗਰਮ ਲੋਈ, ਚਾਦਰ, ਕੁਝ ਹੋਰ ਬਸਤਰ, ਕੁਝ ਗ੍ਰੰਥ, ਪੁਸਤਕਾਂ, ਗੁਟਕਾ, ਪੋਥੀਆਂ, ਆਪਣਾ ਝੋਲਾ, ਟਰੰਕ ਤੇ ਗੜਵਾ, ਮਤਲਬ ਇਹ ਕਿ ਸਰੀਰ 'ਤੇ ਪਹਿਨੇ ਬਸਤਰਾਂ ਤੋਂ ਇਲਾਵਾ ਜੋ ਵੀ ਸਮਾਨ ਉਸ ਪਾਸ ਸੀ, ਉਸ ਨੇ ਉਹ ਸੰਤਾਂ ਦੇ ਪਲੰਘ ਪਾਸ ਇਕ ਮੇਜ਼ 'ਤੇ ਲਿਆ ਕੇ ਰੱਖ ਦਿੱਤਾ ਤੇ ਮਸਤਾਨੀ ਤੇ ਨਾਮ ਪ੍ਰੇਮ ਰੰਗ-ਰੰਗੀ ਬਿਰਤੀ 'ਚ ਕਹਿਣ ਲੱਗਾ, "ਮਹਾਰਾਜ! ਮੇਰੀ ਭੇਟਾ ਪ੍ਰਵਾਣ ਕਰੋ।"

ਉਸ ਦੀ ਅੰਤਰ ਆਤਮਾ ਦੇ ਪੂਰੇ ਜਾਣੂ ਸੰਤ ਜੀ ਦ੍ਰਵ ਗਏ ਤੇ ਪਲੰਘ ਤੋਂ ਉੱਠ ਕੇ ਖੜ੍ਹੇ ਹੋ ਕੇ ਅਰਦਾਸ ਵਿਚ ਜੁੜ ਗਏ। 'ਉੜੀਸਾ' ਜੀ ਦੀ ਇਸ ਭੇਟਾ ਦੀ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਭਾਈ ਗੁਰਮੁਖ ਸਿੰਘ ਉੜੀਸਾ ਆਪ ਦੀ ਸੰਗਤ ਦੀ ਭੇਟਾ ਆਪਣਾ ਸਰਬੰਸ ਦਾਨ ਕਰਦਾ ਹੈ। ਇਸ ਨੂੰ ਆਪਣੇ ਨਾਮ ਰੰਗ ਵਿਚ ਰੰਗੀ ਰੱਖਣਾ ਤੇ ਲੋਕ-ਪ੍ਰਲੋਕ ਵਿਚ ਆਪਣੇ ਅੰਗ-ਸੰਗ ਰੱਖਣਾ।"

ਇਹ ਅਰਦਾਸ ਕੀ ਸੀ ਕਿ ਸੁਣਨ ਵਾਲਿਆਂ ਦੇ ਨੇਤ੍ਰ ਸੱਜਲ ਹੋ ਗਏ ਤੇ ਅਦਭੁਤ ਰਸ ਛਾ ਗਿਆ। 'ਉੜੀਸਾ' ਜੀ ਦੀ ਆਤਮਾ ਗਦ-ਗਦ ਹੋ ਗਈ। ਸਿੰਘਾਂ ਦੇ ਪੁੱਛਣ 'ਤੇ ਕਿ ਮਹਾਰਾਜ! ਇਹ ਮਾਮੂਲੀ ਵਸਤੂਆਂ ਜਿਹੜੀਆਂ ਤੁਸਾਂ ਹੀ ਇਸ ਨੂੰ ਦਿੱਤੀਆਂ ਸਨ, ਨਾਲ ਸਰਬੰਸ ਦਾਨ ਕਿਵੇਂ ਹੋ ਗਿਆ। ਤਾਂ ਸੰਤਾਂ ਨੇ ਰਸ ਵਿਚ ਭਰ ਕੇ ਕਿਹਾ, "ਭਾਈ ਉੜੀਸਾ ਨੇ ਸਰੀਰ ਤੱਕ ਜੋ ਕੁਝ ਇਸ ਪਾਸ ਸੀ ਤੇ ਜਿਸ ਨੂੰ ਇਹ ਆਪਣਾ ਸਮਝਦਾ ਸੀ, ਸਭ ਕੁਝ ਦੀ ਹੀ ਅਰਦਾਸ ਕਰਵਾ ਦਿੱਤੀ ਹੈ।

ਇਸ ਦਾ ਨਾਮ ਹੀ ਸਰਬਸ ਦਾਨ ਜਾਂ ਸਰਬੰਸ ਦਾਨ ਹੈ, ਜੋ ਦਾਨ ਕਰਨਾ ਹਰ ਇਕ ਦਾ ਕੰਮ ਨਹੀਂ।

## ਮੇਰੀ ਸੰਤਾਂ ਨਾਲ ਨਿਭ ਜਾਏ

ਇਕ ਦਿਨ ਉੜੀਸਾ ਜੀ ਦੇ ਸੇਵਾ-ਸਿਮਰਨ ਵਾਲੇ ਸੁਭਾਅ ਤੇ ਜੀਵਨ ਉੱਪਰ ਪ੍ਰਸੰਨ ਹੋ ਕੇ ਸੰਤ ਜੀ ਰਸ ਵਿਚ ਆ ਕੇ ਕਹਿਣ ਲੱਗੇ, "ਆ ਬਈ ਉੜੀਸਾ! ਮੰਗ ਲੈ ਜੋ ਤੇਰੀ ਇੱਛਾ ਹੈ। ਅਸੀਂ ਤੇਰੇ 'ਤੇ ਬਹੁਤ ਪ੍ਰਸੰਨ ਹਾਂ।"

ਅੱਗੋਂ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਹੋਰ ਤਾਂ ਮੈਨੂੰ ਕੋਈ ਇੱਛਾ ਨਹੀਂ ਸਿਰਫ਼ ਇਕੋ ਹੀ ਇੱਛਾ ਹੈ ਕਿ ਮੇਰੀ ਤੁਹਾਡੇ ਨਾਲ ਤੋੜ ਨਿਭ ਜਾਵੇ ਤੇ ਨਾਲ ਗੁਰਬਾਣੀ ਦੀਆਂ ਇਹ ਪੰਗਤੀਆਂ ਪੜ੍ਹੀਆਂ :—

*'ਤੁਮ ਹਰਿ ਸੇਤੀ ਰਾਤੇ ਸੰਤਹੁ ॥*
*ਨਿਬਾਹਿ ਲੇਹੁ ਮੋਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥'*

[ਗਉੜੀ ਮਹਲਾ ੫, ਅੰਗ—੨੦੯]

ਸੰਤਾਂ ਨੇ ਖ਼ੁਸ਼ ਹੋ ਕੇ ਕਿਹਾ, "ਕਲਗੀਧਰ ਜੀ ਦੀ ਮਿਹਰ ਸਦਕਾ ਤੇਰੀ ਸਾਡੇ ਨਾਲ ਤੋੜ ਤੱਕ ਹੀ ਨਿਭ ਜਾਵੇਗੀ।" ਉਸ ਵੇਲੇ ਸੁਣਨ ਵਾਲੇ ਸਿੰਘ ਇਸ ਭੇਦ ਭਰੀ ਗੁਫਤਗੂ (ਵਾਰਤਾਲਾਪ) ਨੂੰ ਨਾ ਸਮਝ ਸਕੇ। ਉਨ੍ਹਾਂ ਸਿਰਫ਼ ਇਹ ਗੱਲ ਸਮਝੀ ਕਿ ਉੜੀਸਾ ਕਹਿੰਦਾ ਹੈ ਕਿ ਮੈਨੂੰ ਜਥੇ ਵਿਚੋਂ ਤੋਰਿਆ ਜੇ ਨਾ, ਸਦਾ ਜਥੇ ਵਿਚ ਰੱਖਿਆ ਜੇ। ਅੰਤ ਤੱਕ ਭਾਵ ਪ੍ਰਲੋਕ ਤੱਕ ਨਾਲ ਨਿਭਣ ਦਾ ਭੇਦ ਤਾਂ ਕੀਰਤਪੁਰ ਸਾਹਿਬ ਪਤਾਲਪੁਰੀ ਵਿਖੇ ਖੁੱਲ੍ਹਿਆ, ਜਦੋਂ ਆਪ ਸੰਤਾਂ ਦੇ ਅੰਗੀਠੇ 'ਚ ਛਾਲ ਮਾਰ ਕੇ, ਸੰਤਾਂ ਦੇ ਸਰੀਰ ਨਾਲ ਹੀ ਅਗਨ ਭੇਟ ਹੋ ਗਏ।

ਭਾਈ ਗੁਰਮੁਖ ਸਿੰਘ ਉੜੀਸਾ ਦੀ ਅਗਨ ਭੇਟ ਹੋ ਜਾਣ ਵਾਲੀ ਅਨੋਖੀ ਘਟਨਾ ਨੂੰ ਵੇਖਣ ਵਾਲੀਆਂ ਸੰਗਤਾਂ, ਜਥੇ ਦੇ ਸਿੰਘਾਂ, ਪੰਥਕ ਮੁਖੀਆਂ, ਪੰਜਾਬ ਦੇ ਮੰਤ੍ਰੀਆਂ, ਅਧਿਕਾਰੀਆਂ, ਪੁਲੀਸ ਤੇ ਸਿਵਲ ਅਫ਼ਸਰਾਂ ਅਤੇ ਸਰਕਾਰੀ ਕਰਮਚਾਰੀਆਂ ਦੀ ਹੈਰਾਨੀ ਦੀ ਹੱਦ ਨਾ ਰਹੀ ਤੇ ਸਾਰੇ ਸਿਰਫ਼ ਇਕੋ ਹੀ ਗੱਲ ਯਕ ਜ਼ਬਾਨ ਹੋ ਕੇ ਕਹਿੰਦੇ ਸੁਣੇ ਗਏ ਕਿ ਧੰਨ ਗੁਰੂ, ਧੰਨ ਗੁਰੂ ਦੇ ਸਿੱਖ, ਸੰਤ, ਖ਼ਾਲਸਾ, ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਤੇ ਧੰਨ ਹਨ ਉਹਨਾਂ ਦੇ ਜਥੇ ਦੇ ਸਿੰਘ ਭਾਈ ਗੁਰਮੁਖ ਸਿੰਘ ਜੀ ਉੜੀਸਾ।

## ਇਹ ਭਾਣਾ ਕਿਵੇਂ ਵਰਤਿਆ

ਦਾਸ (ਪ੍ਰੀਤਮ ਸਿੰਘ) ਨੂੰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਦੱਸਿਆ ਕਿ ੧੪ ਹਾੜ ਦੀ ਰਾਤ ਨੂੰ ਭਾਈ ਗੁਰਮੁਖ ਸਿੰਘ ਉੜੀਸਾ ਗਿਆਰਾਂ ਵਜੇ

DAMDAMI TAKSAAL.ORG



ਤੱਕ ਸੰਤਾਂ ਕੋਲ ਪੱਖਾ ਝੱਲਦਾ ਤੇ ਮੁੱਠੀ-ਚਾਪੀ ਕਰਦਾ ਰਿਹਾ ਤੇ ਰਾਤ ੧੧ ਵਜੇ ਸਰਦਾਰ ਦਲੀਪ ਸਿੰਘ ਜੀ ਸ਼ਾਹ ਮਹਿਤੇ ਵਾਲਿਆਂ ਦੀ ਬੰਬੀ 'ਤੇ ਆਪਣੇ ਆਸਣ 'ਤੇ ਜਾ ਬਿਰਾਜਿਆ। ਦੋ ਵਜੇ ਉੱਭੜ ਵਾਹੇ ਉਠਿਆ, ਸਾਥੀਆਂ ਨੂੰ ਕਹਿਣ ਲੱਗਾ, "ਮੈਨੂੰ ਸੰਤ ਅਵਾਜ਼ਾਂ ਮਾਰ ਰਹੇ ਹਨ ਕਿ ਆ ਭਾਈ ਗੁਰਮੁਖ ਸਿੰਘ! ਚੱਲੀਏ, ਛੇਤੀ ਆ।"

ਸਿੰਘਾਂ ਨੇ ਕਿਹਾ, "ਤੈਨੂੰ ਐਵੇਂ ਸੁਪਨਾ ਆਇਆ ਹੋਣਾ ਹੈ, ਸੰਤ ਤਾਂ ਇਸ ਸਮੇਂ ਬਿਰਾਜੇ ਹੋਏ ਹੋਣਗੇ।"

ਪਰ ਉਹ ਆਪਣੀ ਧੁਨ ਵਿਚ ਤੁਰਿਆ ਗਿਆ। ਜਦ ਨੇੜੇ ਅੱਪੜਿਆ ਤਾਂ ਇਕ ਸਿੰਘ ਨੇ ਦੱਸਿਆ ਕਿ ਸੰਤ ਜੀ ਤਾਂ ਸਚਖੰਡ ਨੂੰ ਚੜ੍ਹਾਈ ਕਰ ਗਏ ਹਨ। ਸੁਣਦਿਆਂ ਸਾਰ ਕਾਲਜਾ ਫੜ੍ਹ ਕੇ ਬੈਠ ਗਿਆ। ਰੋਣਾ ਚਾਹੁੰਦਾ ਸੀ, ਪਰ ਰੋ ਨਹੀਂ ਸਕਿਆ। ਪੱਥਰ ਦੀ ਮੂਰਤੀ ਵਾਂਗ ਜੜ੍ਹ ਹੋ ਗਿਆ। ਸੰਤਾਂ ਦੇ ਪਲੰਘ ਕੋਲ ਜਾ ਕੇ ਫ਼ਤਹ ਬੁਲਾ ਕੇ ਨਿੰਮੋਝੂਣਾ ਜਿਹਾ ਹੋ ਕੇ ਬੈਠ ਗਿਆ। ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਵਾਉਣ ਵੇਲੇ ਵੀ ਨਾਲ ਸ਼ਾਮਲ ਸੀ। ਇਸ ਨੇ ਸਵੇਰ ਤੋਂ ਕੁਝ ਵੀ ਨਹੀਂ ਖਾਧਾ-ਪੀਤਾ ਸੀ। ਸ਼ਾਮ ਦੇ ਚਾਰ ਵਜੇ ਸਰਹਾਲੀ ਪਿੰਡ ਇਕ ਲੱਸੀ ਦਾ ਗਿਲਾਸ ਬਦੋ-ਬਦੀ ਸਿੰਘਾਂ ਨੇ ਪਿਲਾਇਆ। ਸੰਤਾਂ ਵਾਲੇ ਟਰੱਕ ਵਿਚ ਨਾਲ ਹੀ ਰਿਹਾ। ਭਿੰਡਰੀਂ ਟਰੱਕ ਅੱਪੜਨ 'ਤੇ ਬਾਕੀ ਸਿੰਘ ਤਾਂ ਉੱਤਰ ਕੇ ਲੰਗਰ ਛਕਣ, ਆਸਨ ਲਾਉਣ ਜਾਂ ਜ਼ਰੂਰੀ ਕੰਮਾਂ ਵਿਚ ਰੁੱਝ ਗਏ, ਪਰ ਇਹ ਟਰੱਕ ਵਿਚ ਨਾਲ ਹੀ ਰਿਹਾ।

ਦਾਸ (ਲੇਖਕ) ਪਟਿਆਲੇ ਤੋਂ ਸਿੱਧਾ ਪਰਿਵਾਰ ਸਮੇਤ ਰਾਤ ੮ ਵਜੇ ਭਿੰਡਰੀਂ ਪੁੱਜ ਗਿਆ। ਮਹਾਂਪੁਰਖਾਂ ਦੇ ਸਰੀਰ ਨਾਲ ਹੀ ਸਾਰੇ ਜਥੇ ਦਾ ਸਮਾਨ ਸੀ। ਦਾਸ ਨਾਲ ਗੁਰਮੁਖ ਸਿੰਘ ਤੇ ਹੋਰ ਸਿੰਘਾਂ ਨੇ ਲੱਗ ਕੇ ਸਾਰੇ ਟਰੰਕ ਗੁਰਦੁਆਰੇ ਦੀ ਗੈਲਰੀ ਵਿਚ ਰੱਖ ਦਿੱਤੇ। ਗੁਰਮੁਖ ਸਿੰਘ ਨੇ ਦੋ-ਦੋ ਤੇ ਤਿੰਨ-ਤਿੰਨ ਟਰੰਕ ਵੀ ਚੁੱਕੇ। ਦਾਸ ਨੇ ਕਿਹਾ, "ਬਹੁਤਾ ਭਾਰ ਨਾ ਚੁੱਕ।"

ਤਾਂ ਉੜੀਸਾ ਨੇ ਉੱਤਰ ਦਿੱਤਾ, "ਲਿਖਾਰੀ ਜੀ! ਕਿਹੜਾ ਹਮੇਸ਼ਾ ਚੁੱਕਣਾ ਹੈ।" ਮੇਰੇ ਮਨ ਦੀ ਸੋਚ ਨੇ ਇਹ ਸਮਝਿਆ ਕਿ ਨਾ ਕੋਈ ਏਡੀ ਹਸਤੀ ਹੋਵੇ ਅਤੇ ਨਾ ਹੀ ਏਡਾ ਵੱਡਾ ਜਥਾ ਰੱਖੇ।

ਸਮਾਨ ਟਿਕਾਣੇ 'ਤੇ ਪਹੁੰਚਾਉਣ ਬਾਅਦ ਗੁਰਮੁਖ ਸਿੰਘ ਸੰਤਾਂ ਦੇ ਸਰੀਰ ਕੋਲ ਸਾਰੀ ਰਾਤ ਹੀ ਬੈਠਾ ਰਿਹਾ। ਸਸਕਾਰ ਤੋਂ ਪਹਿਲਾਂ ਪਤਾਲਪੁਰੀ ਸਿੰਘਾਂ ਨਾਲ ਮਿਲ ਕੇ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ। ਇਕ ਸਿੰਘ ਨੇ ਦੱਸਿਆ ਕਿ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਾਉਣ ਉਪਰੰਤ ਉੜੀਸਾ ਨੇ ਆਪ ਨਦੀ ਵਿਚ ਜਾ ਕੇ ਇਸ਼ਨਾਨ ਕੀਤਾ। ਮਹਾਂਪੁਰਖਾਂ ਦੇ ਇਸ਼ਨਾਨ ਸਮੇਂ ਉਤਾਰੇ ਬਸਤਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਪਾਸ ਸਨ। ਉਹਨਾਂ ਕੋਲੋਂ ਸੰਤਾਂ ਦੇ ਸੀਸ

ਵਾਲੀ ਦਸਤਾਰ ਲੈ ਕੇ ਆਪਣੇ ਸੀਸ 'ਤੇ ਸਜਾ ਲਈ। ਚਿਖਾ ਵਾਲੀ ਥਾਂ ਤੋਂ ਨੇੜੇ ਨਦੀ ਵਾਲੇ ਪਾਸੇ ਝਾੜੀਆਂ ਵਿਚ ਬੈਠ ਕੇ ਜਪੁਜੀ ਸਾਹਿਬ ਤੇ ਸੋਹਿਲੇ ਦਾ ਪਾਠ ਕੀਤਾ, ਖੜ੍ਹੇ ਹੋ ਕੇ ਅਰਦਾਸ ਕੀਤੀ। ਸਿੰਘ ਸਮਝਦੇ ਰਹੇ ਕਿ ਸੰਤਾਂ ਲਈ ਅਰਦਾਸ ਕਰਦਾ ਹੈ, ਪਰ ਇਹ ਸਾਰੀ ਤਿਆਰੀ ਆਪਣੇ ਸਸਕਾਰ ਦੀ ਕਰ ਰਿਹਾ ਸੀ। ਚਿਖਾ ਨੂੰ ਅਗਨੀ ਦਿੱਤੀ ਗਈ। ਉੱਚੇ ਲਾਂਬੂ ਨਿਕਲੇ ਤਾਂ ਗੁਰਮੁਖ ਸਿੰਘ ਦੂਜੇ ਸਿੰਘਾਂ ਨਾਲ ਰਲ ਕੇ ਅੰਗੀਠੇ ਦੇ ਇਰਦ-ਗਿਰਦ ਬਾਲਣ ਨੂੰ ਚੁੱਕ ਕੇ ਅੰਗੀਠੇ ਵਿਚ ਸੁੱਟਦਾ ਰਿਹਾ। ਇਸ ਤਰ੍ਹਾਂ ਅੰਗੀਠੇ ਦੀਆਂ ਚਾਰ ਪ੍ਰਕਰਮਾ ਕੀਤੀਆਂ। ਜਦੋਂ ਬਾਕੀ ਸਿੰਘ ਦੂਜੇ ਪਾਸੇ ਸਨ ਤਾਂ ਨਦੀ ਦੀ ਤਰਫ਼ੋਂ ਦੌੜ ਕੇ ਚਿਖਾ ਵਿਚ ਛਾਲ ਮਾਰ ਦਿੱਤੀ। ਸਰਦਾਰ ਅਵਤਾਰ ਸਿੰਘ ਨੇ ਉਸ ਦਾ ਪੈਰ ਫੜ੍ਹਨਾ ਚਾਹਿਆ, ਪਰ ਪੈਰ ਹੱਥ ਵਿਚੋਂ ਨਿਕਲ ਗਿਆ। ਰਾਗੀ ਬਚਿੱਤਰ ਸਿੰਘ ਨੇ ਵੀ ਆਪਣਾ ਪਰਨਾ ਦੋਹਾਂ ਲੜਾਂ ਤੋਂ ਫੜ੍ਹ ਕੇ ਇਉਂ ਸੁੱਟਿਆ, ਜਿਵੇਂ ਉਹ ਪੈਰ 'ਚ ਅੜ ਜਾਵੇ ਤੇ ਉਸਨੂੰ ਬਾਹਰ ਖਿੱਚ ਲਿਆ ਜਾਵੇ, ਪਰ ਅੱਗ ਦੀ ਤੇਜ਼ੀ ਕਰਕੇ ਪਰਨਾ ਇਕ ਸਕਿੰਟ ਤੋਂ ਵੀ ਪਹਿਲਾਂ ਸੜ ਕੇ ਸੁਆਹ ਹੋ ਗਿਆ। ਗਿਆਨੀ ਗੁਰਬਚਨ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਵੀ ਬਚਾਉਣ ਦਾ ਯਤਨ ਕੀਤਾ।

## ਇਤਿਹਾਸਕ ਘਟਨਾ ਦੁਹਰਾਈ ਗਈ

ਉਸ ਵਕਤ ਮੇਰਾ ਖ਼ਿਆਲ ਪਤਾਲਪੁਰੀ ਦੇ ਇਸੇ ਹੀ ਸਥਾਨ 'ਤੇ ਹੋਈ ਇਸੇ ਤਰ੍ਹਾਂ ਦੀ ਹੀ ਇਕ ਇਤਿਹਾਸਕ ਘਟਨਾ ਵੱਲ ਚਲਾ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਤਮ ਸਸਕਾਰ ਸਮੇਂ ਅੰਗੀਠੇ ਵਿਚ ਰਾਜਾ ਰਾਮ ਰਾਜਪੂਤ ਅਤੇ ਜੱਟ ਦਾ ਪੁੱਤਰ ਛਾਲ ਮਾਰ ਕੇ ਅਗਨ ਭੇਟ ਹੋ ਗਏ ਸਨ। ਇਸ ਘਟਨਾ ਦਾ ਜ਼ਿਕਰ ਮੁਸਲਮਾਨ ਇਤਿਹਾਸਕਾਰ ਮੁਹਸਨ ਫਾਨੀ ਨੇ ਆਪਣੀ ਕਿਤਾਬ 'ਦਬਿਸਤਾਨਿ ਮਜ਼ਾਹਿਬ' ਵਿਚ ਕੀਤਾ ਹੈ। ਜਿਸ ਦੀ ਫ਼ਾਰਸੀ ਵਿਚ ਨਕਲ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਨੰਬਰ ੧੬੪੬-੧੧੨ 'ਤੇ ਪਈ ਹੈ। ਉਸ ਦੇ ਪੰਨਾ ੮੩ 'ਤੇ ਇਉਂ ਲਿਖਿਆ ਹੈ :—

> *'ਰੋਜ਼ਿ ਯਕ ਸ਼ੰਬਾ ਸੇਮ ਮੁਹੱਰਮ-ਉਲਹਰਾਮ ੧੦੫੫ ਹਿਜਰੀ ਗੁਰੂ ਸਫਰ ਆਖਰਤ ਅਖਤਿਆਰ ਕਰਦ। ਚੂੰ ਜੁੱਸਾ ਓ ਰਾ ਬਾਲਾਏ ਹੇਜ਼ਮ ਗੁਜ਼ਾਸ਼ਤਹ ਆਤਸ਼ ਜ਼ਦੰਦ ਵ ਜ਼ਬਾਨਾਏ ਆਤਸ਼ ਬਲੰਦ ਸ਼ੁਦ। ਰਾਜਾ ਰਾਮ ਨਾਮ ਰਾਜਪੂਤੇ ਕਿ ਮੁਲਾਜ਼ਮ ਊ ਬੂਦ ਖ਼ੁਦ ਰਾ ਦਰ ਆਤਸ਼, ਅਫਗੰਦ ਵ ਚੰਦ ਕਦਮ ਬਰ ਆਤਸ਼ ਬਰਦਾਸ਼ਤ ਤਾ ਖ਼ੁਦ ਰਾ ਬਪਾਏ ਗੁਰੂ ਰਸਾਨੀਦ। ਰੂਏ ਖ਼ੁਦ ਰਾ ਬਰ ਕਫੇ ਪਾਏ ਊ ਗੁਜ਼ਾਸ਼ਤ, ਵ ਹਰਕਤ ਨ ਕਰਦ ਤਾ ਜਾਨ ਦਾਦ। ਪਸ ਅਜ਼ ਓ ਪਿਸਰਿ ਜੱਟੇ, ਕਿ ਖਿਦਮਤਿ ਦਾਮਾਦ ਗੁਰੂ ਮੇ ਕਰਦ।*



> *ਦਰ ਆਤਸ਼ ਜੱਸਤ ਵ ਬਾਅਦ ਅਜ਼ਾਂ ਜੁਮਾਏ ਕਸੀਰੁਉਲਹੰਦ ਜਸਤਨ ਕਰਦੰਦ ਗੁਰੂ ਹਰਿਰਾਇ ਮਾਨਅ ਸ਼ੁਦ।'*

ਉਪਰੋਕਤ ਫ਼ਾਰਸੀ ਹੱਥ ਲਿਖਤ ਦਾ ਉੱਲਥਾ ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਨੇ 'ਸਿੱਖ ਇਤਿਹਾਸ ਦੇ ਪ੍ਰਮੁੱਖ ਸੋਮੇ' ਨਾਮ ਦੇ ਲੇਖ ਵਿਚ ਪੰਨਾ ੫ 'ਤੇ ਇਸ ਤਰ੍ਹਾਂ ਲਿਖਿਆ ਹੈ :—

> *'ਐਤਵਾਰ ਦੇ ਦਿਨ ਮਹੀਨਾ ਮੁਹੱਰਮ ਦੀ ੩ ਤ੍ਰੀਕ ੧੦੫੫ ਹਿਜਰੀ ਨੂੰ ਜਦ ਉਨ੍ਹਾਂ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਦੀ ਦੇਹ ਨੂੰ ਚਿਤਾ 'ਤੇ ਰੱਖ ਕੇ ਅੱਗ ਲਾਈ ਗਈ ਤੇ ਜਦ ਅੱਗ ਦੇ ਉੱਚੇ ਲਾਂਬੂ ਨਿਕਲੇ ਤਾਂ ਗੁਰੂ ਸਾਹਿਬ ਦੇ ਇਕ ਰਾਜਪੂਤ ਨੌਕਰ ਰਾਜਾ ਰਾਮ ਨੇ ਝਟਪਟ ਅੱਗ ਵਿਚ ਛਾਲ ਮਾਰ ਦਿੱਤੀ। ਥੋੜ੍ਹੀ ਦੂਰ ਅੱਗ ਵਿਚ ਜਾ ਕੇ ਉਹ ਗੁਰੂ ਸਾਹਿਬ ਦੇ ਚਰਨਾਂ ਕੋਲ ਪੁੱਜ ਗਿਆ। ਉਸ ਨੇ ਆਪਣਾ ਸਿਰ ਗੁਰੂ ਸਾਹਿਬ ਦੇ ਚਰਨਾਂ ਉੱਤੇ ਰੱਖ ਦਿੱਤਾ ਤੇ ਉਦੋਂ ਤੀਕ ਨਾ ਚੁੱਕਿਆ, ਜਦ ਤੀਕ ਉਹ ਭਸਮ ਨਾ ਹੋ ਗਿਆ। ਉਸ ਦੇ ਮਗਰੋਂ ਜੱਟਾਂ ਦੇ ਇਕ ਮੁੰਡੇ ਨੇ ਜਿਹੜਾ ਉਨ੍ਹਾਂ ਦੇ ਜਵਾਈ ਕੋਲ ਨੌਕਰ ਸੀ, ਮਚਦੀ ਚਿਖਾ ਵਿਚ ਛਾਲ ਮਾਰ ਦਿੱਤੀ। ਇਸ ਤੋਂ ਮਗਰੋਂ ਬਹੁਤ ਸਾਰਿਆਂ ਨੇ ਇਹ ਰੀਸ ਕਰਨੀ ਚਾਹੀ ਪਰ ਗੁਰੂ ਹਰਿਰਾਇ ਜੀ ਨੇ ਇਉਂ ਕਰਨੋ ਰੋਕ ਦਿੱਤਾ।'*

੨੯ ਜੂਨ, ੧੯੬੯ ਈ: ਨੂੰ ਸ਼ਾਮ ਦੇ ੪ ਵਜੇ ਪੰਥ ਪ੍ਰਸਿੱਧ ਹਸਤੀ, ਮਹਾਂਪੁਰਖ ਸ਼ਬਦ ਦੇ ਸਹੀ ਅਰਥਾਂ ਵਿਚ ਦਸਾਂ ਸਤਿਗੁਰਾਂ ਦੇ ਅਨੰਨਯ ਸਿੱਖ, ਸ਼ਾਂਤ ਆਤਮਾ, ਪੂਰਨ ਬ੍ਰਹਮ ਗਿਆਨੀ, ਪਰਮ ਸੰਤ, ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ-ਨਿਵਾਜੇ ਨਖਾਲਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਦੇ ਲਾਸਾਨੀ ਅਰਥ ਗਿਆਤਾ, ਵਿਆਖਿਆਕਾਰ ਤੇ ਗੁਰਮਤਿ ਅਚਾਰਯ ਗਿਆਨੀ, ਗੁਰੂ ਦਰੋਂ ਵਰੋਸਾਈ ਰੂਹ, ਗੁਰੂ ਤੇ ਵਾਹਿਗੁਰੂ ਦੇ ਭਾਣੇ ਵਿਚ ਚੱਲਣ ਵਾਲੀ ਪਵਿੱਤਰ ਜ਼ਿੰਦਗੀ, ਪਰਉਪਕਾਰੀ, ਜਗਤ ਵਖਯਾਤ, ਨਾਮਵਰ ਸ਼ਖ਼ਸੀਅਤ, ਸੁੰਦਰ ਸੂਰਤਿ, ਮੋਹਨੀ ਮੂਰਤਿ, *'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ'* [ਆਸਾ ਦੀ ਵਾਰ ਮਹਲਾ ੧, ਅੰਗ—੪੭੦] ਨੂੰ ਮੂਰਤੀਮਾਨ ਕਰਨ ਵਾਲੀ ਮਹਾਨ ਅਦੁੱਤੀ ਵਿਅਕਤੀ, ਨਿਰਭਉ ਤੇ ਨਿਰਵੈਰ ਹਿਰਦੇ ਦੇ ਮਾਲਕ ਸ੍ਰੀਮਾਨ ਸਤਿਕਾਰ ਯੋਗ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਦੇ ਅੰਗੀਠੇ ਦੀਆਂ ਉੱਚੀਆਂ ਨਿਕਲ ਰਹੀਆਂ ਲਾਟਾਂ ਵਿਚ ਦੀ ਲੰਘ ਕੇ ਉਨ੍ਹਾਂ ਦੇ ਸਰੀਰ ਨਾਲ ਭਾਈ ਗੁਰਮੁਖ ਸਿੰਘ ਉੜੀਸਾ ਨੇ ਲਿਪਟ ਕੇ ਉਨ੍ਹਾਂ ਦੇ ਸਰੀਰ ਦੀ ਰਾਖ ਨਾਲ ਆਪਣੇ ਸਰੀਰ ਦੀ ਰਾਖ ਨੂੰ ਇਕ-ਮਿੱਕ ਕਰ ਲਿਆ। ਮੈਂ ਉਸ ਸਮੇਂ ਇਹ ਦ੍ਰਿਸ਼ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਸਾਂ। ਹੋਰਨਾਂ ਸਿੰਘਾਂ ਵਾਂਗ ਦਾਸ ਨੇ ਵੀ ਭਾਈ ਗੁਰਮੁਖ

DAMDAMI TAKSAAL.ORG

ਸਿੰਘ ਨੂੰ ਅੰਗੀਠੇ 'ਚੋਂ ਬਾਹਰ ਖਿੱਚਣ ਦਾ ਯਤਨ ਕੀਤਾ। ਪਹਿਲੀ ਵਾਰ ਪੈਰਾਂ ਤੱਕ ਹੱਥ ਚਲੇ ਵੀ ਗਏ ਪਰ ਬਹੁਤੀ ਅੱਗ ਅੱਗੇ ਪੇਸ਼ ਨਾ ਗਈ। ਫਿਰ ਯਤਨ ਕੀਤਾ ਤਾਂ ਦਾਸ ਦੇ ਪਰਨੇ ਨੂੰ ਅੱਗ ਲੱਗ ਗਈ। ਇਕ ਦੋ ਸਿੰਘਾਂ ਨੇ ਝੱਟ ਦਾਸ ਨੂੰ ਫੜ੍ਹ ਕੇ ਪਿਛਾਂਹ ਲੈ ਆਂਦਾ। ਨਾਲ ਪਰਨੇ ਦੀ ਅੱਗ ਬੁਝਾਅ ਦਿੱਤੀ। ਉਸ ਵਕਤ ਜੇ ਪੁਲੀਸ ਕਾਬੂ ਨਾ ਪਾਉਂਦੀ ਤਾਂ ਸ਼ਾਇਦ ਅਜਿਹਾ ਕੋਈ ਹੋਰ ਵੀ ਭਾਣਾ ਵਰਤ ਜਾਂਦਾ ਕਿਉਂਕਿ ਮਹਾਂਪੁਰਖਾਂ ਦਾ ਵਿਛੋੜਾ ਨਾ ਸਹਾਰਿਆ ਜਾਣ ਵਾਲਾ ਸੀ। ਯਥਾ :—

*'ਇਹੁ ਵੇਛੋੜਾ ਸਹਿਆ ਨ ਜਾਇ ॥'* [ਮਲਾਰ ਮਹਲਾ ੩, ਅੰਗ—੧੨੬੨]

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਸੰਤ ਬਾਬਾ ਠਾਕੁਰ ਸਿੰਘ ਜੀ ਗੜਵਈ ਉੱਤੇ ਅਤੇ ਹੋਰ ਕੁਝ ਸਿੰਘਾਂ ਉੱਤੇ ਪਹਿਲਾਂ ਹੀ ਪਹਿਰਾ ਲਾਇਆ ਹੋਇਆ ਸੀ ਕਿ ਇਸ ਵਿਛੋੜੇ ਵਿਚ ਅਜਿਹਾ ਹੀ ਕੋਈ ਭਾਣਾ ਨਾ ਵਰਤਾ ਦੇਣ, ਜਿਸਦਾ ਦ੍ਰਿਸ਼ ਦਾਸ ਨੇ ਅਤੇ ਲੱਖਾਂ ਹੋਰ ਪ੍ਰੇਮੀਆਂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਤੱਕਿਆ ਸੀ ਤੇ ਲਿਖਿਆ ਜਾ ਰਿਹਾ ਹੈ।

ਉਪਰੋਕਤ ਇਤਿਹਾਸਕ ਘਟਨਾ ਵਰਗੀ ਹੀ ਇਤਿਹਾਸਕ ਘਟਨਾ ਜਿਸ ਬਾਰੇ ਲਿਖਾਰੀ ਮੁਹਸਨ ਫਾਨੀ ਨੇ ਲਿਖਿਆ ਸੀ ਕਿ ਹਜ਼ਾਰਾਂ ਸ਼ਰਧਾਲੂਆਂ ਦੇ ਦੇਖਦਿਆਂ-ਦੇਖਦਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪਰਮ ਸੇਵਕ ਅਗਨ ਭੇਟ ਹੋਏ ਸੀ; ਅੱਜ ਦੇ ਇਸ ਦੌਰ ਵਿਚ ਉਸੇ ਇਤਿਹਾਸਕ ਘਟਨਾ ਨੂੰ ਭਾਈ ਗੁਰਮੁਖ ਸਿੰਘ ਜੀ ਨੇ ਦੁਹਰਾਇਆ। ਇਸ ਇਤਿਹਾਸਕ ਘਟਨਾ ਬਾਰੇ ਦੁਸਹਿਰੇ ਵਾਲੇ ਦਿਨ ਭਿੰਡਰੀਂ ਲੱਖਾਂ ਦੇ ਇਕੱਠ ਵਿਚ ਮਹਾਨ ਵਿਦਵਾਨ ਸ: ਅਮਰ ਸਿੰਘ ਜੀ ਦੁਸਾਂਝ ਨੇ ਬੜੇ ਪ੍ਰਭਾਵ ਵਿਚ ਸਟੇਜ 'ਤੇ ਦੱਸਦੇ ਹੋਇਆਂ ਕਿਹਾ ਸੀ ਕਿ ਜਿਸ ਤਰ੍ਹਾਂ ਮਹਾਂਪੁਰਖਾਂ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਰਹੇਗਾ, ਉਥੇ ਨਾਲ ਹੀ ਭਾਈ ਗੁਰਮੁਖ ਸਿੰਘ ਜੀ ਦਾ ਨਾਮ ਵੀ ਦੁਨੀਆਂ ਦੇ ਇਤਿਹਾਸ ਵਿਚ ਇਕ ਮਿਸਾਲ ਦੇ ਤੌਰ 'ਤੇ ਲਿਆ ਜਾਵੇਗਾ।

੧ੴ ਸਤਿਗੁਰ ਪ੍ਰਸਾਦਿ॥

# ਚੌਥਾ ਕਾਂਡ

## ਸਸਕਾਰ ਬਾਅਦ ਜਥਾ ਭਿੰਡਰੀਂ ਪੁੱਜਣਾ

ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੁਖੀ ਹਿਰਦਿਆਂ ਨਾਲ, ਜਲ ਨਾਲ ਭਰੇ ਨੇਤਰਾਂ ਨੂੰ ਲੈ ਕੇ ਹਾਰੇ ਹੋਇ ਜੁਆਰੀਏ ਵਾਂਗ ਵਾਪਸ ਆਪੋ-ਆਪਣੇ ਟਿਕਾਣਿਆਂ ਨੂੰ ਚਲੀਆਂ ਗਈਆਂ। ਮਹਾਂਪੁਰਖਾਂ ਦੇ ਮੁਖੀ ਵਿਦਿਆਰਥੀ ਟਰੱਕਾਂ ਵਿਚ ਬੈਠ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਸ੍ਰੀ ਕੇਸਗੜ ਸਾਹਿਬ ਵਿਖੇ ਅਲਾਹਣੀਆਂ ਦਾ ਪਾਠ ਕੀਤਾ, ਅਰਦਾਸ ਕੀਤੀ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ। ਫਿਰ ਟੱਰਕਾਂ ਰਾਹੀਂ ਜਥਾ ਭਿੰਡਰੀਂ ਪੁੱਜਾ। ਦਾਸ ਪਰਿਵਾਰ ਸਮੇਤ ਰਾਤ ਅਨੰਦਪੁਰ ਸਾਹਿਬ ਰਿਹਾ। ਅਗਲੇ ਦਿਨ ਵਾਪਸ ਗੁਰਦੁਆਰਾ ਦੂਖ ਨਿਵਾਰਨ ਪਟਿਆਲੇ ਕਥਾ ਦੀ ਡਿਊਟੀ 'ਤੇ ਹਾਜ਼ਰ ਹੋ ਗਿਆ। ੩੦ ਜੂਨ ਨੂੰ ਭਿੰਡਰੀਂ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਹੋ ਗਈ। ਦੋਨੋਂ ਵਕਤ ਵੈਰਾਗਮਈ ਕਥਾ-ਕੀਰਤਨ ਹੁੰਦਾ। ਭਾਣਾ ਮੰਨਣ ਅਤੇ ਮਹਾਂਪੁਰਖਾਂ ਦੇ ਕੀਤੇ ਉਪਕਾਰਾਂ ਬਾਰੇ ਵੀਚਾਰਾਂ ਹੁੰਦੀਆਂ।

## ਅੰਗੀਠਾ ਜਲ ਪ੍ਰਵਾਹ

ਮਿਤੀ ੧-੭-੬੯ ਈਸਵੀ, ਦਿਨ ਮੰਗਲਵਾਰ ਨੂੰ ਭਾਈ ਕਰਤਾਰ ਸਿੰਘ ਜੀ, ਭਾਈ ਭਗਵਾਨ ਸਿੰਘ ਜੀ (ਸੰਤਾਂ ਦੇ ਸਪੁੱਤਰ), ਭਗਤ ਉਜਾਗਰ ਸਿੰਘ ਜੀ, ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਅਤੇ ਹੋਰ ਮੁਖੀ ਸਿੰਘਾਂ ਨੇ ਭਿੰਡਰਾਂ ਤੋਂ ਪਤਾਲਪੁਰੀ ਪਹੁੰਚ ਕੇ ਸੰਤਾਂ ਦੇ ਅੰਗੀਠੇ ਪਾਸ ਪੰਜ ਬਾਣੀਆਂ ਦਾ ਪਾਠ ਕੀਤਾ, ਅਰਦਾਸ ਕੀਤੀ ਅਤੇ ਅੰਗੀਠੇ ਦੀ ਸਾਰੀ ਰਾਖ ਇਕ ਬੋਰੀ ਵਿਚ ਪਾ ਕੇ ਸਤਿਲੁਜ ਦੇ ਵਗਦੇ ਡੂੰਘੇ ਪ੍ਰਵਾਹ ਵਿਚ ਜਲ ਪ੍ਰਵਾਹ ਕਰ ਦਿੱਤੀ। ਕਲਗੀਧਰ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਪਵਿੱਤਰ ਹੋਏ ਸਤਿਲੁਜ ਦੇ ਪਾਣੀ ਨੇ ਕਲਗੀਧਰ ਦੇ ਪਿਆਰੇ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੀਆਂ ਅਸਥੀਆਂ ਸਮੇਤ ਰਾਖ ਨੂੰ ਆਪਣੇ ਨਾਲ ਇਕ-ਮਿੱਕ ਕਰ ਲਿਆ। ਉਪਰੰਤ ਸਿੰਘ ਵਾਪਸ ਭਿੰਡਰੀਂ ਪੁੱਜੇ। ਅੱਠ ਜੁਲਾਈ ਨੂੰ ਦੁਸਹਿਰੇ ਵਾਲੇ ਦਿਨ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋਇਆ। ਦਾਸ ਵੀ ਪਰਿਵਾਰ ਸਮੇਤ ਪਟਿਆਲੇ ਤੋਂ ਸ: ਅਮਰ ਸਿੰਘ

DAMDAMI TAKSAAL.ORG

ਕੰਬੋਜ ਦੇ ਨਾਲ ਕਾਰ ਵਿਚ ੮ ਜੁਲਾਈ ਨੂੰ ਸਵੇਰੇ ੯ ਵਜੇ ਭਿੰਡਰੀਂ ਪੁੱਜਾ। ਮਹਾਂਪੁਰਖਾਂ ਦੇ ਅਸਥਾਨ 'ਤੇ ਨਮਸਕਾਰ ਕੀਤੀ। ਕੁਝ ਕੁ ਮੁਖੀ ਵਿਦਿਆਰਥੀਆਂ ਅਤੇ ਕੁਝ ਕੁ ਸਿਆਸੀ ਬੰਦਿਆਂ ਦੀਆਂ ਗੱਲਾਂ ਤੋਂ ਮਨ ਉਦਾਸ ਹੋਇਆ ਕਿ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਕੰਮ ਨਹੀਂ ਹੋ ਰਿਹਾ।

ਦਾਸ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਕੋਲ ਕਮਰੇ ਵਿਚ ਗਿਆ। ਉਥੋਂ ਸਾਰਾ ਪਤਾ ਲੱਗਾ। ਦਾਸ ਨੇ ਅਤੇ ਹੋਰ ਮੁਖੀਆਂ ਨੇ ਬੇਨਤੀ ਕੀਤੀ ਕਿ ਆਪ ਜੀ ਗੁਰਦੁਆਰੇ ਚੱਲੋ, ਏਥੇ ਥਾਂ ਥੋੜ੍ਹਾ ਹੈ। ਸੰਗਤਾਂ ਬਹੁਤ ਆ ਰਹੀਆਂ ਹਨ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਰਬਾਰ ਸਾਹਿਬ ਚਲੇ ਗਏ। ਸੰਗਤਾਂ ਸਿਰੋਪਾਓ ਦਿੰਦੀਆਂ। ਦੀਵਾਨ ਦੀ ਸਮਾਪਤੀ ਬਾਅਦ ਸੰਤ ਬਾਬਾ ਸੋਹਣ ਸਿੰਘ ਜੀ ਬਿਧੀ ਚੰਦੀਏ ਅਤੇ ਹੋਰ ਮੁਖੀ ਮਹਾਤਮਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਨਾਲ ਲੈ ਕੇ ਕੁਝ ਵਿਦਿਆਰਥੀਆਂ ਸਮੇਤ ਟਰੱਕਾਂ 'ਤੇ ਬੈਠ ਕੇ ਸ਼ਾਮ ਨੂੰ ਪਿੰਡ ਮਹਿਤੇ ਪੁੱਜੇ। ਏਥੇ ਮਹਾਂਪੁਰਖਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ।

## ਮਹਿਤੇ ਵਿਖੇ ਦਸਤਾਰ ਬੰਦੀ

੧੧੦ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ਸਮੇਂ ਦਾਸ ਵੀ ਪਟਿਆਲੇ ਤੋਂ ਏਥੇ ਪੁੱਜਾ ਸੀ। ਲੱਖਾਂ ਦੇ ਇਕੱਠ ਵਿਚ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਭਿੰਡਰਾਂ ਦੀ ਸੰਪ੍ਰਦਾਇ ਦੇ ਮੁਖੀ ਵਜੋਂ ਤਖ਼ਤਾਂ ਵੱਲੋਂ, ਸਾਰੀਆਂ ਸੰਪ੍ਰਦਾਵਾਂ ਵੱਲੋਂ, ਡੇਰੇਦਾਰਾਂ ਵੱਲੋਂ, ਸਾਧੂਆਂ ਵੱਲੋਂ, ਜਥੇਬੰਦੀਆਂ ਵੱਲੋਂ ਅਤੇ ਸੰਗਤਾਂ ਵੱਲੋਂ ਸਿਰੋਪਾਓ ਦਿੱਤੇ ਗਏ। ਠਾਠਾਂ ਮਾਰਦੇ ਸਮਾਗਮ ਦਾ ਲੰਗਰ ਵੀ ਅਤੁੱਟ ਸੀ। ਲੱਡੂਆਂ ਨਾਲ ਪੂਰਾ ਵੱਡਾ ਕਮਰਾ ਭਰਿਆ ਸੀ। ਸੈਂਕੜੇ ਵਰਤਾਵੇ ਵਰਤਾ ਰਹੇ ਸਨ। ਸੰਤਾਂ ਦੀ ਜੈ ਜੈਕਾਰ ਹੋ ਰਹੀ ਸੀ।

ਮਹਾਂਪੁਰਖਾਂ ਦੀ ਪ੍ਰਤੱਖ ਕਰਾਮਾਤ ਕਿ ਥੋੜ੍ਹੇ ਸਮੇਂ ਵਿਚ ਹੀ ਏਡਾ ਵੱਡਾ ਗੁਰਦੁਆਰਾ ਕਾਇਮ ਹੋ ਗਿਆ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਕਥਾ ਦਾ ਰਸ ਵੀ ਵੱਡੇ ਮਹਾਂਪੁਰਖਾਂ ਵਾਂਗ ਸੰਗਤਾਂ ਮਾਣਦੀਆਂ। ਵਿਦਿਆਰਥੀ ਪੋਥੀਆਂ ਪ੍ਰਕਾਸ਼ ਕਰਕੇ ਪੜ੍ਹਾਈ ਕਰਦੇ। ਪ੍ਰੋਗਰਾਮ ਸੰਗਤਾਂ ਬਣਾਉਂਦੀਆਂ। ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਤੇਜ ਪ੍ਰਤਾਪ ਦਿਨ ਦੂਨਾ ਰਾਤ ਚੌਗਨਾ ਵਧਦਾ ਗਿਆ ਅਤੇ ਈਰਖਾਲੂਆਂ ਵਲੋਂ ਪਾਈ ਫੁੱਟ ਘਟਦੀ ਗਈ।

DAMDAMI TAKSAAL.ORG



## ਮਹਿਤੇ ਦੇ ਪਰਮ ਸ਼ਰਧਾਲੂ ਭਾਈ ਦਲੀਪ ਸਿੰਘ ਜੀ ਸ਼ਾਹ ਦਾ ਮਹਾਂਪੁਰਖਾਂ ਨਾਲ ਪ੍ਰੇਮ

ਆਪ ਜੀ ਦੇ ਸਪੁੱਤਰ ਭਾਈ ਸੰਤ ਸਿੰਘ ਜੀ ਸ਼ਾਹ ਦੇ ਦੱਸਣ ਮੁਤਾਬਿਕ ਆਪ ਜੀ ਨੂੰ ਸੰਪੂਰਨ ਪੰਜ ਗ੍ਰੰਥੀ ਜ਼ਬਾਨੀ ਯਾਦ ਸੀ ਅਤੇ ਉਸਦਾ ਬਕਾਇਦਾ ਹਰ ਰੋਜ਼ ਨਿੱਤਨੇਮ ਕਰਿਆ ਕਰਦੇ ਸਨ, ਇਸ ਤੋਂ ਇਲਾਵਾ ਹਰ ਰੋਜ਼ ੩੩ ਮਾਲਾ ਮੂਲਮੰਤ੍ਰ ਦੀਆਂ ਵੀ ਕਰਿਆ ਕਰਦੇ।

ਪ੍ਰਮੇਸ਼ਰ ਦੀ ਕਿਰਪਾ ਨਾਲ ਧਨ, ਪਦਾਰਥ ਆਦਿਕ ਕਿਸੇ ਵੀ ਚੀਜ਼ ਦੀ ਘਰ ਵਿਚ ਕਮੀ ਨਹੀਂ ਸੀ, ਪਰ ਕਦੀ ਵੀ ਆਪ ਜੀ ਦੇ ਮਨ ਵਿਚ ਵੱਡਾ ਪੁਣਾ, ਹੰਕਾਰ ਨਹੀਂ ਸੀ ਆਇਆ। ਜਿਥੋਂ ਤਕ ਹੋ ਸਕੇ, ਉਹ ਯਤਨ ਕਰਦੇ ਸਨ ਕਿ ਕਿਸੇ ਨੂੰ ਵੀ ਮੂੰਹੋਂ ਕੌੜਾ, ਫਿੱਕਾ ਨਾ ਬੋਲਿਆ ਜਾਵੇ, ਜਿਸ ਨਾਲ ਉਸਦਾ ਦਿਲ ਦੁਖੇ, ਬੜਾ ਹੀ ਮਿੱਠ-ਬੋਲੜਾ ਸੁਭਾਅ ਸੀ। ਦਿਲ ਇਤਨਾ ਨਰਮ ਸੀ ਕਿ ਇਕ ਕਪਾਹ ਚੁਗਣ ਵਾਲੀ ਨੌਕਰਾਣੀ ਨੇ ਘਰ ਆ ਕੇ ਦੱਸਿਆ, "ਸ਼ਾਹ ਜੀ! ਤੁਹਾਡੀਆਂ ਪੈਲੀਆਂ 'ਚੋਂ ਹਰ ਰੋਜ਼ ਕੋਈ ਚੋਰ ਕਪਾਹ ਚੁਗ ਕੇ ਲੈ ਜਾਂਦਾ ਹੈ।" ਇਹ ਸੁਣ ਕੇ ਗਰਮੀਆਂ 'ਚ ਸਿਖ਼ਰ ਦੁਪਹਿਰੇ ਜਦ ਚੋਰ ਫੜ੍ਹਨ ਵਾਸਤੇ ਪੈਲੀ ਦੇ ਉਹਲੇ ਹੋ ਕੇ ਬੈਠੇ ਹੋਇ ਸਨ ਤਾਂ ਚਾਰ ਕੁ ਸਰੀਰ ਉਨ੍ਹਾਂ ਨੇ ਕਪਾਹ ਚੁਗਦੇ ਵੇਖੇ। ਉਹਲੇ ਹੋ ਕੇ ਆਪ ਵੀ ਕਪਾਹ ਚੁਗਦੇ-ਚੁਗਦੇ ਉਨ੍ਹਾਂ ਕੋਲ ਪਹੁੰਚ ਗਏ। ਉਨ੍ਹਾਂ ਨੂੰ ਕੁਝ ਕਹਿਣਾ ਤਾਂ ਕੀ ਸੀ, ਜਿਹੜੀ ਆਪਣੀ ਝੋਲੀ ਵਿਚ ਵੀ ਕਪਾਹ ਚੁਗ ਕੇ ਪਾਈ ਸੀ, ਉਹ ਉਸਦੀ ਝੋਲੀ ਵਿਚ ਪਾ ਦਿੱਤੀ, ਜਿਸ ਪਾਸ ਥੋੜ੍ਹੀ ਸੀ ਅਤੇ ਨਾਲ ਹੀ ਕਿਹਾ, "ਲੈ ਭਾਈ! ਤੇਰੇ ਕੋਲ ਦੂਜਿਆਂ ਨਾਲੋਂ ਥੋੜ੍ਹੀ ਹੈ।" ਇਉਂ ਕਹਿ ਕੇ ਵਾਪਸ ਘਰ ਆ ਗਏ, ਕੋਈ ਵੀ ਮਾੜਾ ਬਚਨ ਕਹਿ ਕੇ ਨਹੀਂ ਸੀ ਡਾਂਟਿਆ।

ਸਾਧੂਆਂ ਵਾਂਗ ਸਰੀਰ 'ਤੇ ਸਦਾ ਹੀ ਗ਼ਰੀਬੀ ਤੇ ਸਾਦਾ ਲਿਬਾਸ ਰੱਖਦੇ। ਇਕ ਵਾਰ ਨਾਮ ਰੰਗ 'ਚ ਰੱਤੇ ਹੋਇ ਹੱਥ ਵਿਚ ਕਰਮੰਡਲ ਫੜ੍ਹੀ ਭਾਈ ਸਵਰਨ ਸਿੰਘ ਦੇ ਘਰ ਆ ਗਏ (ਜਿਨ੍ਹਾਂ ਦਾ ਘਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਪਿਛਲੇ ਪਾਸੇ ਖੱਬੀ ਨੁੱਕਰ ਪਾਸ ਸੀ)। ਸੁਤੇ ਸਿਧ ਬਚਨ ਕੀਤਾ, "ਇਥੇ ਲੋਹ ਤਪਣੀ ਚਾਹੀਦੀ ਹੈ।" ਤਾਂ ਪਾਸ ਖਲੋਤੇ ਘਰ ਦੇ ਮੈਂਬਰਾਂ ਨੇ ਉੱਤਰ ਦਿੱਤਾ, "ਸ਼ਾਹ ਜੀ! ਲੋਹ ਤਾਂ ਕਿਸੇ ਗੁਰਦੁਆਰੇ ਸਾਹਿਬ ਹੀ ਤਪ ਸਕਦੀ ਹੈ, ਘਰਾਂ 'ਚ ਕਿਵੇਂ ਅੱਠੇ ਪਹਿਰ ਲੋਹ ਲੰਗਰ ਚੱਲ ਸਕਦਾ ਹੈ।" ਇਉਂ ਸੁਣ ਕੇ ਸ਼ਾਹ ਜੀ ਨੇ ਆਪਣੇ ਹੱਥ ਵਿਚ ਫੜ੍ਹਿਆ ਹੋਇਆ ਕਰਮੰਡਲ ਭਾਈ ਸ਼ਿੰਗਾਰਾ ਸਿੰਘ ਨੂੰ ਦਿੰਦੇ ਹੋਇਆਂ ਕਿਹਾ, "ਜਾਹ ਭਾਈ! ਸਾਡੇ ਘਰੋਂ ਜਾ ਕੇ ਇਹ ਕਰਮੰਡਲ ਨੱਪ-ਨੱਪ ਕੇ ਆਟੇ ਦਾ ਭਰ ਲਿਆ।" ਤਾਂ ਉਹ ਕਰਮੰਡਲ ਭਾਈ ਸ਼ਿੰਗਾਰਾ ਸਿੰਘ ਨੇ ਆਪਣਾ ਘਰ ਨੇੜੇ ਅਤੇ ਰਾਹ 'ਚ ਹੋਣ ਕਰਕੇ ਆਪਣੇ ਘਰੋਂ ਹੀ ਭਰ ਲਿਆਂਦਾ। ਉਹ ਕਰੀਬ ਡੇਢ ਦੋ ਕਿਲੋ ਆਟਾ ਭਾਈ

ਸਵਰਨ ਸਿੰਘ ਦੀ ਮਾਤਾ ਬਚਨ ਕੌਰ ਨੂੰ ਦੇ ਕੇ ਉਸਦੇ ਪ੍ਰਸ਼ਾਦੇ ਪਕਵਾ ਕੇ ਘਰ ਤੋਂ ਬਾਹਰਵਾਰ ਜੰਞ ਘਰ 'ਚ ਆ ਗਏ, ਜਿਹੜਾ ਵੀ ਕੋਲ ਦਿਸਿਆ, ਉਸਨੂੰ ਪੰਗਤ 'ਚ ਬਿਠਾ ਕੇ ਲੰਗਰ ਦੀ ਤਰ੍ਹਾਂ ਪ੍ਰਸ਼ਾਦਾ ਛਕਾਉਣਾ ਆਰੰਭ ਕਰ ਦਿੱਤਾ। ਲੰਗਰ ਛਕਣ ਵਾਲਿਆਂ 'ਚੋਂ ਕੋਈ ਪ੍ਰੇਮੀ ਕਹਿਣ ਲੱਗਾ, "ਸ਼ਾਹ ਜੀ! ਐਂਤਕੀ ਸੁਣਿਆ ਹੈ ਕਿ ਭਿੰਡਰੀਂ ਮਹਾਂਪੁਰਖਾਂ ਦੇ ਜੋੜ ਮੇਲੇ 'ਤੇ ਪੱਕਾ ਭੰਡਾਰਾ (ਮਠਿਆਈ ਆਦਿਕ) ਬਣਿਆ ਸੀ, ਪਰ ਦੂਰ ਹੋਣ ਕਰਕੇ ਸਾਡੇ ਪਾਸੋਂ ਜਾਇਆ ਹੀ ਨਹੀਂ ਗਿਆ। ਤਾਂ ਉਸ ਵੇਲੇ ਆਪ ਜੀ ਨੇ ਕਿਹਾ, "ਜਾਓ! ਨਗਰ 'ਚੋਂ ਪੰਜ ਤਿਆਰ-ਬਰ-ਤਿਆਰ ਸਿੰਘ ਲਿਆਓ, ਆਪਾਂ ਗੁਰੂ ਮਹਾਰਾਜ ਦੇ ਚਰਨਾਂ 'ਚ ਅਰਦਾਸ ਕਰਦੇ ਹਾਂ।" ਮਹਿਤੇ ਪਿੰਡ 'ਚੋਂ ਉਸ ਮੌਕੇ ਕੇਵਲ ਤਿੰਨ ਸਿੰਘ ਹੀ ਤਿਆਰ-ਬਰ-ਤਿਆਰ ਨਿਕਲੇ, ਚੌਥੇ ਉਹ ਆਪ ਸਨ ਅਤੇ ਇਕ ਸਿੰਘ ਭਾਈ ਭਗਵਾਨ ਸਿੰਘ ਨੂੰ ਨੰਗਲ ਤੋਂ ਲਿਆਂਦਾ ਗਿਆ। ਉਸੇ ਸਮੇਂ ਸੰਗਤ ਸਮੇਤ ਗੁਰਦੁਆਰੇ ਸਾਹਿਬ ਜਾ ਕੇ ਉੱਚੀ ਬੋਲ ਕੇ ਅਰਦਾਸ ਕੀਤੀ, "ਹੇ ਮਹਾਰਾਜ ਸਾਹਿਬ ਜੀ! ਸੰਗਤ ਬੇਨਤੀ ਕਰਦੀ ਹੈ ਕਿ ਭਿੰਡਰ ਸਾਨੂੰ ਦੂਰ ਪੈਂਦੇ ਹਨ, ਕਿਰਪਾ ਕਰਕੇ ਇਥੇ ਹੀ ਭਿੰਡਰ ਬਣਾ ਦਿਓ।" ਇਹ ਗੱਲ ਤਕਰੀਬਨ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੇ ਚੜ੍ਹਾਈ ਕਰਨ ਤੋਂ ਸਾਲ ਕੁ ਪਹਿਲਾਂ ਦੀ ਹੈ।

ਸੰਤ ਗਿਆਨੀ ਸੁੰਦਰ ਸਿੰਘ ਜੀ 'ਖ਼ਾਲਸਾ' ਨਾਲ ਵੀ ਆਪ ਜੀ ਦਾ ਬਹੁਤ ਪ੍ਰੇਮ ਸੀ। ਇਕ ਵਾਰ ਜਦ ਸੰਗਤ ਸਮੇਤ ਕਥਾ ਪ੍ਰੋਗਰਾਮ ਲੈਣ ਵਾਸਤੇ ਮਹਾਂਪੁਰਖਾਂ ਪਾਸ ਪਹੁੰਚੇ ਤਾਂ ਸੰਤਾਂ ਨੇ ਕਿਹਾ, "ਅਸੀਂ ਭਾਈ ਗੁਰਬਚਨ ਸਿੰਘ ਨੂੰ ਭੇਜ ਦੇਵਾਂਗੇ।" ਉਸ ਮੌਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਪਾਸ ਨਹੀਂ ਸਨ। ਇਸ ਲਈ ਮਹਾਂਪੁਰਖਾਂ ਨੇ ਆਪ ਜੀ ਨੂੰ ਪੂਰਾ ਯਕੀਨ ਦਿਵਾਉਂਦੇ ਹੋਇ ਕਿਹਾ, "ਜੇ ਭਾਈ ਗੁਰਬਚਨ ਸਿੰਘ ਨਾ ਮੰਨਿਆ ਤਾਂ ਅਸੀਂ ਆਪ ਜ਼ਰੂਰ ਮਹਿਤੇ ਕਥਾ ਕਰਨ ਲਈ ਆਵਾਂਗੇ।" ਫਿਰ ਤੋਰਨ ਲਈ ਸਤਿਕਾਰ ਵਜੋਂ ਕੁਝ ਰਸਤਾ ਮਹਾਂਪੁਰਖ ਆਪ ਵੀ ਨਾਲ ਤੁਰੇ ਆਏ। ਇਉਂ ਵੱਡੇ ਮਹਾਂਪੁਰਖਾਂ ਨਾਲ ਆਪ ਜੀ ਦਾ ਅਥਾਹ ਪਿਆਰ ਸੀ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਨੇ ਤਾਂ ਆਪ ਜੀ ਅਤੇ ਮਹਿਤੇ ਨਗਰ ਦੀ ਸਮੂਹ ਸੰਗਤ ਦੇ ਪ੍ਰੇਮ ਦਾ ਸਦਕਾ ਸੰਨ ੧੯੩੪ ਈ: 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੌਥੀ ਕਥਾ ਮਹਿਤੇ, ਗੁਰਦੁਆਰਾ ਸਿੰਘ ਬੇਲਾ ਵਿਖੇ ਆਰੰਭ ਕਰਕੇ ਉਥੇ ਹੀ ਭੋਗ ਪਾਇਆ।

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਆਪ ਭਾਈ ਸੰਤ ਸਿੰਘ ਜੀ ਸ਼ਾਹ ਨੂੰ ਦੱਸਿਆ ਕਿ ਇਕ ਵਾਰ ਭਾਈ ਦਲੀਪ ਸਿੰਘ ਜੀ ਸ਼ਾਹ ਮਹਾਂਪੁਰਖਾਂ ਦੇ ਦਰਸ਼ਨ ਕਰਨ ਵਾਸਤੇ ਪਹੁੰਚੇ ਅਤੇ ਮੈਨੂੰ (ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ) ਇਕੱਲਿਆਂ ਕਰਕੇ ਕਹਿਣ ਲੱਗੇ, "ਸਰੀਰ ਤਾਂ ਸਾਰਿਆਂ ਦੇ ਹੀ ਨਾਸਵੰਤ ਹਨ, ਹਰੇਕ ਨੇ ਛੱਡ ਜਾਣਾ ਹੈ, ਆਪ ਜੀ ਮਹਾਂਪੁਰਖਾਂ ਨੂੰ ਸਾਡੇ ਵੱਲੋਂ

DAMDAMI TAKSAAL.ORG



ਬੇਨਤੀ ਕਰੋ ਕਿ ਉਹ ਆਪਣਾ ਸਰੀਰ ਮਹਿਤੇ ਪਹੁੰਚ ਕੇ ਛੱਡਣ।" ਤਾਂ ਅਸੀਂ ਬਹੁਤ ਨਰਾਜ਼ਗੀ ਨਾਲ ਕਿਹਾ, "ਠੀਕ! ਸਰੀਰ ਤਾਂ ਭਾਵੇਂ ਸਾਰਿਆਂ ਨੇ ਹੀ ਛੱਡਣਾ ਹੈ, ਪਰ ਅਸੀਂ ਏਡਾ ਵੱਡਾ ਬਚਨ ਮਹਾਂਪੁਰਖਾਂ ਨੂੰ ਕਿਵੇਂ ਕਹਿ ਸਕਦੇ ਹਾਂ, ਜਿਵੇਂ ਮਹਾਰਾਜ ਨੂੰ ਭਾਇਆ, ਉਸੇ ਤਰ੍ਹਾਂ ਹੋਵੇਗਾ।"

ਸੋ, ਮਹਾਂਪੁਰਖ ਆਪਣੇ ਅੰਤਲੇ ਦਿਨਾਂ ਵਿਚ ਨੰਗਲੀ ਪਿੰਡ ਪਹੁੰਚੇ, ਉਥੇ ਆਪ ਜੀ ਦੇ ਸਪੁੱਤਰ ਭਾਈ ਸੰਤ ਸਿੰਘ ਜੀ ਸ਼ਾਹ ਅਤੇ ਸਮੂਹ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਮਹਿਤੇ ਪੁੱਜ ਕੇ ਭਾਈ ਭਾਨ ਸਿੰਘ ਦੇ ਚੁਬਾਰੇ ਵਿਚ ਆਪਣਾ ਆਸਨ ਲਾਇਆ। ਜਦ ੧੫ ਹਾੜ ਨੂੰ ਅੰਮ੍ਰਿਤ ਵੇਲੇ ਮਹਾਂਪੁਰਖ ਭਾਈ ਭਾਨ ਸਿੰਘ ਦੇ ਘਰ, ਥੱਲੇ ਬੈਠਕ ਵਿਚ ਚੜ੍ਹਾਈ ਕਰ ਗਏ ਤਾਂ ਆਪ ਜੀ ਨੇ ਆਪਣੇ ਸਪੁੱਤਰ ਨੂੰ ਕਿਹਾ, "ਸੰਤ ਸਿਹਾਂ! ਜਿਥੇ ਮਹਾਂਪੁਰਖ ਚੜ੍ਹਾਈ ਕੀਤੇ ਹਨ, ਉਥੇ ਕੁੱਤਾ, ਬਿੱਲਾ ਜਾਂ ਕੋਈ ਜੋੜਾ ਲੈ ਕੇ ਨਾ ਜਾਵੇ, ਉਸ ਜਗ੍ਹਾ ਛੋਟਾ ਜਿਹਾ ਥੜ੍ਹਾ ਬਣਾ ਦਿਓ ਤਾਂ ਕਿ ਅਸਥਾਨ ਦੀ ਬੇਅਦਬੀ ਨਾ ਹੋਵੇ।" ਤਾਂ ਭਾਈ ਸੰਤ ਸਿੰਘ ਜੀ ਨੇ ਕਿਹਾ, "ਬਾਪੂ ਜੀ! ਬਾਕੀ ਗੱਲ ਤਾਂ ਠੀਕ ਹੈ, ਪਰ ਜੋ ਥੜ੍ਹਾ ਬਨਾਉਣ ਵਾਸਤੇ ਆਪ ਜੀ ਨੇ ਕਿਹਾ ਹੈ, ਉਹ ਤਾਂ ਭਾਈ ਭਾਨ ਸਿੰਘ ਨੂੰ ਪੁੱਛ ਕੇ ਹੀ ਬਣੇਗਾ, ਕਿਉਂਕਿ ਉਨ੍ਹਾਂ ਦਾ ਘਰ ਹੈ ਤੇ ਉਨ੍ਹਾਂ ਦਾ ਸੁਭਾਅ ਵੀ ਬੜਾ ਸਖ਼ਤ ਹੈ, ਸ਼ਾਇਦ ਨਾ ਹੀ ਮੰਨਣ।" ਪੁੱਛਣ ਲਈ ਕੁਝ ਸਿਆਣੇ ਸਿੰਘ ਇਕੱਠੇ ਹੋ ਕੇ ਭਾਈ ਸੰਤ ਸਿੰਘ ਜੀ ਸ਼ਾਹ ਨੂੰ ਨਾਲ ਲੈ ਕੇ ਭਾਈ ਭਾਨ ਸਿੰਘ ਦੇ ਘਰ ਪਹੁੰਚ ਗਏ। ਪਰ ਸੁਭਾਅ ਤੋਂ ਡਰਦੇ ਹੋਇ ਭਾਈ ਮਹੈਣ ਸਿੰਘ ਨੂੰ ਸਿਆਣੀ ਉਮਰ ਦਾ ਜਾਣ ਕੇ ਸਿੰਘਾਂ ਨੇ ਅੱਗੇ ਕੀਤਾ ਕਿ ਤੁਸੀਂ ਪੁੱਛੋ। ਉਨ੍ਹਾਂ ਵੀ ਕੁਝ ਕੁ ਝਿਜਕਦੇ ਹੋਇਆਂ ਗੱਲ ਸ਼ੁਰੂ ਕੀਤੀ, "ਭਾਈ ਭਾਨ ਸਿੰਘ ਜੀ! ਤੁਹਾਡੇ ਘਰੋਂ ਮਹਾਂਪੁਰਖਾਂ ਨੇ ਸਚਖੰਡ ਗਮਨ ਕੀਤਾ ਹੈ, ਹੁਣ ਇਸ ਅਸਥਾਨ ਬਾਰੇ ਤੁਹਾਡਾ ਕੀ ਵਿਚਾਰ ਹੈ?" ਤਾਂ ਮਹਾਂਪੁਰਖਾਂ ਦੀ ਕਿਰਪਾ ਨਾਲ ਝੱਟ ਹੀ ਭਾਈ ਭਾਨ ਸਿੰਘ ਜਗ੍ਹਾ ਛੱਡਣ ਨੂੰ ਮੰਨ ਗਿਆ ਤੇ ਕਿਹਾ, "ਮੈਂ ਇਹ ਸਾਰਾ ਹੀ ਘਰ ਮਹਾਂਪੁਰਖਾਂ ਦਾ ਸਚਖੰਡ ਗਮਨ ਅਸਥਾਨ ਜਾਣ ਕੇ ਸੰਗਤ ਨੂੰ ਛੱਡਿਆ। ਮੈਂ ਗ੍ਰਿਹਸਤੀ ਹਾਂ, ਇਸ ਲਈ ਜੇ ਮਹਾਂਪੁਰਖ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਮੈਨੂੰ ਹੋਰ ਨਵੀਂ ਜਗ੍ਹਾ ਘਰ ਬਣਾ ਦੇਣਗੇ ਤਾਂ ਮੈਂ ਉਹ ਲੈ ਵੀ ਲਵਾਂਗਾ।"

ਇਉਂ ਸੁਣਦਿਆਂ ਸਾਰ ਹੀ ਨੰਗਲੀ ਦੇ ਬਿਬੇਕੀ ਨਿਹੰਗ ਸਿੰਘ ਭਾਈ ਅਮਰ ਸਿੰਘ ਰਾਗੀ ਨੇ ਉਥੇ ਪਾਸ ਹੀ ਰੋੜਿਆਂ ਦੇ ਢੇਰ 'ਤੇ ਪਏ ਇਕ ਖੰਡੇ ਨੂੰ ਮਾਂਜ ਕੇ, ਇਕ ਸੋਟੇ ਨਾਲ ਚੰਗੀ ਤਰ੍ਹਾਂ ਬੰਨ੍ਹਿਆ, ਉੱਪਰ ਬਸਤਰ ਲਪੇਟ ਕੇ ਚੁਬਾਰੇ 'ਤੇ ਚੜ੍ਹ ਕੇ ਨਿਸ਼ਾਨ ਸਾਹਿਬ ਦੀ ਤਰ੍ਹਾਂ ਬੰਨ੍ਹ ਦਿੱਤਾ ਅਤੇ ਬੜੀ ਖ਼ੁਸ਼ੀ ਨਾਲ ਉੱਚੀ ਅਵਾਜ਼ 'ਚ ਜੈਕਾਰਾ ਛੱਡਿਆ।

ਫਿਰ ਭਾਈ ਦਲੀਪ ਸਿੰਘ ਜੀ ਸ਼ਾਹ ਮਹਿਤੇ ਨਗਰ ਦੀਆਂ ਸੰਗਤਾਂ ਨੂੰ ਨਾਲ

ਲੈ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੇ ਦੁਸਹਿਰੇ 'ਤੇ ਭਿੰਡਰੀਂ ਪੁੱਜੇ। ਬੇਨਤੀ ਕਰਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਜਥੇ ਸਮੇਤ ਮਹਿਤੇ ਲਿਆਂਦਾ ਅਤੇ ਗੁਰਦੁਆਰੇ ਸਾਹਿਬ ਦੀ ਉਸਾਰੀ ਵਿਚ ਸਮੂਹ ਸੰਗਤਾਂ ਸਮੇਤ ਬੜਾ ਸਹਿਯੋਗ ਦਿੰਦੇ ਰਹੇ। ਹੁਣ ਵੀ ਆਪ ਜੀ ਦੇ ਸਪੁੱਤਰ ਭਾਈ ਸੰਤ ਸਿੰਘ ਜੀ ਸ਼ਾਹ ਦਾ ਜਥੇ ਸੰਗਤ ਨਾਲ ਬੜਾ ਪ੍ਰੇਮ ਹੈ ਅਤੇ ਹਰ ਰੋਜ਼ ਗੁਰਦੁਆਰੇ ਸਾਹਿਬ ਦੇ ਦੋ ਜਾਂ ਤਿੰਨ ਵਾਰ ਦਰਸ਼ਨ ਕਰਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ।

**—ਗਿਆਨੀ ਜਤਿੰਦਰ ਸਿੰਘ**

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ।

## ਗੁਰੂ ਦਰਬਾਰ ਦੀ ਆਪ ਹੱਥੀਂ ਸੇਵਾ ਕਰਨੀ

ਮਹਿਤੇ ਵਿਖੇ ਸਚਖੰਡਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੀ ਯਾਦ ਵਿਚ ਬਹੁਤ ਵੱਡਾ ਤੇ ਸੁੰਦਰ ਗੁਰਦੁਆਰਾ ਸਾਹਿਬ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਬਣਵਾਇਆ। ਸੰਤ ਗਿਆਨੀ ਗੁਰਬਚਨ ਸਿੰਘ ਜੀ ਦੀ ੬੯ ਸਾਲ ਦੀ ਉਮਰ ਹੋਣ ਕਾਰਨ ਇਸ ਗੁਰਦੁਆਰੇ ਦੀ ਉਚਾਈ ਵੀ ੬੯ ਫੁੱਟ ਰੱਖੀ ਗਈ। ਸਿਆਣੇ ਸਿੰਘ ਤੇ ਬਜ਼ੁਰਗ ਸੁਣਾਇਆ ਕਰਦੇ ਸਨ ਕਿ ਦੋ ਏਕੜ ਲੰਮੇ ਚੌੜੇ ਅਤੇ ਪੱਚੀ ਫੁੱਟ ਡੂੰਘੇ ਛੱਪੜ ਨੂੰ ਪੂਰ ਕੇ ਇਸ ਆਲੀਸ਼ਾਨ ਇਮਾਰਤ ਨੂੰ ਉਸਾਰ ਦੇਣਾ ਮਹਾਂਪੁਰਖਾਂ ਦੀ ਅਦੁੱਤੀ ਸ਼ਖ਼ਸੀਅਤ ਦੀ ਹੀ ਕਰਾਮਾਤ ਹੈ। ਕਿਵੇਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜੂਨ ਜੁਲਾਈ ਅਗਸਤ ਮਹੀਨਿਆਂ ਦੇ ਸਿਖ਼ਰ ਦੁਪਹਿਰੇ ਮਹਿਤੇ ਚੌਂਕ ਤੋਂ ਰੰਘੜ ਨੰਗਲ ਦੇ ਟਿੱਬਿਆਂ ਤੱਕ ਹਰ ਟਰਾਲੀ ਟਰੈਕਟਰ ਨਾਲ ਸਾਈਕਲ 'ਤੇ ਹੀ ਗੇੜਾ ਦੇਈ ਰੱਖਦੇ ਸਨ। ਸੰਤ ਜੀ ਆਪ ਕਹੀ ਫੜ ਕੇ ਸੰਗਤਾਂ ਦੇ ਨਾਲ ਟਰਾਲੀਆਂ ਅਤੇ ਗੱਡਿਆਂ 'ਤੇ ਰੇਤਾ ਲੱਦਦੇ। ਧੁੱਪ ਨਾਲ ਉਹਨਾਂ ਦਾ ਚਿਹਰਾ ਲਾਲ ਤੇਜੱਸਵੀ ਲੱਗਦਾ। ਸੇਵਾ ਕਰਦੀਆਂ ਸੰਗਤਾਂ ਤੋਂ ਸੰਤ ਜੀ ਆਪ ਸਤਿਨਾਮ-ਵਾਹਿਗੁਰੂ ਦਾ ਜਾਪ ਕਰਵਾਉਂਦੇ ਤੇ ਸਭ ਨੂੰ ਹੱਲਾਸ਼ੇਰੀ ਦਿੰਦੇ। ਇਕ ਥਾਪੜੇ ਨਾਲ ਹੀ ਦੁੱਗਣਾ ਚੌਗਣਾ ਕੰਮ ਹੋ ਜਾਂਦਾ। ਲੰਗਰ ਅਤੁੱਟ ਵਰਤਦਾ। ਮਹਾਂਪੁਰਖਾਂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਨਾਲ ਸਾਲਾਂ ਦਾ ਕੰਮ ਦਿਨਾਂ ਵਿਚ ਨਿਪਟ ਗਿਆ। ਭਿੰਡਰਾਂ ਵਾਲੇ ਜਥੇ ਦਾ ਵਰਤਮਾਨ ਮੁਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਦੀ ਅਮਰ ਦੇਣ ਮਹਾਂਪੁਰਖਾਂ ਦਾ ਕੰਮ ਸੀ।

ਇਹ ਅਸਥਾਨ ਆਪਣੀ ਮਿਸਾਲ ਆਪ ਹੀ ਹੈ। ਇਕ ਬਹੁਤ ਵੱਡਾ ਲੰਗਰ ਹਾਲ ਹੈ, ਜਿਥੇ ਕਰੀਬਨ ਪੰਜ ਹਜ਼ਾਰ ਪ੍ਰਾਣੀ ਇਕੋ ਸਮੇਂ ਬੈਠ ਕੇ ਲੰਗਰ ਛਕ ਸਕਦਾ ਹੈ। ਰਹਿਤਵਾਨ ਸਿੰਘ ਹੀ ਲੰਗਰ ਤਿਆਰ ਕਰਦੇ ਅਤੇ ਵਰਤਾਉਂਦੇ ਹਨ।

DAMDAMI TAKSAAL.org



## ਸੰਤਾਂ ਦੇ ਭਵਿੱਖਤ ਬਚਨ

ਜਦੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਬੜੀ ਜ਼ੋਰ-ਸ਼ੋਰ ਨਾਲ ਤਿਆਰੀ ਹੋ ਰਹੀ ਸੀ। ਇਲਾਕੇ ਦੀਆਂ ਸੰਗਤਾਂ, ਪਿੰਡ ਮਹਿਤੇ ਦੇ ਪ੍ਰੇਮੀ, ਸਾਰਾ ਜਥਾ, ਨਾਲ ਹੀ ਸੰਤ ਜੀ ਰਾਤ-ਦਿਨ ਸੇਵਾ ਕਰ ਕਰਾ ਰਹੇ ਸਨ, ਬੜਾ ਭਾਰੀ ਤੇ ਡੂੰਘਾ ਛੱਪੜ ਪੂਰਨ ਦਾ ਕੰਮ ਚੱਲ ਰਿਹਾ ਸੀ। ਜੋ ਮੁਖੀ ਵਿਦਿਆਰਥੀ ਸਨ, ਉਹ ਸੇਵਾ ਦੇ ਨਾਲ ਨਾਲ ਪੜ੍ਹਾਈ ਵੀ ਜ਼ਰੂਰੀ ਚਾਹੁੰਦੇ ਸਨ। ਵਿਦਿਆਰਥੀਆਂ ਨੇ ਰਾਇ ਕਰਕੇ, ਸੰਤਾਂ ਦੇ ਗੁਰਭਾਈ ਤੇ ਮੁਖੀ ਵਿਦਿਆਰਥੀ ਭਗਤ ਉਜਾਗਰ ਸਿੰਘ ਜੀ ਪਾਸ ਬੇਨਤੀ ਕੀਤੀ, "ਸੰਤਾਂ ਨੂੰ ਬੇਨਤੀ ਕੀਤੀ ਜਾਇ ਕਿ ਸੇਵਾ ਦੇ ਮਹਾਨ ਕਾਰਜ ਨਾਲ ਹਰ ਰੋਜ਼ ਸਿੰਘਾਂ ਨੂੰ ਪੜ੍ਹਾਇਆ ਵੀ ਜਾਵੇ।" ਭਗਤ ਜੀ ਨੇ ਸੰਤਾਂ ਕੋਲ ਜਾ ਕੇ ਬੇਨਤੀ ਕਰ ਦਿੱਤੀ। ਸੰਤਾਂ ਨੇ ਉੱਤਰ ਦਿੱਤਾ, "ਭਗਤ ਜੀ ! ਗੁਰੂ ਦਰਬਾਰ ਛੇਤੀ ਬਨਾਉਣਾ ਹੈ, ਥੋੜ੍ਹੇ ਚਿਰ ਬਾਅਦ ਸਿੰਘਾਂ ਦੀ ਇੱਛਾ ਵੀ ਪੂਰੀ ਕੀਤੀ ਜਾਵੇਗੀ।" ਭਗਤ ਜੀ ਕਹਿਣ ਲੱਗੇ, "ਸੰਤ ਜੀ ! ਗੁਰਦੁਆਰਾ ਛੋਟਾ ਹੀ ਬਣਾ ਲਈਏ। ਏਡਾ ਵੱਡਾ ਕਿਲ੍ਹੇ ਵਾਂਗ ਬਨਾਉਣ ਦੀ ਕੀ ਲੋੜ ਹੈ ? ਏਥੇ ਕਿਹੜੀਆਂ ਜੰਗਾਂ ਲੜਨੀਆਂ ਹਨ !" ਸੰਤਾਂ ਨੇ ਉੱਤਰ ਦਿੱਤਾ, "ਭਗਤ ਜੀ ! ਸਮਾਂ ਦੱਸੇਗਾ, ਕਿਲ੍ਹੇ ਵਾਂਗ ਗੁਰ ਦਰਬਾਰ ਦੀ ਕੀ ਲੋੜ ਸੀ ?" ਸੋ, ਸੰਤਾਂ ਨੂੰ ਆਉਣ ਵਾਲੇ ਸਮੇਂ ਦਾ ਗਿਆਨ ਸੀ, ਜੋ ਅੱਜ ਪੂਰਾ ਹੋ ਰਿਹਾ ਹੈ।

## ਭਾਈ ਰਣਬੀਰ ਸਿੰਘ ਜੀ ਫ਼ੌਜੀ

ਸੰਤਾਂ ਦਾ ਦੇਹਧਾਰੀ ਨਿਰੰਕਾਰੀਆਂ ਨਾਲ ਕਈ ਵਾਰ ਖ਼ਿਆਲਾਂ ਦਾ ਟਾਕਰਾ ਹੋ ਜਾਂਦਾ। ਇਕ ਸਮਾਂ ਆਇਆ ਭਾਈ ਰਣਬੀਰ ਸਿੰਘ ਜੀ ਫ਼ੌਜੀ ਨੇ ਸੰਤਾਂ ਨੂੰ ਬੇਨਤੀ ਕੀਤੀ, "ਮਹਾਂਪੁਰਖੋ ! ਜੀ ਕਰਦਾ ਹੈ ਕਿ ਪੰਜਾਂ ਸੱਤਾਂ ਨੂੰ ਸੋਧਾ ਲਾ ਕੇ ਸ਼ਹੀਦ ਹੋ ਜਾਵਾਂ।" ਸੰਤਾਂ ਨੇ ਕਿਹਾ, "ਫ਼ੌਜੀ ਜੀ ! ਧੀਰਜ ਰੱਖੋ, ਅੱਗੇ ਸਮਾਂ ਆਉਣ 'ਤੇ ਤੇਰੀ ਇਹ ਇੱਛਾ ਵੀ ਪੂਰੀ ਹੋ ਜਾਏਗੀ।" ਸੋ ੧੩ ਸ਼ਹੀਦ ਸਿੰਘਾਂ ਸਮੇਂ ਬਚਨ ਪੂਰੇ ਹੋ ਗਏ।

## ਵਿਦਿਆਰਥੀਆਂ ਦੇ ਅਸੂਲ

ਹਰ ਸਤਵੇਂ ਦਿਨ ਜਥੇ ਦੇ ਨਿਯਮ ਸੰਗਤ ਵਿਚ ਸੁਣਾਏ ਜਾਂਦੇ ਸਨ ਤਾਂ ਕਿ ਸਾਰੇ ਸਿੰਘ ਨਿਯਮ ਯਾਦ ਰੱਖਣ। ਉਲੰਘਣਾ ਕਰਨ ਵਾਲੇ ਸਿੰਘ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਜਥੇ ਵਿਚੋਂ ਬਾਹਰ ਜਾ ਕੇ ਬਜ਼ਾਰ ਵਿਚੋਂ ਕੋਈ ਸਿੰਘ ਚੀਜ਼ ਨਹੀਂ ਖਾ ਸਕਦਾ। ਨਾ ਹੀ ਬਿਨਾਂ ਆਗਿਆ ਘਰੋਂ ਕੋਈ ਚੀਜ਼ ਮੰਗਾ ਸਕਦਾ ਸੀ। ਜਥੇ ਦਾ ਲੰਗਰ, ਸਿੰਘਾਂ ਦੇ ਬਸਤਰ ਬਨਾਉਣ ਅਤੇ ਜਥੇ ਦੇ ਬਹੁਤ ਸਾਰੇ ਪ੍ਰਬੰਧ ਦੀ ਸੇਵਾ ਸਤਿਕਾਰ ਯੋਗ ਸੰਤ ਬਾਬਾ ਠਾਕੁਰ ਸਿੰਘ ਜੀ ਕਰਦੇ ਸਨ। ਜਿਵੇਂ ਮਾਂ

ਆਪਣੇ ਪੁੱਤਰ ਨੂੰ ਸਾਂਭਦੀ ਹੈ, ਇਸ ਤੋਂ ਵੀ ਵੱਧ ਬਾਬਾ ਜੀ ਹਰ ਇਕ ਸਿੰਘ ਦੀ ਲੋੜ ਨੂੰ ਪੂਰਿਆ ਕਰਦੇ ਸਨ। ਸੰਤ ਜੀ ਸਾਰੇ ਕੰਮ ਬਾਬਾ ਜੀ ਦੀ ਸਲਾਹ ਨਾਲ ਕਰਦੇ ਸਨ।

ਬਹੁਤੀ ਵੇਰ ਮਹਾਂਪੁਰਖਾਂ ਕੋਲੋਂ ਇਹ ਲਫ਼ਜ਼ ਆਮ ਸਿੰਘ ਸੁਣਦੇ, "ਸਿੰਘੋ! ਰੱਬ ਨੇ ਸੋਹਣੇ ਸਰੀਰ ਦਿੱਤੇ, ਚੰਗਾ ਖਾਣ ਨੂੰ ਦਿੱਤਾ ਤੇ ਸਭ ਤੋਂ ਵਧ ਕੇ ਸਿੰਘਾਂ ਦੇ ਘਰ ਦਾ ਜਨਮ ਦਿੱਤਾ ਤੇ ਫੇਰ ਆਪਾਂ ਨੂੰ ਨੀਂਦ ਜਾਂ ਆਲਸ ਆਵੇ ਤੇ ਇਕ-ਇਕ ਪਲ ਸਿੱਖੀ ਪ੍ਰਚਾਰ ਵਾਸਤੇ ਨਾ ਲਾਈਏ ਤਾਂ ਆਪਾਂ ਨੂੰ ਜੀਊਣ ਦਾ ਹੱਕ ਨਹੀਂ ਹੈ।"

ਜਥੇ ਵਿਚ ਸ਼ਸਤ੍ਰ ਵਿੱਦਿਆ ਜਾਂ ਗਤਕਾ ਵੀ ਸਿਖਾਇਆ ਜਾਂਦਾ ਸੀ ਤੇ ਜਲੂਸਾਂ ਜਾਂ ਸੰਗਤਾਂ ਦੇ ਇਕੱਠਾਂ ਵਿਚ ਸਿੰਘ ਸ਼ਸਤ੍ਰ ਵਿੱਦਿਆ ਦੇ ਜੌਹਰ ਵਿਖਾਉਂਦੇ ਸਨ। ਜਥੇ ਦੇ ਇਕ ਸਿੰਘ ਦੀ ਡਿਊਟੀ ਸੀ ਕਿ ਉਹ ਅੰਮ੍ਰਿਤ ਵੇਲੇ ਚਾਰ ਵਜੇ ਸਾਰੇ ਸਿੰਘਾਂ ਨੂੰ ਉਠਾਵੇ। ਜੋ ਨਾ ਉੱਠੇ ਤਾਂ ਉਸ ਉੱਤੇ ਪਾਣੀ ਦਾ ਗੜਵਾ ਪਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਸਾਰੇ ਸਿੰਘ ਅੰਮ੍ਰਿਤ ਵੇਲੇ ਉੱਠ ਕੇ ਨਿੱਤਨੇਮ ਕਰਦੇ ਸਨ। ਕੋਈ ਵੀ ਕੰਮ ਕਰਨਾ ਹੋਵੇ, ਸਾਰੇ ਜਥੇ ਨੂੰ ਇਕੱਠਿਆਂ ਕਰਕੇ ਸੰਤ ਜੀ ਸਭ ਦੀ ਸਲਾਹ ਲੈਂਦੇ ਸਨ।

## ਮਹਿਤੇ ਸਲਾਨਾ ਬਰਸੀ ਦਾ ਇਕੱਠ

੧੪-੧੫-੧੬ ਹਾੜ ਨੂੰ ਮਹਿਤੇ ਵਿਖੇ ਵੱਡੇ ਮਹਾਂਪੁਰਖਾਂ ਦੀ ਬਰਸੀ ਮਨਾਈ ਜਾਂਦੀ ਹੈ। ੧੪ ਹਾੜ ਨੂੰ ਰੈਣਿ ਸਬਾਈ ਕੀਰਤਨ, ੧੫ ਹਾੜ ਨੂੰ ਢਾਡੀ ਦਰਬਾਰ ਅਤੇ ੧੬ ਹਾੜ ਨੂੰ ਬਾਹਰੋਂ ਆਏ ਗੁਰਮੁਖਾਂ, ਸੰਤਾਂ-ਮਹਾਤਮਾਂ, ਰਾਗੀ, ਢਾਡੀ ਜਥਿਆਂ ਨੂੰ ਸਿਰੋਪਾਓ ਦੇ ਕੇ ਸਤਿਕਾਰਿਆ ਜਾਂਦਾ ਹੈ। ਆਸ-ਪਾਸ ਤੇ ਦੂਰੋਂ-ਦੂਰੋਂ ਭਿਲਾਈ ਨਗਰ, ਪਟਨਾ ਸਾਹਿਬ, ਬੰਬਈ, ਕਲਕੱਤਾ, ਸ੍ਰੀ ਗੰਗਾਨਗਰ ਤੋਂ ਹਜ਼ਾਰਾਂ ਸੰਗਤਾਂ ਪੁੱਜਦੀਆਂ ਹਨ। ਇਸ ਮੌਕੇ 'ਤੇ ਸੰਗਤਾਂ ਦੀ ਵੱਧ ਤੋਂ ਵੱਧ ਸੇਵਾ ਕਰਕੇ ਮਹਾਂਪੁਰਖ ਖ਼ੁਸ਼ੀ ਮਹਿਸੂਸ ਕਰਦੇ ਸਨ। ਇਸ ਮੇਲੇ ਦੀ ਹੋਰਨਾਂ ਮੇਲਿਆਂ ਨਾਲੋਂ ਇਹ ਵਿਲੱਖਣਤਾ ਹੁੰਦੀ ਹੈ ਕਿ ਆਉਣ ਵਾਲੇ ਤਕਰੀਬਨ ਹਰ ਮਾਈ-ਭਾਈ ਦੇ ਗਾਤਰੇ ਕ੍ਰਿਪਾਨ ਹੁੰਦੀ ਹੈ ਤੇ ਸਾਰੇ ਪਾਸੇ ਨੀਲੀਆਂ, ਕਾਲੀਆਂ ਤੇ ਕੇਸਰੀ ਦਸਤਾਰਾਂ ਦਾ ਠਾਠਾਂ ਮਾਰਦਾ ਸਮੁੰਦਰ ਦਿਸ ਰਿਹਾ ਹੁੰਦਾ ਹੈ। ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਜਿਨ੍ਹਾਂ ਦਾ ਸੰਤਾਂ ਨਾਲ ਅਥਾਹ ਪਿਆਰ ਸੀ, ਉਹ ਇਸ ਮੇਲੇ ਵਿਚ ਦੁੱਧ ਲਿਆਉਣ ਦੀ ਬਹੁਤ ਭਾਰੀ ਸੇਵਾ ਕਰਦੇ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰੂ ਰਾਮਦਾਸ ਸੇਵਕ ਜਥੇ ਦੇ ਪ੍ਰੇਮੀ ਜੋੜਿਆਂ ਤੇ ਸਾਈਕਲਾਂ ਆਦਿ ਦੀ ਸੇਵਾ ਕਰਦੇ। ਰੈੱਡ ਕਰਾਸ ਦਾ ਕੈਂਪ ਭਾਈ ਮਨਜੀਤ ਸਿੰਘ ਲਗਾਉਂਦੇ। ਪਿੰਡ ਮਹਿਤੇ ਦੇ ਪ੍ਰੇਮੀ ਵੀ ਸੇਵਾ ਕਰਕੇ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਹਾਸਲ ਕਰਦੇ ਹਨ।

DAMDAMI TAKSAAL.ORG



## ਜਥੇ ਵਿਚ ਪੜ੍ਹਾਈ ਦੇ ਨਿਯਮ

ਜਥੇ ਵਿਚ ਸਕੂਲਾਂ ਵਾਂਗ ਵੱਖ-ਵੱਖ ਸੈਕਸ਼ਨ ਬਣੇ ਸਨ। ਜਿਹੜੇ ਸਿੰਘਾਂ ਨੂੰ ਜਥੇ ਵਿਚ ਰਹਿੰਦਿਆਂ ਕਾਫ਼ੀ ਸਮਾਂ ਹੋ ਗਿਆ ਸੀ ਤੇ ਜੋ ਗੁਰਮਤਿ ਦੀ ਪੜ੍ਹਾਈ, ਪਾਠਾਂ ਦੇ ਭੇਦ, ਸ਼ੁੱਧ ਉਚਾਰਨ ਅਤੇ ਗੁਰਬਾਣੀ ਦੇ ਅਰਥਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ, ਉਨ੍ਹਾਂ ਪਾਸ ੮-੮- ਜਾਂ ੧੦-੧੦ ਵਿਦਿਆਰਥੀ ਸਨ। ਜਥੇ ਵਿਚ ਕਾਫ਼ੀ ਪੜ੍ਹੇ-ਲਿਖੇ ਸਿੰਘ ਵੀ ਆਉਂਦੇ ਸਨ। ਹਰ ਨਵੇਂ ਸ਼ਾਮਿਲ ਹੋਏ ਸਿੰਘ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਛਕਾ ਕੇ ਪੰਜ ਬਾਣੀਆਂ ਦੇ ਨਿੱਤਨੇਮ ਦੀ ਸੰਥਿਆ ਕਰਵਾਈ ਜਾਂਦੀ ਸੀ। ਫਿਰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸ੍ਵਯੇ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ, ਵੇਦਾਂਤ ਦੀਆਂ ਪੁਸਤਕਾਂ, ਜਿਹਾ ਕਿ ਸਾਰਕੁਤਾਵਲੀ, ਭਾਵਰਸਾਮ੍ਰਿਤ, ਵਿਚਾਰ ਮਾਲਾ, ਅਧਿਆਤਮਕ ਪ੍ਰਕਾਸ਼, ਵਿਚਾਰ ਸਾਗਰ, ਚਣਾਕਾ, ਮੋਖਸ਼ ਪੰਥ, ਬਿਰਤੀ ਪ੍ਰਭਾਕਰ ਆਦਿ ਗੁਹਜ ਭਾਵਾਂ ਨੂੰ ਸਮਝਣ ਲਈ ਪੜ੍ਹਾਏ ਜਾਂਦੇ ਸਨ। ਇਕ ਅਧਿਆਪਕ ਵਾਂਗ ਸੰਤ ਜੀ ਬੋਰਡ 'ਤੇ ਲਿਖ ਲਿਖ ਕੇ ਸਮਝਾਉਂਦੇ ਸਨ।

ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਸੀ। ਉਸ ਵਿਚ ਲਗਾਂ-ਮਾਤਰਾਂ ਅਤੇ ਸ਼ੁੱਧ ਉਚਾਰਨ 'ਤੇ ਬਹੁਤ ਜ਼ੋਰ ਦਿੱਤਾ ਜਾਂਦਾ ਸੀ। ਸਾਰੇ ਸਿੰਘ ਦੀਵਾਨ ਵਿਚ ਪੋਥੀਆਂ ਪ੍ਰਕਾਸ਼ ਕਰਦੇ ਸਨ, ਜਿਵੇਂ-ਜਿਵੇਂ ਸੰਤ ਜੀ ਗੁਰਬਾਣੀ ਦੇ ਅਰਥ ਕਰਦੇ ਸਨ, ਤਿਵੇਂ-ਤਿਵੇਂ ਸਿੰਘ ਪੋਥੀਆਂ ਤੋਂ ਨਾਲ-ਨਾਲ ਵੇਖਦੇ ਸਨ ਤੇ ਕਾਪੀਆਂ 'ਤੇ ਸਾਰੀ ਕਥਾ ਲਿਖੀ ਜਾਂਦੇ ਸਨ। ਸਵੇਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤੇ ਸ਼ਾਮ ਨੂੰ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਵਾਰੀ-ਵਾਰੀ ਕਥਾ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਹਰ ਰੋਜ਼ ਬਿਨਾਂ ਕਿਸੇ ਢਿੱਲ ਦੇ ਕੀਤੀ ਜਾਂਦੀ ਸੀ।

ਹਰੇਕ ਸਿੰਘ ਨੂੰ ਸੰਥਿਆ ੨੫ ਵਾਰ ਜ਼ਰੂਰ ਪੜ੍ਹਣੀ ਪੈਂਦੀ ਸੀ। ਸਾਰੇ ਸਿੰਘਾਂ ਨੂੰ ਵੱਧ ਤੋਂ ਵੱਧ ਬਾਣੀ ਕੰਠ ਕਰਵਾਈ ਜਾਂਦੀ ਸੀ। ਹਫ਼ਤੇ ਪਿੱਛੋਂ ਪੜਤਾਲ ਕੀਤੀ ਜਾਂਦੀ ਸੀ ਕਿ ਹੋਰ ਕਿੰਨੀ ਬਾਣੀ ਯਾਦ ਕੀਤੀ ਹੈ। ਇਸ ਤਰ੍ਹਾਂ ਸੰਤ ਜੀ ਜਥੇ ਸਮੇਤ ਵੱਡੇ ਮਹਾਂਪੁਰਖਾਂ ਵਾਂਗ ਸਾਰੇ ਭਾਰਤ ਭਰ ਵਿਚ ਵਿਚਰ ਕੇ ਪ੍ਰਚਾਰ ਕਰਦੇ ਸਨ। ਇਸ ਦਮਦਮੀ ਟਕਸਾਲ ਦਾ ਹਰ ਪਲ ਵਿਚਰ ਕੇ ਸੰਗਤਾਂ ਨੂੰ ਕਥਾ ਸੁਣਾਉਣ ਅਤੇ ਵਿੱਦਿਆ ਪੜ੍ਹਾਉਣ ਵਿਚ ਬੀਤਦਾ ਸੀ। ਏਸੇ ਕਰਕੇ ਸਮੂੰਹ ਪੰਥ ਵੱਲੋਂ ਇਸ ਸੰਸਥਾ ਨੂੰ 'ਚਲਦੀ ਫਿਰਦੀ ਯੂਨੀਵਰਸਿਟੀ' ਦੇ ਨਾਮ ਨਾਲ ਵਡਿਆਇਆ ਜਾਂਦਾ ਹੈ। ਕਥਾ ਦੇ ਨਾਲ ਨਾਲ ਦੋਵੇਂ ਵੇਲੇ ਜਥੇ ਦੇ ਰਾਗੀ ਸਿੰਘ ਬਹੁਤ ਰਸ ਭਿੰਨੜਾ ਕੀਰਤਨ ਕਰਦੇ ਸਨ।

## ਸੰਤਾਂ ਵਿਚ ਸਿੱਖੀ ਪ੍ਰਚਾਰ ਦੀ ਤੜਪ

ਮਹਾਂਪੁਰਖਾਂ ਦਾ ਜੀਵਨ ਚੁੰਬਕ ਵਰਗਾ ਸੀ। ਆਪ ਨਾਮ ਬਾਣੀ ਦੇ ਰਸੀਏ ਤੇ ਸਿਮਰਨ ਭਜਨ ਵਿਚ ਲਿਵਲੀਨ ਰਹਿੰਦੇ ਸਨ। ਹਰ ਸਮੇਂ ਸਿੱਖੀ ਦੇ ਪ੍ਰਚਾਰ, ਪੰਥ ਤੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਸੋਚਦੇ ਤੇ ਵਿਚਾਰਾਂ ਕਰਦੇ ਰਹਿੰਦੇ ਸਨ ਕਿ ਸਾਡੀ ਕੌਮ ਗੁਰਸਿੱਖੀ ਤੋਂ ਕਿਉਂ ਪਾਸੇ ਜਾ ਰਹੀ ਹੈ ? ਕੀ ਅੱਜ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿੱਖ ਭੁੱਲ ਗਏ ਹਨ ? ਕੀ ਗੁਰੂ ਸਾਹਿਬਾਂ ਵੱਲੋਂ ਕੀਤੇ ਪਰਉਪਕਾਰ ਅੱਖੋਂ ਉਹਲੇ ਕੀਤੇ ਗਏ ਹਨ ? ਕੀ ਅੱਜ ਸਿੱਖ, ਮੁਸਲਮਾਨਾਂ ਤੇ ਹਿੰਦੂਆਂ ਦੀ ਈਨ ਮੰਨਣ ਲਈ ਤਿਆਰ ਹੋ ਗਏ ਹਨ, ਜੋ ਅੱਜ ਤੋਂ ੩੦੦ ਸਾਲ ਪਹਿਲਾਂ ਐਸੇ ਮੁਸੀਬਤਾਂ ਦੇ ਦਿਨਾਂ ਵਿਚ ਵੀ ਨਾ ਮੰਨੀ ? ਸਿਆਣੇ ਸਿੰਘਾਂ ਨਾਲ ਆਪ ਹਰ ਰੋਜ਼ ਵਿਚਾਰਾਂ ਕਰਦੇ ਰਹਿੰਦੇ ਸਨ ਕਿ ਕਿਵੇਂ ਗੁਰਸਿੱਖੀ ਦੇ ਪ੍ਰਚਾਰ ਨੂੰ ਘਰ-ਘਰ ਪਹੁੰਚਾਇਆ ਜਾਵੇ ? ਰਾਤ ਦੇ ੧੨-੧ ਵਜੇ ਤੱਕ ਰੋਜ਼ਾਨਾ ਕੰਮ ਕਰਨਾ ਅਤੇ ਸਵੇਰੇ ੪ ਵਜੇ ਉੱਠਣਾ, ਇਨ੍ਹਾਂ ਦਾ ਨਿੱਤਨੇਮ ਸੀ। ਪੰਜ ਛੋਟੇ ਜਥੇ (ਜਿੰਨਾਂ ਵਿਚ ਇਕ ਗਿਆਨੀ, ਇਕ ਰਾਗੀ ਜਥਾ ਤੇ ਪੰਜ ਪਿਆਰੇ ਹੋਣ) ਬਣਾ ਕੇ ਬਾਹਰ ਪ੍ਰਚਾਰ, ਕੀਰਤਨ ਤੇ ਅੰਮ੍ਰਿਤ ਸੰਚਾਰ ਕਰਨ ਵਾਸਤੇ ਭੇਜੇ ਜਾਂਦੇ ਸਨ ਅਤੇ ਹਫ਼ਤੇ ਬਾਅਦ ਆ ਕੇ ਉਹ ਸਾਰੀ ਰੀਪੋਰਟ ਦਿੰਦੇ ਸਨ।

ਥਾਂ ਥਾਂ ਤੋਂ ਪ੍ਰੋਗਰਾਮਾਂ ਦੀ ਮੰਗ ਬਹੁਤ ਜ਼ਿਆਦਾ ਸੀ। ਸੰਤ ਜੀ ਕਦੇ ਵੀ ਕਿਸੇ ਨੂੰ ਨਾਂਹ ਨਹੀਂ ਸਨ ਕਰਦੇ। ਨਾਭਾ ਸਾਹਿਬ ਸੰਤਾਂ ਦੀ ਸਿਹਤ ਬਹੁਤ ਖ਼ਰਾਬ ਹੋਣ ਕਰਕੇ ਸਿੰਘਾਂ ਨੇ ਫੜ੍ਹ ਕੇ ਪੌੜੀਆਂ 'ਤੇ ਚੜ੍ਹਾਇਆ। ਪਰ ਜਦ ਚੰਡੀਗੜ੍ਹ ਦੀ ਸੰਗਤ ਨੇ ਰਾਤ ੧੦ ਵਜੇ ਆ ਕੇ ਆਖਿਆ ਕਿ ਦੀਵਾਨ ਸੱਜਿਆ ਹੈ ਆਪ ਜ਼ਰੂਰ ਚੱਲੋ, ਭਾਵੇਂ ਦਸ ਮਿੰਟ ਹੀ ਬੋਲੋ, ਸਾਰੀ ਸੰਗਤ ਉਡੀਕ ਰਹੀ ਹੈ; ਤਾਂ ਸਿੰਘਾਂ ਦੇ ਕਹਿਣ ਦੇ ਬਾਵਜੂਦ ਵੀ ਆਪ ਜੀ ਨਾ ਰੁਕੇ ਤੇ ਉਸ ਦਿਨ ਚੰਡੀਗੜ੍ਹ ਸੈਕਟਰ ੧੯-ਡੀ ਵਿਚ ਦੋ ਘੰਟੇ ਗੱਜ ਵੱਜ ਕੇ ਕਥਾ ਕੀਤੀ। ਕਈ ਵਾਰੀ ਇਕ ਇਕ ਦਿਨ ਵਿਚ ਸੰਤ ਜੀ ੮-੯ ਵਾਰੀ ਕਥਾ ਕਰਦੇ ਸਨ। ਨੀਂਦ ਦਾ ਨਾਂ ਵੀ ਨਹੀਂ ਸਨ ਲੈਣ ਦਿੰਦੇ। ਜ਼ਿਆਦਾ ਬੇਨਤੀ ਕਰਨ 'ਤੇ ਇਹ ਕਹਿੰਦੇ ਸਨ, "ਸਿੰਘੋ ! ਸਰੀਰਾਂ ਦਾ ਕੋਈ ਪਤਾ ਨਹੀਂ, ਰੱਜ ਰੱਜ ਕੇ ਕੌਮ ਦੀ ਪ੍ਰਚਾਰ ਰਾਹੀਂ ਸੇਵਾ ਕਰਨੀ ਚਾਹੀਦੀ ਹੈ। ਦਸਵੇਂ ਪਾਤਸ਼ਾਹ ਜੀ ਦੀ ਕਿਰਪਾ ਨਾਲ ਸਿੰਘਾਂ ਦੇ ਘਰ ਜਨਮ ਹੋਵੇ ਤੇ ਆਪਾਂ ਸੌਂ ਕੇ ਰਾਤਾਂ ਲੰਘਾ ਦੇਈਏ, ਆਪਣੇ ਵਾਸਤੇ ਲਾਹਨਤ ਹੈ।"

ਦਿਨ ਵਿਚ ਜਿੰਨੀਆਂ ਜ਼ਿਆਦਾ ਕਥਾਵਾਂ ਕਰਦੇ ਸਨ, ਉਤਨੇ ਹੀ ਖ਼ੁਸ਼ ਤੇ ਤੰਦਰੁਸਤ ਪ੍ਰਤੀਤ ਹੁੰਦੇ ਸਨ। ਆਪਣੀ ਨੀਂਦ ਰਸਤੇ ਵਿਚ ਸੀਟ 'ਤੇ ਲੰਮੇ ਪੈ ਕੇ ਹੀ ਪੂਰੀ ਕਰਦੇ ਸਨ।

DAMDAMI TAKSAAL.ORG



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ 'ਤੇ ਪਟਿਆਲਾ, ਚੰਡੀਗੜ੍ਹ ਅਤੇ ਅੰਬਾਲਾ ਤਿੰਨ ਥਾਵਾਂ 'ਤੇ ਦੋ ਦਿਨਾਂ ਵਾਸਤੇ ਪ੍ਰੋਗਰਾਮ ਬਣ ਗਿਆ। ਇਕੋ ਸਮੇਂ ਤਿੰਨ ਥਾਵਾਂ 'ਤੇ ਦੀਵਾਨ ਸਨ ਤਾਂ ਪ੍ਰੋਗਰਾਮ ਕੱਟਣ ਨਾ ਦਿੱਤੇ, ਸਗੋਂ ਚਾਅ ਨਾਲ ਪ੍ਰਵਾਨਗੀ ਦਿੱਤੀ ਅਤੇ ਕਾਰ ਵਿਚ ਜਾ ਕੇ ਇਕ-ਇਕ ਘੰਟੇ ਦੇ ਫ਼ਰਕ ਨਾਲ ਸਵੇਰੇ ਸ਼ਾਮ ਤਿੰਨਾਂ ਸ਼ਹਿਰਾਂ ਵਿਚ ਦੋ ਦਿਨ ਕਥਾ ਕਰਦੇ ਰਹੇ। ਉਨ੍ਹਾਂ ਦੇ ਮਨ ਵਿਚ ਸਿੱਖੀ ਬਾਰੇ ਐਨੀ ਤਾਂਘ ਸੀ ਕਿ ਹਰ ਇਕ ਆਦਮੀ ਅੰਮ੍ਰਿਤ ਛਕ ਕੇ ਸਿੰਘ ਸੱਜ ਜਾਵੇ ਅਤੇ ਸਾਰੀ ਦੁਨੀਆਂ ਵਿਚ ਸਾਰੇ ਪਾਸੇ ਸਿੰਘ ਹੀ ਸਿੰਘ ਨਜ਼ਰ ਆਉਣ।

ਉਹਨਾਂ ਦੀ ਕਥਾ ਤੋਂ ਹਰ ਇਕ ਪ੍ਰਾਣੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿ ਸਕਦਾ। 'ਸਲੌਦੀ ਸਿੰਘਾਂ ਦੀ' ਪਿੰਡ ਵਿਚ ਵੜਦਿਆਂ ਸ਼ਰਾਬ ਦੇ ਠੇਕੇ 'ਤੇ ਬੋਰਡ ਲੱਗਾ ਵੇਖਿਆ 'ਠੇਕਾ ਸ਼ਰਾਬ ਦੇਸੀ ਸਲੌਦੀ ਸਿੰਘਾਂ ਦੀ' ਤਾਂ ਉਥੇ ਡਟ ਕੇ ਪ੍ਰਚਾਰ ਕੀਤਾ ਕਿ ਪਿੰਡ ਦਾ ਨਾਮ ਸਲੌਦੀ ਸਿੰਘਾਂ ਦੀ ਤੇ ਨਾਲੇ ਬੱਬਰ ਅਕਾਲੀਆਂ ਵਿਚ ਇਸ ਪਿੰਡ ਦੇ ਸਿੰਘਾਂ ਨੇ ਹਿੱਸਾ ਲਿਆ ਹੋਵੇ ਤੇ ਇਸ ਪਿੰਡ ਵਿਚ ਸ਼ਰਾਬ ਦਾ ਠੇਕਾ ਹੋਵੇ ? ਉਸ ਵੇਲੇ ਪੰਚਾਇਤ ਨੇ ਮਤਾ ਪਾਸ ਕੀਤਾ ਕਿ ਪਿੰਡ ਵਿਚੋਂ ਸ਼ਰਾਬ ਦਾ ਠੇਕਾ ਚੁੱਕਿਆ ਜਾਵੇਗਾ ਅਤੇ ਉਥੇ ਸੰਤਾਂ ਦੀ ਪ੍ਰੇਰਨਾ ਦੁਆਰਾ ੧੭੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

## ਗੁਰਬਾਣੀ ਦਾ ਸਤਿਕਾਰ ਤੇ ਨਿਰਭੈਤਾ

ਗੁਰੂ ਘਰ ਦੇ ਵਿਰੁੱਧ ਜੇ ਕੋਈ ਪ੍ਰਚਾਰ ਕਰਦਾ ਸੀ ਤਾਂ ਬਰਦਾਸ਼ਤ ਨਹੀਂ ਕੀਤਾ ਜਾਂਦਾ ਸੀ। ਨਿਰੰਕਾਰੀਆਂ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਾਸਤੇ ਕੁਝ ਕੋਝੇ ਲਫ਼ਜ਼ ਵਰਤਣ 'ਤੇ ਉਨ੍ਹਾਂ ਦੇ ਦੰਭੀ ਗੁਰੂ ਨੂੰ ਘੁਮਾਣ ਪਿੰਡ (ਮਹਿਤੇ ਨੇੜੇ) ਨਾ ਆਉਣ ਦਿੱਤਾ ਗਿਆ। ਹੁਸ਼ਿਆਰਪੁਰ ਦੇ ਜਲੂਸ ਵਿਚ ਇਕ ਮਨਿਸਟਰ ਜੋ ਕਿ ਆਪਣੀ ਕਾਰ ਅੱਗੇ ਲਾਉਣੀ ਚਾਹੁੰਦਾ ਸੀ, ਨੂੰ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਤੇ ਕਿਹਾ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਵਾਰੀ ਤੋਂ ਪਿੱਛੋਂ ਮਹਾਤਮਾ ਦੀਆਂ ਕਾਰਾਂ ਅਤੇ ਉਨ੍ਹਾਂ ਤੋਂ ਬਾਅਦ ਵਿਚ ਦੂਜੀਆਂ ਕਾਰਾਂ ਲੱਗਣਗੀਆਂ। ਇਸ ਤਰ੍ਹਾਂ ਐਨੀ ਨਿਡਰਤਾ, ਨਿਰਭੈਤਾ ਹੋਰ ਕਿਸੇ ਵਿਚ ਨਹੀਂ ਵੇਖੀ। ਸਭ ਨੂੰ ਆਪਣੇ ਪੈਰਾਂ 'ਤੇ ਮੱਥਾ ਟਿਕਾਉਣ ਦੀ ਬਜਾਇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਲੜ ਲਾਉਣਾ ਕੋਈ ਘੱਟ ਵਿਸ਼ੇਸ਼ਤਾ ਵਾਲੀ ਗੱਲ ਨਹੀਂ। ਇਕ ਇਹੋ ਹੀ ਟਕਸਾਲ ਜਾਂ ਜਥੇਬੰਦੀ ਹੈ, ਜਿਸ ਵਿਚ ਏਨੇ ਕਰੜੇ ਅਸੂਲ ਹਨ ਕਿ ਕੋਈ ਵੀ ਝੂਠਾ ਜਾਂ ਆਲਸੀ ਆਦਮੀ ਟਕਸਾਲ ਦੇ ਸਿੰਘਾਂ ਵਿਚ ਕੁਝ ਦਿਨ ਵੀ ਨਹੀਂ ਠਹਿਰ ਸਕਦਾ।

ਜਦ ਕੋਈ ਵੀ ਸੰਤਾਂ ਨੂੰ ਆਪਣੇ ਘਰ ਲਿਆਉਣ ਵਾਸਤੇ ਆਖਦਾ ਸੀ ਤਾਂ ਜੇਕਰ ਉਹ ਸ਼ਰਾਬ ਪੀਂਦਾ ਹੋਵੇਂ ਜਾਂ ਰੋਮਾਂ ਦੀ ਬੇਅਦਬੀ ਕਰਦਾ ਹੋਵੇ ਤਾਂ ਉਸਨੂੰ

ਪ੍ਰਣ ਕਰਵਾ ਲਿਆ ਜਾਂਦਾ ਸੀ ਕਿ ਉਹ ਸ਼ਰਾਬ ਨਹੀਂ ਪੀਵੇਗਾ, ਕੇਸ ਨਹੀਂ ਕੱਟੇਗਾ। ਜੇ ਸਾਬਤ ਸੂਰਤ ਹੋਵੇ ਤਾਂ ਅੰਮ੍ਰਿਤ ਛਕਣ ਵਾਸਤੇ ਪ੍ਰਣ ਕਰਵਾਇਆ ਜਾਂਦਾ ਸੀ ਤਾਂ ਉਸ ਦੇ ਘਰ ਜਾਂਦੇ ਸਨ ਕਿਉਂਕਿ ਸਭ ਚੀਜ਼ਾਂ ਨਾਲੋਂ ਸਿੱਖੀ ਤੇ ਰਹਿਤ ਮਰਯਾਦਾ ਨੂੰ ਸਭ ਤੋਂ ਉੱਚਾ ਸਮਝਿਆ ਜਾਂਦਾ ਸੀ। ਕਈ ਵਿਅਕਤੀ ਜੋ ਕਈ ਤਰ੍ਹਾਂ ਦੇ ਅਮਲ ਖਾਂਦੇ ਸਨ, ਜਥੇ ਵਿਚ ਰਹਿ ਕੇ ਅਸਾਨੀ ਨਾਲ ਅਮਲ ਛੱਡ ਕੇ ਤਿਆਰ-ਬਰ-ਤਿਆਰ ਹੋ ਕੇ ਘਰੀਂ ਗਏ।

ਜੁਲਾਈ ਮਹੀਨੇ ਵਿਚ ਜਥਾ ਇਕ ਹਫ਼ਤੇ ਵਾਸਤੇ ਗੜ੍ਹਦੀਵਾਲ ਦੇ ਨੇੜੇ ਗੁਰਦੁਆਰਾ 'ਰਾਮਪੁਰ ਖੇੜਾ' ਵਿਖੇ ਜਾਂਦਾ ਸੀ। ਬਾਕੀ ਪੜਾਵਾਂ ਨਾਲੋਂ ਇਹ ਵੱਖਰੀ ਕਿਸਮ ਦਾ ਪੜਾਅ ਸੀ। ਇਸ ਪ੍ਰੋਗਰਾਮ ਦਾ ਨਾਂ 'ਨਾਮ ਅਭਿਆਸ ਕਮਾਈ ਸਮਾਗਮ' ਸੀ। ਅੱਠਾਂ ਦਿਨਾਂ ਵਿਚ ਰਾਮਪੁਰ ਖੇੜੇ = ਰਾਮ ਦੀ ਪੁਰੀ ਵਿਚ ਖੇੜਾ ਹੀ ਖਿੜਿਆ ਰਹਿੰਦਾ ਸੀ। ਬਹੁਤ ਦੂਰ-ਦੂਰ ਤੋਂ ਭਗਤੀ ਦੇ ਭੌਰੇ ਜਗਿਆਸੂ, ਤੱਤਵੇਤੇ, ਨਾਮ ਦੇ ਰਸੀਏ ਉੱਡ-ਉੱਡ ਕੇ ਆਉਂਦੇ ਤੇ ਰੱਜ-ਰੱਜ ਕੇ ਅਨੰਦ ਦੀਆਂ ਝੋਲੀਆਂ ਭਰਦੇ ਸਨ। ਪਰਮ ਸਤਿਕਾਰ ਯੋਗ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ, ਜਿਨ੍ਹਾਂ ਨੇ ਇਹ ਗੁਰਦੁਆਰਾ ਸਾਹਿਬ ਅਬਾਦ ਕੀਤਾ, ਬਹੁਤ ਬਿਰਧ ਅਵਸਥਾ ਵਿਚ ਹੁੰਦੇ ਹੋਏ ਵੀ ਸਾਰਾ ਸਮਾਗਮ ਆਪ ਪੂਰੀ ਦਿਲਚਸਪੀ ਨਾਲ ਨਿਭਾਉਂਦੇ ਹੋਏ :—

*'.....ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥'*

[ਗਉੜੀ ਕੀ ਵਾਰ ਮਹਲਾ ੪, ਅੰਗ—੩੦੬]

ਅਨੁਸਾਰ ਆਪ ਸਿਮਰਨ ਕਰਦੇ ਅਤੇ ਹਜ਼ਾਰਾਂ ਸੰਗਤਾਂ ਨੂੰ ਸਿਮਰਨ ਵਿਚ ਜੋੜਦੇ ਸਨ। ਸਵੇਰੇ ੨ ਵਜੇ ਤੋਂ ਰਾਤ ੯ ਵਜੇ ਤੱਕ ਕਥਾ, ਕੀਰਤਨ ਅਤੇ ਸਿਮਰਨ ਦਾ ਪ੍ਰੋਗਰਾਮ ਚਲਦਾ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਸਵੇਰੇ, ਦੁਪਹਿਰ ਤੇ ਸ਼ਾਮ ਤਿੰਨ ਵੇਲੇ ਕਥਾ ਕਰਦੇ ਸਨ ਅਤੇ ਕਹਿੰਦੇ ਸਨ ਕਿ ਇਨ੍ਹਾਂ ਸੱਤਾਂ ਦਿਨਾਂ ਵਿਚ ਅਸੀਂ ਬੈਟਰੀ ਚਾਰਜ ਕਰਦੇ ਹਾਂ ਤੇ ਫਿਰ ਇਸਨੂੰ ਸਾਰਾ ਸਾਲ ਵਰਤਦੇ ਹਾਂ। ਕਥਾ ਵਿਚ ਸਿਮਰਨ ਦੀ ਗੁਰਮਤਿ ਅਨੁਸਾਰ ਇਸ ਤਰ੍ਹਾਂ ਵਿਆਖਿਆ ਸੁਣਾਇਆ ਕਰਦੇ।

## ਨਾਮ ਸਿਮਰਨ

**ਪ੍ਰਸ਼ਨ :—** ਵਾਹਿਗੁਰੂ ਮੰਤ੍ਰ, ਮੂਲਮੰਤ੍ਰ, ਗੁਰਬਾਣੀ ਤਿੰਨੇ ਇਕੋ ਰੂਪ ਹਨ ਕਿ ਵੱਖਰੇ ਵੱਖਰੇ ?

**ਉੱਤਰ :—** ਗੁਰਬਾਣੀ ਆਦਿ ਮੂਲਮੰਤ੍ਰ ਹੀ ਨਾਮ ਹੈ, ਜੋ ਧੁਰੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚਖੰਡ ਤੋਂ ਜੀਆਂ ਦੇ ਉਧਾਰ ਵਾਸਤੇ ਲਿਆਂਦੀ ਹੈ। ਜੋ ਕੁਝ ਸਿਧਾਂਤ ਮੂਲਮੰਤ੍ਰ ਵਿਚ ਸੂਤ੍ਰ ਰੂਪ ਕਰਕੇ ਰੱਖਿਆ ਹੈ, ਉਹ

DAMDAMI TAKSAAL.org



ਸਾਰੇ ਜਪੁਜੀ ਸਾਹਿਬ ਵਿਚ ਗੁਹਜ ਭੇਦ ਸੂਤ੍ਰ ਰੂਪ ਕਰਕੇ ਰੱਖੇ ਹਨ। ਉਹੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਸਥਾਰ ਨਾਲ ਉਚਾਰਨ ਕੀਤੇ ਹਨ। ਇਸ ਕਰਕੇ ਮੂਲਮੰਤ੍ਰ, ਗੁਰਮੰਤ੍ਰ ਗੁਰਬਾਣੀ ਇਕੋ ਰੂਪ ਹਨ।

'ਸੈਭੰ' ਸ਼ਬਦ ਸੁਅੰ ਪ੍ਰਕਾਸ਼ ਸਰੂਪ ਦਾ ਨਾਮ ਹੈ। ਉਹ ਸਰੂਪ ਜੋ ਸਾਰੇ ਜੋਤੀਆਂ ਦਾ ਪ੍ਰਕਾਸ਼ਕ ਹੈ। ਆਪ ਆਪਣੇ ਆਪ ਤੋਂ ਪ੍ਰਕਾਸ਼ਵਾਨ ਹੈ।

'ਵਾਹਿ' ਨਾਮ ਅਸਚਰਜ ਦਾ ਹੈ, 'ਗੁ' ਅਗਿਆਨ ਦਾ ਅੰਧੇਰਾ ਨਾਸ ਕਰਕੇ 'ਰੂ' ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ। ਇਉਂ ਵਾਹਿਗੁਰੂ ਗੁਰਮੰਤ੍ਰ ਹੈ ਅਤੇ ਇਕੋ ਸਰੂਪ ਹੈ। ਸੰਖੇਪ ਰੂਪ ਵਾਕ ਤੇ ਵਿਸਥਾਰ ਰੂਪ ਵਾਕ ਤਾਂ ਤੁਸੀਂ ਸਮਝਦੇ ਹੀ ਹੋ।

**ਪ੍ਰਸ਼ਨ :—** ਗੁਰਬਾਣੀ ਦਾ ਪੜ੍ਹਨਾ ਤੇ ਨਾਮ ਦਾ ਜਪਣਾ ਇਹਨਾ ਦੀ ਵੱਖਰੀ-ਵੱਖਰੀ ਜ਼ਰੂਰਤ ਹੈ ਕਿ ਨਹੀਂ ? ਜਿਹੜਾ ਗੁਰਬਾਣੀ ਦਾ ਪੜ੍ਹਨਾ ਹੈ, ਉਸਨੂੰ ਨਾਮ ਜਪਣ ਦੀ ਲੋੜ ਹੈ ਕਿ ਨਹੀਂ ?

**ਉੱਤਰ :—** ਜਿਤਨਾ ਸ੍ਰੀ ਮੁਖਵਾਕ ਬਾਣੀ ਵਿਚ ਨਾਮ ਜਪਣ ਦਾ ਉਪਦੇਸ਼ ਹੈ, ਉਹ ਸਾਰੀ ਧੁਰ ਕੀ ਬਾਣੀ ਹੈ। ਗੁਰੂ ਹੋ ਕੇ ਉਪਦੇਸ਼ ਦੇ ਰਹੀ ਹੈ। ਬਾਣੀ ਦਾ ਪਾਠ ਕਰਨਾ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਸਮਝਣਾ, ਸ਼ਰਧਾਲੂ ਬਣ ਕੇ ਉਪਦੇਸ਼ ਸਰਵਣ ਕਰਨਾ, ਸਤਿਗੁਰਾਂ ਦੇ ਨਾਲ ਪ੍ਰਤੱਖ ਗੱਲਾਂ ਕਰਨੀਆਂ ਹਨ। ਜੋ ਬੇਨਤੀਆਂ ਵਾਲੇ ਵਾਕ ਹਨ, ਉਹ ਆਪਣੇ ਵੱਲੋਂ ਸਤਿਗੁਰੂ ਅੱਗੇ ਬੇਨਤੀਆਂ ਕਰਨੀਆਂ ਹਨ। ਜੋ ਸਿੱਖਿਆ ਦੇ ਵਾਕ ਹਨ, ਉਹ ਸਤਿਗੁਰਾਂ ਵੱਲੋਂ ਹੁਕਮ ਜਾਣ ਕੇ ਸੁਣਨੇ ਹਨ। ਹਰ ਰੋਜ਼ ਨਿੱਤਨੇਮ ਕਰਨਾ ਹੈ।

**ਗੁਰਮੰਤ੍ਰ ਦਾ ਜਾਪ**—ਜਦੋਂ ਮਨ ਪੂਰਨ ਇਕਾਗਰ ਹੋ ਕੇ ਇਕੋ ਸ਼ਬਦ ਦੀ ਅਰਾਧਨਾ ਚਾਹੇ, ਉਦੋਂ ਵਾਹਿਗੁਰੂ ਮੰਤ੍ਰ ਦਾ ਹਰ ਵਕਤ ਸਿਮਰਨ ਦਾ ਰਸ ਅਨੰਦ ਨਿਰਵਿਖੇਪ ਹੋ ਕੇ ਮਾਨਣਾ ਚਾਹੀਦਾ ਹੈ।

## ਜਾਪ ਦਾ ਫਲ

ਜਾਪਕ ਉਲਟ ਕੇ ਹਰੀ ਦਾ ਰੂਪ ਹੋ ਜਾਂਦਾ ਹੈ। ਜਦੋਂ ਮਨ ਕਦੇ ਟਿਕ ਜਾਵੇ, ਕਦੇ ਸੰਕਲਪਾਂ ਵਿਚ ਰੁੜ੍ਹੇ, ਉਦੋਂ ਮੂਲਮੰਤ੍ਰ ਦਾ ਪਾਠ ਕਰੋ ਤਾਂ ਮਨ ਵੱਸ ਵਿਚ ਆ ਜਾਂਦਾ ਹੈ, ਸਾਰੀਆਂ ਤਾਕਤਾਂ ਵੀ ਆ ਹਾਜ਼ਰ ਹੁੰਦੀਆਂ ਹਨ। ਜਦੋਂ ਮਨ ਪਾਪ ਵਿਕਾਰ ਚਿਤਵੇ, ਇਕ ਖਿਨ ਵੀ ਨਾ ਟਿਕੇ ਉਦੋਂ ਗੁਰਬਾਣੀ ਦਾ ਪਾਠ ਕਰੋ। ਅੰਮ੍ਰਿਤ ਵੇਲੇ ਦਾ ਨਿੱਤਨੇਮ ਅੰਮ੍ਰਿਤ ਵੇਲੇ ਕਰੋ, ਸ਼ਾਮ ਦਾ ਨਿੱਤਨੇਮ ਸ਼ਾਮ ਨੂੰ ਸਮੇਂ ਅਨੁਸਾਰ

ਜ਼ਰੂਰ ਕਰੋ। ਜੇ ਕਿਸੇ ਔਕੜ ਕਰਕੇ ਨਾ ਹੋ ਸਕੇ ਤਾਂ ਸੌਣ ਤੋਂ ਪਹਿਲਾਂ ਜ਼ਰੂਰ ਕਰ ਲਵੋ। ਅੱਜ ਦਾ ਨਿੱਤਨੇਮ ਕੱਲ੍ਹ 'ਤੇ ਨਹੀਂ ਛੱਡਣਾ। ਜੇ ਕਿਸੇ ਬਿਮਾਰੀ ਦੀ ਹਾਲਤ ਵਿਚ ਜਿਤਨੇ ਦਿਨ ਨਿੱਤਨੇਮ ਨਾ ਹੋ ਸਕੇ, ਉਤਨੇ ਦਿਨ ਰੋਜ਼ਾਨਾ ਦੇ ਨਿੱਤਨੇਮ ਦੇ ਨਾਲ ਰਿਹਾ ਨਿੱਤਨੇਮ ਵੀ ਕਰੀ ਜਾਵੋ ਅਤੇ ਇਸ ਤਰ੍ਹਾਂ ਪੂਰਾ ਕਰ ਲਵੋ। ਇਸ ਤਰ੍ਹਾਂ ਮਨ ਵੱਸ ਵਿਚ ਆ ਜਾਂਦਾ ਹੈ।

ਤਿੰਨ ਗੱਲਾਂ ਹੋਰ ਚੇਤੇ ਰੱਖੋ :—

*'ਹਉਮੈਂ ਤਜਨਿ ਨਾਮ ਲਿਵ ਲਾਵਨ। ਭਾਣਾ ਮੰਨਣ ਪੰਥ ਇਹ ਪਾਵਨ।'*

[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੨੭, ਜਿਲਦ-੨, ਪੰਨਾ—੩੫੯]

ਕਦੇ ਵੀ ਸਰੀਰ ਦੀ, ਪਦਾਰਥਾਂ ਦੀ ਅਤੇ ਗੁਣਾਂ ਦੀ ਹੰਗਤਾਂ ਨਹੀਂ ਕਰਨੀ। ਕਿਉਂਕਿ :—

੧. *'ਹਉਮੈ ਕਰੀ ਤਾਂ ਤੂੰ ਨਾਹੀ ਤੂ ਹੋਵਹਿ ਹਉ ਨਾਹਿ॥*
*ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ॥'*

[ਮਾਰੂ ਵਾਰ ਮਹਲਾ ੩, ਅੰਗ—੧੦੯੨]

੨. *'ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥'*

[ਤਿਲੰਗ ਮਹਲਾ ੧, ਅੰਗ—੭੨੨]

ਅੱਠੇ ਪਹਿਰ ਸਿਮਰਨ ਕਰਨਾ। ਯਥਾ :—

*'ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੯]

ਜਿਵੇਂ ਵੀ ਪ੍ਰਮੇਸ਼ਰ ਕਰੇ, ਉਸੇ ਤਰ੍ਹਾਂ ਹੀ ਰਜ਼ਾ ਵਿਚ ਰਹੇ। ਚੰਗਾ ਜਾਂ ਮੰਦਾ ਜੋ ਹੋ ਰਿਹਾ ਹੈ, ਸਭ ਅਕਾਲ ਪੁਰਖ ਅੰਤਰਜਾਮੀ ਦੇ ਹੁਕਮ ਵਿਚ ਹੋ ਰਿਹਾ ਹੈ। ਯਥਾ :—

*'ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ॥'*

[ਧਨਾਸਰੀ ਮਹਲਾ ੫, ਅੰਗ—੬੭੭]

ਇਉਂ ਸਿੱਖਿਆ ਗ੍ਰਹਿਣ ਕਰੇ। ਇਉਂ ਤਿੰਨਾਂ ਦੀ ਜ਼ਰੂਰਤ ਹੈ। ਪੰਜ ਪਿਆਰੇ ਇਸੇ ਕਰਕੇ ਵੱਖੋ ਵੱਖਰਾ ਉਪਦੇਸ਼ (ਜਾਪ) ਦ੍ਰਿੜ੍ਹ ਕਰਾਉਂਦੇ ਹਨ। ਜੇ ਗੁਰਬਾਣੀ ਨਾ ਪੜ੍ਹੀਏ ਅਤੇ ਕੇਵਲ ਇਕ ਮੂਲਮੰਤ੍ਰ ਜਾਂ ਗੁਰਮੰਤ੍ਰ ਦਾ ਹੀ ਜਾਪ ਕਰੀਏ, ਤਾਂ ਮਨ ਮੂਲਮੰਤ੍ਰ ਜਾਂ ਗੁਰਮੰਤ੍ਰ ਨੂੰ ਅੜੀ ਨਾਲ ਛੱਡ ਦਿੰਦਾ ਹੈ। ਲਾਇਆਂ ਹੋਇਆ ਨਹੀਂ ਲੱਗਦਾ, ਬੇ-ਰਸੀ ਕਰਦਾ ਹੈ, ਮਨ ਫੋਕਾ ਅਤੇ ਖ਼ਾਲੀ ਰਹਿ ਜਾਂਦਾ ਹੈ, ਉਦੋਂ ਗੁਰਬਾਣੀ ਦਾ ਪਾਠ ਕਰਨਾ, ਮਨ ਦੇ ਕਾਬੂ ਕਰਨ ਦਾ ਕਾਰਨ ਹੈ।

ਜਿਤਨੇ ਮਹਾਂਪੁਰਖ ਅਭਿਆਸੀ ਪੁਰਖ ਹਨ ਅਤੇ ਤੱਤਬੇਤੇ ਹਨ, ਉਹਨਾਂ ਸਾਰਿਆਂ ਦਾ ਇਹ ਤਜਰਬਾ ਹੈ ਕਿ ਬਾਣੀ ਛੱਡਣ ਕਰਕੇ ਮਨ ਫਿੱਕਾ ਪੈ ਜਾਂਦਾ

DAMDAMI TAKSAAL.ORG



ਹੈ। ਗੁਰਬਾਣੀ ਭਜਨ ਕਰਨ ਦਾ ਉਤਸ਼ਾਹ ਦਿੰਦੀ ਹੈ, ਫਲ ਦੱਸਦੀ ਹੈ, ਗੁਰਬਾਣੀ ਪੜ੍ਹਨੀ ਜ਼ਰੂਰੀ ਹੈ। ਜਦੋਂ ਮਨ ਸੰਕਲਪਾਂ-ਵਿਕਲਪਾਂ ਵਿਚ ਦੌੜਦਾ ਹੈ ਤਾਂ ਉਸਦੇ ਥੰਮ੍ਹਣ ਵਾਸਤੇ ਗੁਰਬਾਣੀ ਦੇ ਪਾਠ ਦੀ ਲੋੜ ਪੈਂਦੀ ਹੈ।

**ਜਪੁਜੀ ਸਾਹਿਬ**—ਦਾ ਪਾਠ ਸਵਾ ਪਹਿਰ ਰਾਤ ਰਹਿੰਦੀ ਸਮੇਂ ਉੱਠ ਕੇ ਇਸ਼ਨਾਨ ਕਰਕੇ ਕਰੇ। ਇਹ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਕਾਰਨ ਹੈ।

**ਜਾਪੁ ਸਾਹਿਬ**—ਪ੍ਰਮੇਸ਼ਰ ਅੱਗੇ ਨਮਸਕਾਰ ਅਤੇ ਸਰੂਪ ਦਾ ਲੱਖਣ ਸਮਝਣ ਦਾ ਕਾਰਨ ਹੈ।

**ਤ੍ਵ ਪ੍ਰਸਾਦਿ ਸ੍ਵਯੇ**—ਵੈਰਾਗ ਵਾਸਤੇ, ਪਖੰਡ ਦਾ ਖੰਡਨ ਕੀਤਾ ਹੈ।

**ਚੌਪਈ ਸਾਹਿਬ**—ਰੱਖਿਆ ਅਤੇ ਬੇਨਤੀ ਕਰਨ ਵਾਸਤੇ।

**ਅਨੰਦੁ ਸਾਹਿਬ**—ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ।

**ਸੁਖਮਨੀ ਸਾਹਿਬ, ਆਸਾ ਦੀ ਵਾਰ, ਅਕਾਲ ਉਸਤਤਿ, ਤੇਤੀ ਸ੍ਵਯੇ**—ਆਦਿ ਬਾਣੀਆਂ ਪੜ੍ਹਣ ਕਰਕੇ ਸ਼ੰਕਾਵਾਦੀਆਂ ਤੋਂ ਬਚ ਜਾਈਦਾ ਹੈ।

ਪ੍ਰਸ਼ਨ :— ਵਾਹਿਗੁਰੂ ਨਾਮ ਨੂੰ ਅਕਾਲ ਪੁਰਖ ਦੇ ਬਾਕੀ ਨਾਮਾਂ ਨਾਲੋਂ ਜੋ ਕਿਰਤਮ ਨਾਮ ਹਨ, ਗੁਰੂ ਸਾਹਿਬ ਜੀ ਨੇ ਕਿਉਂ ਨਿਆਰਾ ਤੇ ਸ੍ਰੇਸ਼ਟ ਦੱਸਿਆ? ਅਤੇ ਵਰਤਮਾਨ ਸਮੇਂ ਵਿਚ ਜਪਣ ਲਈ ਕੇਵਲ ਮਹਾਂਵਾਕ ਅਤੇ ਮੂਲ ਮੰਤ੍ਰ ਦੀ ਕਿਉਂ ਆਗਿਆ ਹੈ? ਇਸ ਦਾ ਸਮੇਂ ਨਾਲ ਕੀ ਪ੍ਰਯੋਜਨ ਹੈ? ਇਸਦੇ ਸੰਖੇਪ ਅੱਖਰੀ ਅਰਥ ਕੀ ਹਨ?

ਉੱਤਰ :— ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਦਸ ਸਰੂਪ ਧਾਰ ਕੇ ਧੁਰ ਕੀ ਬਾਣੀ ਦਾ ਉਪਦੇਸ਼ ਦੇਣਾ ਹੀ ਕਲਜੁਗ ਦੇ ਸਮੇਂ ਦਾ ਮੁੱਖ ਪ੍ਰਯੋਜਨ ਹੈ। ਅੰਮ੍ਰਿਤ ਛਕਾ ਕੇ ਸੰਸਾਰ ਦਾ ਉਧਾਰ ਕੀਤਾ ਹੈ। ਕਿਰਤਮ ਨਾਮਾਂ ਵਿਚ ਪੰਜ ਚੀਜ਼ਾਂ ਆਉਂਦੀਆਂ ਹਨ :—੧. ਜਾਤੀ, ੨. ਗੁਣ, ੩. ਕਿਰਿਆ, ੪. ਸਬੰਧ, ੫. ਵਿਅਕਤੀ।

**ਜਾਤੀ ਕਰਕੇ**—ਜਿਵੇਂ ਯਾਦਮਰਾਇਆ, ਰਘੁਬੀਰ, ਕ੍ਰਿਸ਼ਨ ਆਦਿ। ਜਾਤੀ ਨਾਮ ਦਾ ਜਾਪ ਕਰਨ ਵਾਲਾ ਇਹਨਾਂ ਦੀਆਂ ਦੇਹਾਂ ਦਾ ਉਪਾਸ਼ਕ ਰਹੇਗਾ।

**ਗੁਣ ਕਰਕੇ**—ਸਜਾਮ ਆਦਿਕ ਰੰਗਾਂ ਵਿਚ ਹੀ ਪਰਚਿਆ ਰਹੇਗਾ।

**ਕਿਰਿਆ ਕਰਕੇ**—ਰਾਧਾ ਰਮਣ ਆਦਿਕਾਂ ਦੇ ਕੌਤਕਾਂ ਕਰਕੇ ਉਨ੍ਹਾਂ ਵਿਚ ਹੀ ਪਰਚਿਆ ਰਹੇਗਾ।

**ਸਬੰਧ ਕਰਕੇ**—ਨੰਦ ਕੋ ਨੰਦਨ ਹੀ ਲੋਕ ਸਮਝਦੇ ਰਹਿਣਗੇ।

**ਵਿਅਕਤੀ ਕਰਕੇ**—ਦੇਹਧਾਰੀ ਦੇ ਉਪਾਸ਼ਕ ਰਹਿ ਕੇ ਲੋਕ ਏਕੰਕਾਰ ਦੀ ਸੂਝ ਤੋਂ ਖ਼ਾਲੀ ਰਹਿਣਗੇ।

ਇਸ ਕਰਕੇ ਕਿਰਤਮ ਨਾਮਾਂ ਤੋਂ ਉੱਚਾ, ਸੱਚਾ, ਸੁੱਚਾ ਨਾਮ ਦਰਸਾਇਆ ਹੈ, ਇਉਂ ਵਾਹਿਗੁਰੂ ਨਾਮ ਨਿਆਰਾ ਤੇ ਸ੍ਰੇਸ਼ਟ ਹੈ ਅਤੇ ਮੂਲਮੰਤ੍ਰ ਵੀ ਏਸੇ ਤਰ੍ਹਾਂ ਸ੍ਰੇਸ਼ਟ ਹੈ। ਇਸੇ ਜਨਮ ਵਿਚ ਹੀ ਕਲਿਆਣ ਹੋ ਜਾਵੇ, ਤਾਂ ਜਪਣ ਦੀ ਆਗਿਆ ਕੀਤੀ ਹੈ। ਚੌਹਾਂ ਜੁਗਾਂ ਦੇ ਵਿੱਛੜਿਆਂ ਨੂੰ ਇਸ ਜਨਮ ਵਿਚ ਮੇਲਣ ਦਾ ਪ੍ਰਯੋਜਨ ਹੈ ਅਤੇ ਮਹਾਂਵਾਕ ਜੀਵ ਤੇ ਈਸ਼ਵਰ ਦੀ ਏਕਤਾ ਕਰਨ ਦਾ ਕਾਰਨ ਹੈ, ਇਸ ਕਰਕੇ ਇਸ ਵਾਹਿਗੁਰੂ ਨਾਮ ਜਪਣ ਦੀ ਆਗਿਆ ਕੀਤੀ ਹੈ। ਤਾਂਕਿ ਥੋੜ੍ਹੀ ਉਮਰ ਵਾਲਾ ਭੀ ਜਪ ਕੇ ਮੁਕਤ ਹੋ ਜਾਵੇ।

ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਰਹਿਤ ਰੱਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਭਰੋਸਾ ਰੱਖੇ। ਇਸ ਜਨਮ ਵਿਚ ਹੀ ਮੁਕਤੀ ਨੂੰ ਪ੍ਰਾਪਤ ਹੋਵੇ, ਮੁੜ ਕੇ ਸੰਸਾਰ ਵਿਚ ਨਾ ਆਵੇ। ਵਾਹਿਗੁਰੂ ਦੇ ਦਰਸ਼ਨ ਵਿਚ ਸਮਾਵੇ।

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ**
**ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਸਦੇ ਸੰਖੇਪ ਅਰਥ ਇਹ ਹਨ :—

੧ = ਅਦ੍ਵੈਤ ਰੂਪ, **ੴ** = ਸਾਰਿਆਂ ਦਾ ਪ੍ਰਕਾਸ਼ਕ, **ਸਤਿ** = ਤਿੰਨਾਂ ਕਾਲਾਂ ਵਿਚ ਨਾਸ ਤੋਂ ਰਹਿਤ, **ਨਾਮੁ** = ਪ੍ਰਸਿੱਧ ਨਾਮ ਵਾਲਾ, **ਕਰਤਾ** = ਜਗਤ ਨੂੰ ਰਚਨ ਵਾਲਾ, **ਪੁਰਖੁ** = ਪੂਰਨ (ਵਿਆਪਕ) ਹੈ, **ਨਿਰਭਉ** = ਡਰ ਤੋਂ ਰਹਿਤ ਹੈ, **ਨਿਰਵੈਰੁ** = ਵੈਰ ਤੋਂ ਰਹਿਤ ਹੈ, **ਅਕਾਲ** = ਕਾਲ ਤੋਂ ਰਹਿਤ, **ਮੂਰਤਿ** = ਸਰੂਪ (ਹਸਤੀ ਹੈ), **ਅਜੂਨੀ** = ਜਨਮ ਤੋਂ ਰਹਿਤ ਹੈ, **ਸੈਭੰ** = ਸੁਤੇ ਪ੍ਰਕਾਸ਼ ਹੈ, **ਗੁਰ ਪ੍ਰਸਾਦਿ** = ਅਗਿਆਨ ਦਾ ਹਨੇਰਾ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ ਅਤੇ ਕਿਰਪਾ ਕਰਨ ਵਾਲਾ ਹੈ, **ਜਪੁ** = ਜਪਨ ਯੋਗ ਹੈ, **ਆਦਿ ਸਚੁ** = ਸੰਸਾਰ ਰਚਨਾ ਤੋਂ ਪਹਿਲਾਂ ਵੀ ਸੱਚ ਸਰੂਪ ਸੀ, **ਜੁਗਾਦਿ ਸਚੁ** = ਜੁਗ ਰਚਨ ਸਮੇਂ ਵੀ ਸੱਚ ਸਰੂਪ ਸੀ, **ਹੈ ਭੀ ਸਚੁ** = ਵਰਤਮਾਨ ਸਮੇਂ ਵਿਚ ਵੀ ਸੱਚ ਸਰੂਪ ਹੈ, **ਨਾਨਕ ਹੋਸੀ ਭੀ ਸਚੁ** = ਗੁਰੂ ਜੀ ਕਹਿੰਦੇ ਹਨ, ਅੱਗੇ ਨੂੰ (ਭਵਿੱਖਤ ਸਮੇਂ ਵਿਚ) ਵੀ ਸੱਚ ਸਰੂਪ ਹੋਵੇਗਾ।

**ਪ੍ਰਸ਼ਨ :—** ਮੂਲਮੰਤ੍ਰ ਤੇ ਗੁਰਮੰਤ੍ਰ ਦੇ ਜਾਪ ਲਈ ਕਿਹੜੇ ਸਮੇਂ ਹਨ ? ਨਿਤਾਪ੍ਰਤੀ ਇਹਨਾਂ ਦਾ ਕਿਸ ਤਰ੍ਹਾਂ ਅਭਿਆਸ ਕਰਨਾ ਚਾਹੀਦਾ ਹੈ ਅਤੇ ਇਹਨਾਂ ਦੇ ਫਲ (ਮਹਾਤਮ) ਕੀ ਹਨ ?

**ਉੱਤਰ :—** ਸਵਾ ਪਹਿਰ ਦੇ ਤੜਕੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ

DAMDAMI TAKSAAL.ORG



ਗੁਰਸਿੱਖ ਲਈ ਅਰਥਾਂ ਵਿਚ ਚਿੱਤ ਟਿਕਾ ਕੇ ਮੂਲਮੰਤ੍ਰ ਦਾ ਜਾਪ ਕਰਨਾ ਚਾਹੀਦਾ ਹੈ। ਘੱਟੋ-ਘੱਟ ਢਾਈ ਘੰਟੇ ਰੋਜ਼ ਜਾਪ ਕਰੇ। ਨਿਰ-ਆਲਸ ਹੋ ਕੇ 'ਵਾਹਿਗੁਰੂ ਮੰਤ੍ਰ' ਨੂੰ ਸਵਾਸਾਂ ਨਾਲ ਮੇਲ ਕੇ ਅੱਠੇ ਪਹਿਰ ਲਿਵ ਲਾਉਣੀ ਯੋਗ ਹੈ। ਵਾਹਿਗੁਰੂ ਮੰਤ੍ਰ ਦਾ ਜਾਪ ਕਰਕੇ ਮਨ ਦੀ ਚੰਚਲਤਾਈ ਮੇਟ ਕੇ ਪ੍ਰਮੇਸ਼ਰ ਦਾ ਪ੍ਰੇਮ ਪੈਦਾ ਹੁੰਦਾ ਹੈ। ਮਨ ਦੇ ਅੰਦਰੋ-ਅੰਦਰ ਹੀ ਗਿਆਨ ਦਾ ਪ੍ਰਕਾਸ਼ ਹੋ ਕੇ ਸਿਰਜਨਹਾਰ ਰੋਮ-ਰੋਮ ਵਿਚ ਆਪਣਾ ਪ੍ਰਕਾਸ਼ ਪ੍ਰਗਟ ਕਰ ਦਿੰਦਾ ਹੈ। ਗੁਰਮੰਤ੍ਰ ਜਪਣ ਕਰਕੇ ਸੱਚੀ ਲਿਵ ਦੇ ਆਸਰੇ ਵਾਹਿਗੁਰੂ ਵਿਚ ਬਿਰਤੀ ਲਿਵਲੀਨ ਹੁੰਦੀ ਹੈ। ਵਾਹਿਗੁਰੂ ਦਾ ਸਰੂਪ ਹੋ ਜਾਂਦੀ ਹੈ।

## ਸਿਮਰਨ ਕਰਨ ਦੇ ੧੩ ਜ਼ਰੂਰੀ ਅੰਗ

੧. ਚਿਰਕਾਲ ਤੱਕ ਜਾਪ ਕਰਨਾ। ੨. ਦਸਾਂ ਸਤਿਗੁਰਾਂ ਨੂੰ ਸਦਾ ਅੰਗ-ਸੰਗ ਸਮਝਣਾ। ੩. ਅਰਥਾਂ ਵਿਚ ਬਿਰਤੀ ਟਿਕਾਉਣੀ। ੪. ਚਿੱਤ ਦੀ ਇਕਾਗਰਤਾ ਕਰਨੀ। ੫. ਗੁਰੂ ਜੀ ਉੱਪਰ ਪੂਰਨ ਸ਼ਰਧਾ ਰੱਖਣੀ ਅਤੇ ਵਾਹਿਗੁਰੂ ਨੂੰ ਵਿਆਪਕ ਸਮਝਣਾ। ੬. ਮਨ ਦਾ ਸੰਤੋਖ। ੭. ਪਿਛਲੀ ਰਾਤ ਤੇ ਇਕਾਂਤ ਦੇਸ ਹੋਵੇ। ੮. ਨਿਰ-ਵਿਕਾਰ ਹੋਵੇ। ੯. ਬਾਣੀ ਦੀ ਮੌਨਤਾ। ੧੦. ਪ੍ਰੇਮ ਵਿਚ ਲੀਨ ਹੋ ਕੇ ਸਿਮਰਨ ਮਨ ਨਾਲ ਕਰਨਾ। ੧੧. ਕਿਸੇ ਸ਼ਕਤੀ ਤੇ ਪ੍ਰਭਤਾ ਦੀ ਇਛਾ ਨਾ ਰੱਖਣੀ। ੧੨. ਕੇਵਲ ਵਾਹਿਗੁਰੂ ਦੇ ਦਰਸ਼ਨਾਂ ਦੇ ਪਿਆਸੇ ਹੋਣਾ। ੧੩. ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਅਖੰਡ ਸ਼ਰਧਾ ਰੱਖਣੀ।

ਇਹ ਚੀਜ਼ਾਂ ਸਿਮਰਨ ਨੂੰ ਛੇਤੀ ਫਲ ਦੇਣ ਵਾਲੀਆਂ ਹਨ।

**ਪ੍ਰਸ਼ਨ :—** ਸੰਤ ਜੀ! ਸ੍ਰੇਸ਼ਟ ਉਪਦੇਸ਼ ਬਖ਼ਸ਼ੋ।

**ਉੱਤਰ :—** ਗੁਰਬਾਣੀ ਨਾਮ ਸਰੂਪ ਹੈ। ਗੁਰਬਾਣੀ ਗੁਰੂ ਰੂਪ ਹੈ। ਗੁਰਬਾਣੀ ਵਿਚ ਹਰ ਪ੍ਰਕਾਰ ਦੇ ਉੱਤਮ ਲੱਖਣ ਹਨ, ਪਰ ਹੇਠ ਲਿਖੇ ਪਦਾਰਥ (ਗੁਰਬਾਣੀ ਦੇ ਪਦਾਂ ਦੇ ਅਰਥ) ਉਕਤੀਆਂ-ਜੁਗਤੀਆਂ ਸਹਿਤ ਹਨ। ਜਿਸ ਤਰ੍ਹਾਂ ਵੈਰਾਗ, ਵਿਵੇਕ, ਪ੍ਰੇਮ, ਗਿਆਨ, ਜੀਵਨ ਮੁਕਤ ਦੇ ਅਤੇ ਨਾਮ ਦਾ ਸਰੂਪ, ਨਾਮ ਦਾ ਕਾਰਨ, ਨਾਮ ਦਾ ਅਭਿਆਸ, ਨਾਮ ਅਉਖਦੀ, ਨਾਮ ਦਾ ਫਲ ਇਹਨਾਂ ਦੇ ਸਰੂਪ ਦਰਸਾਏ ਹਨ। ਜਿਵੇਂ ਸੰਤ ਦੇ ਲੱਛਣ, ਸਿਮਰਨ ਦਾ ਮਹਾਤਮ, ਸਿਮਰਨ ਦੀ ਗਿਆਤ ਇਹ ਬੜੇ ਭਾਰੀ ਪ੍ਰਕਰਣ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਗੋਬਿੰਦ ਰੂਪ ਹਨ, ਨਾਲੇ ਗੋਬਿੰਦ ਦੇ ਮਿਲਣ ਵਾਸਤੇ ਭਗਤੀ ਦਾ ਸਰੂਪ ਧਾਰ ਕੇ ਭਗਵੰਤ ਨਾਲ ਮਿਲਣ ਦਾ ਪੰਥ ਦੱਸਦੇ ਹਨ। ਇਵੇਂ ਗੁਰਬਾਣੀ ਨਾਲੇ ਨਾਮ ਸਰੂਪ ਹੈ,

ਨਾਲੇ ਨਾਮ ਜਪਣ ਦੀ ਆਗਿਆ ਦਿੰਦੀ ਹੈ। ਜੋ ਭੀ ਬ੍ਰਹਮ ਸਬੰਧੀ ਵਿਚਾਰ ਹੈ, ਸਭ ਲਾਹੇ ਦਾ ਕਾਰਨ ਹੈ। ਜੋ ਲੌਕਕ ਵੀਚਾਰ ਹੈ, ਉਸ ਵਿਚ ਤਾਂ ਘਾਟਾ ਹੀ ਘਾਟਾ ਹੈ। ਇਸ ਕਰਕੇ ਕੁਸੰਗਤ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਉਪਰੋਕਤ ਸਿਮਰਨ ਅਭਿਆਸ ਤਾਂ ਹੀ ਫਲੀਭੂਤ ਹੋ ਸਕਦਾ ਹੈ, ਜੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੀਏ।

ਇਉਂ ਸੰਗਤਾਂ ਕਥਾ ਦਾ ਮਹਾਨ ਰਸ ਮਾਣਦੀਆਂ।

*'ਸਭਸੈ ਊਪਰਿ ਗੁਰ ਸਬਦ ਬੀਚਾਰੁ ॥*
*ਹੋਰ ਕਥਨੀ ਬਦਉ ਨ; ਸਗਲੀ ਛਾਰੁ ॥੨॥'*

[ਰਾਮਕਲੀ ਮਹਲਾ ੧, ਅੰਗ—੯੦੪]

ੴ ਸਤਿਗੁਰ ਪ੍ਰਸਾਦਿ ॥

# ਪੰਜਵਾਂ ਕਾਂਡ

## ਖ਼ਾਲਸਾ ਜੀ ਦੇ ਨਿਰਭੈਤਾ ਵਾਲੇ ਬਚਨ

੭ ਦਸੰਬਰ ੧੯੭੫ ਈ: ਵਾਲੇ ਦਿਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਜਲੂਸ ਪੁੱਜਾ ਤਾਂ ੨੨ ਲੱਖ ਦੇ ਇਕੱਠ ਵਿਚ ਜਦ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ 'ਤੇ ਆਈ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਸਭ ਨੇ ਸਟੇਜ ਤੋਂ ਉੱਠ ਕੇ ਸਵਾਗਤ ਕੀਤਾ। ਪਰ ਸੰਤ ਜੀ ਸਟੇਜ 'ਤੇ ਇਕੱਲੇ ਹੀ ਬੈਠੇ ਰਹੇ ਅਤੇ ਸਟੇਜ 'ਤੇ ਹੀ ਇਸ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ।

ਕੁਝ ਲੀਡਰਾਂ ਨੇ ਕਿਹਾ, "ਸਾਡੀ ਬੇਨਤੀ ਹੈ ਕਿ ਜਿਵੇਂ ਪਹਿਲਾਂ ਪ੍ਰਧਾਨ ਮੰਤਰੀ ਜੀ ਨੇ ਪੰਜਾਬ ਵਿਚ ਰਿਸ਼ਤੇਦਾਰੀ ਪਾਈ ਹੈ, ਉਸੇ ਤਰ੍ਹਾਂ ਦੂਜੇ ਲੜਕੇ ਦੀ ਸ਼ਾਦੀ ਵੀ ਪੰਜਾਬ ਵਿਚ ਕੀਤੀ ਜਾਵੇ।" ਲੀਡਰਾਂ ਨੇ ਇਹ ਸ਼ਬਦ ਵੀ ਕਹੇ ਕਿ ਜਿਸ ਦਿੱਲੀ ਦੇ ਤਖ਼ਤ ਤੋਂ ਸਿੱਖਾਂ ਨੂੰ ਫ਼ਤਵੇ ਦਿੱਤੇ ਜਾਂਦੇ ਸਨ, ਉਹੋ ਤਖ਼ਤ ਅੱਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸੀਸ ਨਿਵਾਉਣ ਆਇਆ ਹੈ।

ਸੰਤਾਂ ਦੇ ਬੋਲਣ ਦਾ ਸਮਾਂ ਪ੍ਰਧਾਨ ਮੰਤਰੀ ਤੋਂ ਬਾਅਦ ਸੀ :—"ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।" ਸੰਤਾਂ ਨੇ ਇਸ ਧਾਰਨਾ ਤੋਂ ਪ੍ਰਚਾਰ ਸ਼ੁਰੂ ਕੀਤਾ ਅਤੇ ਰਹਿਤਨਾਮੇ ਦੇ ਇਹ ਬਚਨ ਸੁਣਾਏ :—

*'ਕੰਨਿਆ ਦੇਵੈ ਸਿਖ ਕੋ ਲੇਵੈ ਨਹਿ ਕਿਛੁ ਦਾਮ।*
*ਸੋਈ ਮੇਰਾ ਸਿਖ ਹੈ ਪਹੁੰਚੇ ਗੁਰ ਕੇ ਧਾਮ ॥੨੫॥'*

[ਰਹਿਤਨਾਮਾ ਭਾਈ ਸਾਹਿਬ ਸਿੰਘ, ਪੰਨਾ—੧੯੦]

ਅਤੇ ਸਮੇਂ ਦੀ ਸਟੇਜ ਤੋਂ ਕੀਤੀ ਇਸ ਮੰਗ ਦਾ ਖੰਡਨ ਕੀਤਾ ਕਿ ਇੰਦਰਾ ਗਾਂਧੀ ਦੂਜੇ ਮੁੰਡੇ ਦਾ ਰਿਸ਼ਤਾ ਵੀ ਪੰਜਾਬ ਨਾਲ ਜੋੜੇ। ਸੰਤਾਂ ਨੇ ਕਿਹਾ, "ਪਹਿਲਾਂ ਰਾਜਪੂਤ ਰਾਜੇ ਧੀਆਂ ਦੇ ਦੇ ਕੇ ਰਾਜ ਕਰਦੇ ਸਨ, ਅੱਜ ਸਿੱਖ ਵੀ ਇਹੋ ਜਿਹੀਆਂ ਗੱਲਾਂ ਕਰਨਾ ਚਾਹੁੰਦੇ ਹਨ। ਲਾਹਨਤ ਹੈ ਸਾਡੇ 'ਤੇ, ਜੇ ਅਸੀਂ ਉਨ੍ਹਾਂ ਦੀ ਰੀਸ ਕਰੀਏ। ਇਸ ਲਈ ਮੋਨੇ ਪਤਿਤ ਨਾਲ ਕਿਸੇ ਸਿੱਖ ਨੂੰ ਆਪਣੀ ਬੀਬੀ ਦਾ ਰਿਸ਼ਤਾ ਨਹੀਂ ਕਰਨਾ ਚਾਹੀਦਾ।"

DAMDAMI TAKSAAL.ORG

ਦੂਜੀ ਗੱਲ ਦਾ ਉੱਤਰ ਦਿੰਦੇ ਹੋਏ ਕਿਹਾ, "ਇਹਨਾਂ ਨੂੰ ਦਿੱਲੀ ਦਾ ਤਖ਼ਤ ਦਿਵਾਇਆ ਕਿਸ ਨੇ ? ਜੇਕਰ ਨੌਂਵੇਂ ਪਾਤਿਸ਼ਾਹ ਜੀ ਕੁਰਬਾਨੀ ਨਾ ਕਰਦੇ ਤਾਂ ਦਿੱਲੀ ਦੇ ਤਖ਼ਤ ਦੀ ਰੂਪ-ਰੇਖਾ ਹੋਰ ਹੀ ਹੁੰਦੀ। ਪ੍ਰਧਾਨ ਮੰਤਰੀ ਸਾਹਿਬ ਸਾਡੇ ਸਤਿਕਾਰ ਯੋਗ ਹਨ, ਪਰ ਜਿੰਨੇ ਸਰੀਰ ਦੇ ਰੋਮ ਹਨ, ਉਤਨੀ ਵੇਰ ਸਿਰ ਵੱਢ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਕਰਨ ਤਾਂ ਵੀ ਗੁਰੂ ਸਾਹਿਬ ਦੀ ਕੁਰਬਾਨੀ ਦਾ ਦੇਣ ਨਹੀਂ ਦੇ ਸਕਦੇ। ਇਹ ਝੂਠੀ ਸਿਫ਼ਤ ਨਹੀਂ, ਸਾਰੀ ਸਿੱਖ ਕੌਮ ਵਾਸਤੇ ਇਕ ਗਾਈਡ ਲਾਈਨ ਹੈ। ਭਾਵੇਂ ਕਿੱਡਾ ਵੀ ਵੱਡਾ ਰਾਜਾ ਜਾਂ ਪ੍ਰਧਾਨ ਮੰਤਰੀ ਆਵੇ ਸਾਡੇ ਗੁਰੂ ਸਾਹਿਬ ਨਾਲੋਂ ਵੱਡਾ ਨਹੀਂ, ਬਲਕਿ ਉਹ ਸਾਡੇ ਇਸ਼ਟ, ਜਾਗਦੀ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾਵੇ ਨਾ ਕਿ ਆਪਾਂ ਉੱਠ ਕੇ ਉਸ ਦਾ ਸਤਿਕਾਰ ਕਰੀਏ।" ਇਹਨਾਂ ਬਚਨਾਂ ਨੂੰ ਸੁਣ ਕੇ ਸਭ ਪਾਸੇ ਜੈਕਾਰਿਆਂ ਦੀ ਗੂੰਜ ਉੱਠੀ।

ਸੰਤ ਸਿਪਾਹੀ ਨੌਜਵਾਨ ਸਭਾ ਗੁਰਦਾਸਪੁਰ ਦਾ ਸੈਕਟਰੀ ਕੁਲਵਿੰਦਰ ਸਿੰਘ ਦੱਸ ਰਿਹਾ ਸੀ ਕਿ ਨਰਕਧਾਰੀ ਡੀ.ਸੀ. ਦੇ ਤੰਗ ਕੀਤੇ, ਅਸੀਂ ਆਪਣਾ ਦੁੱਖੜਾ ਦੱਸਣ ਲਈ ਸੰਤ ਜੀ ਕੋਲ ਮਹਿਤੇ ਆਏ, ਸੰਤਾਂ ਨੇ ਦਿਲਾਸਾ ਦਿੱਤਾ, ਥਾਪੜਾ ਦੇ ਕੇ ਗੁਰਮਤਿ 'ਤੇ ਡਟੇ ਰਹਿਣ ਦੀ ਪ੍ਰੇਰਨਾ ਕੀਤੀ ਅਤੇ ਹਫ਼ਤੇ ਕੁ ਤੱਕ ਮਨਾਏ ਜਾ ਰਹੇ ਨਗਰ ਕੀਰਤਨ ਦਾ ਸਾਰਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ। ਸਾਰੇ ਗੁਰਦਾਸਪੁਰ 'ਚ ਧੁੰਮ ਗਿਆ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਜਥੇ ਸਮੇਤ ਆ ਰਹੇ ਹਨ। ਐਮਰਜੈਂਸੀ ਦੇ ਘੋਰ ਹਨੇਰੇ ਵਿਚ ਇਕ ਛਿੱਟ ਚਾਨਣ ਦੀ ਕਾਲੇ ਬੱਦਲਾਂ ਦਾ ਢਿੱਡ ਪਾੜ ਕੇ ਪ੍ਰਗਟ ਹੋ ਗਈ। ਨਰਕਧਾਰੀ ਡੀ.ਸੀ. ਨੂੰ ਹੱਥਾਂ ਪੈਰਾਂ ਦੀ ਪੈ ਗਈ। ਨਗਰ ਕੀਰਤਨ ਤੋਂ ਪਹਿਲੀ ਰਾਤ ਤਕਰੀਬਨ ਦਸ ਵਜੇ ਜ਼ਿਲ੍ਹਾ ਅਧਿਕਾਰੀਆਂ ਦਾ ਸੁਨੇਹਾ ਸੰਤ ਜੀ ਨੂੰ ਪੁੱਜਾ ਕਿ ਨੌਂ ਵਜੇ ਸਵੇਰੇ ਵੱਡੀ ਸੜਕ ਵਿਹਲੀ ਹੋ ਜਾਣੀ ਚਾਹੀਦੀ ਹੈ ਕਿਉਂਕਿ ਕੇਂਦਰ ਤੋਂ ਦੋ ਮਨਿਸਟਰ ਆ ਰਹੇ ਹਨ, ਇਸ ਲਈ ਜਲੂਸ ਪਹਿਲਾਂ-ਪਹਿਲਾਂ ਲੰਘਾ ਲਵੋ।

ਸੰਤਾਂ ਨੇ ਮੋੜਵਾਂ ਜਵਾਬ ਭੇਜਿਆ, "ਦੋਹਾਂ ਮਨਿਸਟਰਾਂ ਨੂੰ ਕਹਿ ਦੇਵੋ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਮਹਾਨ ਜਲੂਸ ਆ ਰਿਹਾ ਹੈ। ਸੋ, ਮਨਿਸਟਰ ਸੜਕ ਦੇ ਕਿਨਾਰੇ ਹੋ ਕੇ ਦੋਵੇਂ ਹੱਥ ਜੋੜ ਕੇ ਖਲੋ ਜਾਣ।"

ਐਮਰਜੈਂਸੀ ਦੀਆਂ ਪੀਡੀਆਂ ਬੰਦਸ਼ਾਂ ਸਮੇਂ ਜਦੋਂ ਸਾਰਾ ਹਿੰਦੁਸਤਾਨ ਤਰਾਹ-ਤਰਾਹ ਕਰ ਰਿਹਾ ਸੀ, ਇਕ ਮਹਾਂਪੁਰਸ਼ ਹੀ ਸਨ, ਜੋ ਸੱਚੇ-ਸੁੱਚੇ ਸ਼ਬਦ ਕਹਿਣ ਦੀ ਜੁਰਅਤ ਕਰ ਸਕੇ। ਇਸੇ ਹੀ ਸਮੇਂ ਐਮਰਜੈਂਸੀ ਦੀਆਂ ਸਾਰੀਆਂ ਹੀ ਰੁਕਾਵਟਾਂ ਦੀਆਂ ਧੱਜੀਆਂ ਉਡਾ ਕੇ ਸੰਤ ਜੀ ਨੇ ਜਥੇ ਸਮੇਤ ਵੱਖ ਵੱਖ ਥਾਵਾਂ 'ਤੇ ੩੭ ਮਹਾਨ ਜਲੂਸ ਕੱਢੇ ਸਨ।

DAMDAMI TAKSAAL.ORG



## ਪ੍ਰਚਾਰ ਨਾਲ ਸਿੱਖੀ ਜਜ਼ਬਾ ਉੱਭਰਿਆ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਨੂੰ ਮਨਾਉਂਦਿਆਂ ਗੁਰਮਤਿ ਪ੍ਰਚਾਰ ਹਿਤ 'ਸ਼ਹੀਦੀ ਮਾਰਗ' ਅਨੰਦਪੁਰ ਸਾਹਿਬ ਤੋਂ ਦਿੱਲੀ ਤਕ ਦੇ ਜਲੂਸ ਵਿਚ ਸੰਤ ਜੀ ਜਥੇ ਸਮੇਤ ਸ਼ਾਮਲ ਹੋਏ। ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਇਸ ਸ਼ਹੀਦੀ ਮਾਰਗ ਦੇ ਜਲੂਸ ਤੋਂ ਪਹਿਲਾਂ 'ਖ਼ਾਲਸਾ' ਜੀ ਨੇ ਪੰਜ ਜਲੂਸ (ਬਾਬਾ ਬਕਾਲਾ, ਮੁਕਤਸਰ ਤੇ ਭੂਰੇ ਪੁਰਾਣੇ ਆਦਿਕ ਤੋਂ) ਕੱਢੇ। 'ਸੀਸ ਮਾਰਗ' ਜਲੂਸ ਤੋਂ ਮਗਰੋਂ ਜੋਧਪੁਰ (ਰੋਡੇ), ਜਲਾਲਾਬਾਦ, ਕਾਦੀਆਂ, ਸਲਾਲਾ, ਨਾਰੰਗਵਾਲ, ਫ਼ੀਰੋਜ਼ਪੁਰ, ਧਰਮਕੋਟ, ਅਖਾੜਾ, ਸੁਲਤਾਨਪੁਰ, ਖਡੂਰ ਸਾਹਿਬ, ਕਾਲੇ ਕੇ, ਪਾਨਾਗੜ੍ਹ, ਹੁਸ਼ਿਆਰਪੁਰ, ਬਲਾਚੌਰ, ਰਾਮਪੁਰ ਖੇੜਾ, ਗੁਰਦਾਸਪੁਰ, ਫ਼ਰੀਦਕੋਟ ਤੋਂ ਭਾਰੀ ਜਲੂਸ ਕੱਢੇ। ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੀ ਸਮਾਪਤੀ 'ਤੇ 'ਖ਼ਾਲਸਾ' ਜੀ, ਸੰਤ ਸੇਵਾ ਸਿੰਘ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਬਾਬਾ ਬਕਾਲਾ ਆਦਿ ਨੇ ਮਿਲ ਕੇ ਗੁਰਦੁਆਰਾ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤਕ ਨਨਕਾਣਾ ਸਾਹਿਬ ਵਾਲੀ ਮਹਾਨ ਪਵਿੱਤ੍ਰ ਸ਼ਹੀਦੀ ਬੀੜ ਦੀ ਛਤਰ ਛਾਇਆ ਹੇਠ ਭਾਰੀ 'ਧੰਨਵਾਦੀ ਜਲੂਸ' ਕੱਢਿਆ। ਇਸ ਜਲੂਸ ਤੋਂ ਪਿਛੋਂ 'ਖ਼ਾਲਸਾ' ਜੀ ਨੇ ਤਿੰਨ ਸੌ ਇਕ ਸਾਲਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਜਲੂਸਾਂ ਦੀ ਲੜੀ ਆਰੰਭ ਕਰਦੇ ਹੋਇਆਂ ਉਪਰੋਕਤ ਜਲੂਸ ਕੱਢੇ ਸੀ।

ਇਹਨਾਂ ਜਲੂਸਾਂ ਕਰਕੇ ਜੋ ਸਫਲਤਾ ਪ੍ਰਾਪਤ ਹੋਈ, ਉਹ ਲਿਖਣ ਤੋਂ ਪਰੇ ਸੀ। ਇਕ-ਇਕ ਜਲੂਸ ਵਿਚ ਘੱਟ ਤੋਂ ਘੱਟ ੩੦੦ ਤੇ ਕਈਆਂ ਵਿਚ ੪੦੦ ਤੋਂ ਵੀ ਵੱਧ ਟਰੱਕ, ਬੱਸਾਂ, ਕਾਰਾਂ, ਜੀਪਾਂ, ਟਰੈਕਟਰ, ਟਰਾਲੀਆਂ ਤੇ ਮੋਟਰ ਸਾਈਕਲ ਸ਼ਾਮਲ ਹੁੰਦੇ ਸਨ। ਸਾਰੇ ਜਲੂਸਾਂ ਵਿਚ ਹਵਾਈ ਜਹਾਜ਼ ਫੁੱਲਾਂ ਦੀ ਵਰਖਾ ਕਰਦਾ ਸੀ। ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੁੰਦੀਆਂ ਸਨ। ਹਰ ਜਲੂਸ ਤਕਰੀਬਨ ੧੦੦ ਕਿਲੋਮੀਟਰ ਤੱਕ ਲੰਬਾ ਹੁੰਦਾ। ਇਲਾਕੇ ਦੇ ੩੦ ਤੋਂ ੭੦ ਪਿੰਡਾਂ ਵਿਚੋਂ ਦੀ ਜਲੂਸ ਲੰਘਦਾ ਸੀ। ਹਰੇਕ ਪਿੰਡ ਦੀਆਂ ਟਰੈਕਟਰ, ਟਰਾਲੀਆਂ ਸੰਗਤ ਸਮੇਤ ਸ਼ਾਮਲ ਹੁੰਦੀਆਂ ਸਨ। ਹਰ ਪਿੰਡ ਵੱਲੋਂ ਸਵਾਗਤੀ ਗੇਟ ਬਣਾ ਕੇ ਸੰਗਤ ਇਕੱਠੀ ਹੁੰਦੀ ਸੀ ਅਤੇ 'ਖਾਲਸਾ' ਜੀ ਹਰ ਪਿੰਡ ਵਿਚ ੧੫-੨੦ ਮਿੰਟ ਪ੍ਰਚਾਰ ਕਰਕੇ ਫਿਰ ਅੱਗੇ ਚੱਲਦੇ ਸਨ। ਸੰਗਤ ਪਾਸੋਂ ਬਾਹਵਾਂ ਖੜ੍ਹੀਆਂ ਕਰਾ ਕੇ ਇਹ ਪ੍ਰਣ ਕਰਵਾਇਆ ਜਾਂਦਾ ਸੀ ਕਿ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਗੁਰੂ ਨਹੀਂ ਮੰਨਣਾ, ਦਾੜ੍ਹੀ ਕੇਸ ਨਹੀਂ ਮੁੰਨਣੇ। ਸ਼ਰਾਬ ਛੱਡਣ ਦੇ ਵੀ ਹਜ਼ਾਰਾਂ ਪ੍ਰਾਣੀਆਂ ਤੋਂ ਪ੍ਰਣ ਕਰਵਾਏ ਜਾਂਦੇ ਸਨ ਤੇ ਉਨ੍ਹਾਂ ਦੀਆਂ ਫੋਟੋਆਂ ਖਿੱਚੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਕ-ਇਕ ਦਿਨ ਵਿਚ ਬਹੁਤ ਪਿੰਡਾਂ ਦੀਆਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੀਆਂ ਅਤੇ ਗੁਰਮਤਿ ਦਾ ਪ੍ਰਚਾਰ

ਸੁਣਦੀਆਂ ਸਨ। 'ਖ਼ਾਲਸਾ' ਜੀ ੧੫-੧੫ ਘੰਟੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਖੜ੍ਹੇ ਹੋ ਕੇ ੩੦ ਤੋਂ ੭੦ ਥਾਵਾਂ 'ਤੇ ਜਲੂਸ ਵਾਲੇ ਇਲਾਕੇ ਵਿਚ ਪ੍ਰਚਾਰ ਕਰਦੇ ਸਨ ਤੇ ਹਰ ਪਿੰਡ ਦੀ ਸੰਗਤ ਪਾਸੋਂ ਇਹ ਨਾਹਰਾ ਲੁਵਾਇਆ ਜਾਂਦਾ ਸੀ :—

*'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।'*

ਜੋ ਕਿ ਸੰਗਤਾਂ ਗੱਜ-ਵੱਜ ਕੇ ਬੜੀ ਚੜ੍ਹਦੀ ਕਲਾ ਵਿਚ ਪੜ੍ਹਦੀਆਂ ਸਨ। ਇਸ ਤਰ੍ਹਾਂ ਇਨ੍ਹਾਂ ਜਲੂਸਾਂ ਨਾਲ ਗੁਰਮਤਿ ਪ੍ਰਚਾਰ ਵਿਚ ਬਹੁਤ ਭਾਰੀ ਕਾਮਯਾਬੀ ਪ੍ਰਾਪਤ ਹੋਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ਕੱਢੇ ਜਾ ਰਹੇ ਇਹਨਾਂ ਜਲੂਸਾਂ ਨੇ ਸਿੱਖ ਜਗਤ ਨੂੰ ਹਲੂਣ ਕੇ ਰੱਖ ਦਿੱਤਾ ਸੀ। ਜੋ ਸਿੱਖ ਕੌਮ ਦੀ ਸੇਵਾ ਦਾ ਖ਼ਾਲਸਾ ਜੀ ਨੇ ਬੀੜਾ ਚੁੱਕਿਆ ਹੋਇਆ ਸੀ, ਉਹ ਅਤਿਅੰਤ ਸ਼ਲਾਘਾ ਯੋਗ ਸੀ।

## ਸਿੱਖ ਪ੍ਰਚਾਰਕਾਂ ਦਾ ਸੁਧਾਰ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ, ਹੋਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੇ ਥਾਈਂ-ਥਾਈਂ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਗੁਰਦੁਆਰੇ, ਸਕੂਲ, ਕਾਲਜ, ਹਸਪਤਾਲ ਤੇ ਵੱਡੇ-ਵੱਡੇ ਹਾਲ ਬਣਾਏ, ਪਰੰਤੂ ਇਸ ਟਕਸਾਲ ਨੇ ਪ੍ਰਚਾਰਕਾਂ ਦਾ ਆਪਣਾ ਢਿੱਲਾ ਜੀਵਨ, ਸ਼ਰਾਬਾਂ ਪੀਣੀਆਂ, ਮਾਸ ਖਾਣਾ, ਬਾਣੀ ਨਾ ਪੜ੍ਹਨੀ, ਰਹਿਤ ਨਾ ਰੱਖਣੀ, ਗੁਰਸਿੱਖੀ ਨੂੰ ਢਾਹ ਦਾ ਅਸਲੀ ਕਾਰਨ ਸਮਝਿਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਕੀ ਸਟੇਜ 'ਤੇ ਬੋਲਣ ਵਾਲੇ ਹਰ ਸਿੰਘ ਨਾਮ ਵਾਲੇ ਲਈ ਅੰਮ੍ਰਿਤਧਾਰੀ ਹੋਣਾ ਅਤਿਅੰਤ ਜ਼ਰੂਰੀ ਹੈ। ਇਹਨਾਂ ਵਿਚਾਰਾਂ ਦੀ ਹਮਾਇਤ ਕਰਦੇ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਵੀ ਇਸ ਦੇ ਹੱਕ ਵਿਚ ਹੁਕਮਨਾਮਾ ਜਾਰੀ ਕੀਤਾ ਗਿਆ। ਗੁਰੂ ਕੀ ਕਿਰਪਾ ਦੁਆਰਾ ਇਸ ਉਦੱਮ ਨਾਲ ੩੬ ਢਾਡੀ ਜਥਿਆਂ ਨੇ ਅੰਮ੍ਰਿਤ ਪਾਨ ਕੀਤਾ, ਜੋ ਕਿ ਚੜ੍ਹਦੀ ਕਲਾ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਇਸੇ ਤਰ੍ਹਾਂ ਹੋਰ ਬੇਅੰਤ ਪ੍ਰਚਾਰਕਾਂ, ਕਵੀਸ਼ਰਾਂ, ਰਾਗੀਆਂ ਅਤੇ ਗ੍ਰੰਥੀਆਂ ਨੇ ਅੰਮ੍ਰਿਤ ਪਾਨ ਕੀਤਾ। 'ਖ਼ਾਲਸਾ' ਜੀ ਨੇ ਪ੍ਰਸੰਨ ਹੋ ਕੇ ਉਪਰੋਕਤ ਗੁਰਮੁਖਾਂ ਨੂੰ ਜਥੇ ਵੱਲੋਂ ਸਿਰੋਪਾਓ ਬਖ਼ਸ਼ਿਸ਼ ਕੀਤੇ।

ਬੀੜ ਬਾਬਾ ਬੁੱਢਾ ਜੀ ਦੇ ਅਸਥਾਨ 'ਤੇ, ਮਾਤਾ ਗੰਗਾ ਜੀ ਦੇ ਵਰ ਮੰਗਣ ਵਾਲੇ ਦਿਨ ਹਰ ਸਾਲ ਬਹੁਤ ਭਾਰੀ ਸਾਲਾਨਾ ਜੋੜ ਮੇਲਾ ਲੱਗਦਾ ਹੈ। ੭ ਅਕਤੂਬਰ, ੧੯੭੬ ਈ: ਨੂੰ ਇਸ ਜੋੜ ਮੇਲੇ 'ਤੇ ਢਾਈ ਲੱਖ ਸੰਗਤ ਦੇ ਇਕੱਠ ਵਿਚ 'ਖ਼ਾਲਸਾ' ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖਾਂ ਦੀ ਸ਼ਹੀਦੀ ਦਾ ਇਤਿਹਾਸ

DAMDAMI TAKSAAL.org



ਸੁਣਾਇਆ। ਬਾਬਾ ਖੜਕ ਸਿੰਘ ਜੀ ਨੇ ਵੀ ਸੰਗਤ ਨੂੰ ਪ੍ਰੇਰਿਆ। ਇਹ ਪ੍ਰਚਾਰ ਸੁਣ ਕੇ ਸੰਗਤਾਂ ਵਿਚੋਂ ਪੰਜ ਹਜ਼ਾਰ ਪ੍ਰਾਣੀਆਂ ਨੇ ਖੜ੍ਹੇ ਹੋ ਕੇ ਪ੍ਰਣ ਕੀਤੇ ਕਿ ਅਸੀਂ ਅੱਜ ਤੋਂ ਸ਼ਰਾਬ ਨਹੀਂ ਪੀਵਾਂਗੇ, ਕੇਸ ਦਾੜ੍ਹੀ ਨਹੀਂ ਮੁੰਨਾਂਗੇ। ਇਸ ਸਾਰੇ ਨਜ਼ਾਰੇ ਦੀ ਫ਼ਿਲਮ ਵੀ ਤਿਆਰ ਹੋ ਚੁੱਕੀ ਸੀ, ਜੋ ਕਿ ਸੰਗਤਾਂ ਨੂੰ ਵਿਖਾਈ ਜਾ ਰਹੀ ਸੀ।

ਸਿੱਖੀ ਬਾਰੇ ਸ਼ਰਧਾ ਰੱਖਣ ਵਾਲਿਆਂ ਲਈ ਤੇ ਸਿੱਖੀ ਦੇ ਪ੍ਰਚਾਰ ਵਾਸਤੇ ਆਪਣੀ ਜਾਨ ਵਾਰਨ ਤੱਕ ਜਾਂਦੇ ਸਨ। ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਗਿਆਨੀ ਤਨਜੀਤ ਸਿੰਘ ਜੀ ਅਤੇ ਪ੍ਰਿੰਸੀਪਲ ਕਰਤਾਰ ਸਿੰਘ ਜੀ ਸ਼ੇਰਗਿੱਲ ਨਾਲ ਕਈ ਵਾਰ ਵੀਚਾਰਾਂ ਹੋਈਆਂ ਕਿ ਕਿਵੇਂ ਵੱਧ ਤੋਂ ਵੱਧ ਪੜ੍ਹੇ ਲਿਖੇ ਨੌਜਵਾਨ ਗੁਰਮਤਿ ਕਾਲਜ ਵਿਚੋਂ ਪੜ੍ਹ ਕੇ ਸਿੱਖੀ ਦਾ ਪ੍ਰਚਾਰ ਕਰਨ ? ੨੯ ਜੂਨ, ੧੯੭੭ ਈ: ਨੂੰ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਦੀ ਅਠਵੀਂ ਸਲਾਨਾ ਬਰਸੀ 'ਤੇ ਚੰਗੇ ਜੀਵਨ ਵਾਲੇ ਗੁਰੂ ਘਰ ਦੇ ਪ੍ਰਚਾਰਕਾਂ ਨੂੰ ਮਾਇਕੀ ਸਹਾਇਤਾ ਦੇ ਕੇ ਉੱਚਿਆਂ ਚੁੱਕਣ ਦਾ ਉਚੇਚਾ ਪ੍ਰੋਗਰਾਮ ਬਣਾਇਆ ਗਿਆ ਸੀ।

## ਗੁਰਬਾਣੀ ਦਾ ਅਦਬ

ਜਥੇ ਵਿਚ ਗੁਰਬਾਣੀ ਦਾ ਬਹੁਤ ਅਦਬ ਕੀਤਾ ਜਾਂਦਾ ਹੈ। ਜੋ ਸਿੰਘ ਸੰਥਿਆ ਕਰਦੇ ਸਨ, ਉਹ ਪੋਥੀ ਲੈ ਕੇ ਨੀਵੇਂ ਮੰਜੇ 'ਤੇ ਜਾਂ ਪੈਂਦ ਵੱਲ ਨਹੀਂ ਸਨ ਬੈਠ ਸਕਦੇ। ਪੋਥੀਆਂ ਨੂੰ ਸੁਹਣੇ, ਸਾਫ਼-ਸੁਥਰੇ ਰੁਮਾਲਿਆਂ ਵਿਚ ਸੰਤੋਖਿਆ ਜਾਂਦਾ ਸੀ। ਪੋਥੀਆਂ ਲੱਕੜ ਦੀਆਂ ਰੇਲ੍ਹਾਂ 'ਤੇ ਪ੍ਰਕਾਸ਼ ਕੀਤੀਆਂ ਜਾਂਦੀਆਂ। ਕਿਸੇ ਸਿੰਘ ਨੂੰ ਗੁਰਬਾਣੀ ਬਾਰੇ ਕੁਝ ਵੀ ਲਿਖਣ ਸਮੇਂ ਸੰਤ ਜੀ ਨੀਵੇਂ ਮੰਜੇ 'ਤੇ ਨਹੀਂ ਬੈਠਣ ਦਿੰਦੇ ਸਨ, ਬਲਕਿ ਉੱਚੇ ਮੰਜੇ ਜਾਂ ਆਪਣੇ ਸਿਰ੍ਹਾਣੇ ਵਾਲੇ ਪਾਸੇ ਬਿਠਾ ਲੈਂਦੇ ਸਨ ਅਤੇ ਕਹਿੰਦੇ ਸਨ ਕਿ ਗੁਰਬਾਣੀ ਦੀ ਇਕ-ਇਕ ਪੰਗਤੀ ਗੁਰੂ ਰੂਪ ਹੈ।

ਇਕ ਦਿਨ ਜਥੇ ਦੇ ਇਕ ਸਿੰਘ ਭਾਈ ਦਲਬੀਰ ਸਿੰਘ ਜੀ ਨੇ ਆ ਕੇ ਆਖਿਆ, "ਮੈਂ 'ਗ੍ਰੰਥ ਸਾਹਿਬ' ਦਾ ਸੁਖ-ਆਸਣ ਕਰ ਆਇਆ ਹਾਂ।"

ਸੰਤਾਂ ਉਸ ਨੂੰ ਬਹੁਤ ਝਿੜਕਿਆ ਤੇ ਕਿਹਾ, "ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਉਂ ਨਹੀਂ ਆਖਿਆ ?" ਅਤੇ ਇਕ ਸੌ ਇਕ ਜਪੁਜੀ ਸਾਹਿਬ ਦੇ ਪਾਠ ਉਸਨੂੰ ਤਨਖਾਹ ਵਜੋਂ ਲਾਏ ਤੇ ਅੱਗੇ ਵਾਸਤੇ ਪੂਰੇ ਸਤਿਕਾਰ ਵਾਲੇ ਸ਼ਬਦ ਵਰਤਣ ਲਈ ਆਖਿਆ।

ਮੁਕਤਸਰ ਸਾਹਿਬ ਪ੍ਰੋਗਰਾਮ ਸਮੇਂ ਜਦੋਂ ਜਥੇ ਸਮੇਤ ਸੰਤਾਂ ਨੇ ਉਥੇ ਪੁੱਜਣਾ ਹੁੰਦਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਹਿਰ ਤੋਂ ਬਾਹਰ ਸਵਾਗਤ ਵਾਸਤੇ ਪੁੱਜਦੇ ਤੇ ਸਵਾਗਤੀ ਗੇਟ ਬਣਾਉਂਦੇ ਸਨ। ਨਵੰਬਰ ੧੯੭੬ ਈ: ਵਿਚ ਜਦ ਜਥਾ ਮੁਕਤਸਰ ਸਾਹਿਬ ਪੁੱਜਾ ਤਾਂ ੫-੬ ਹਜ਼ਾਰ ਦੀ ਗਿਣਤੀ ਵਿਚ ਸੰਗਤ ਅੱਗੋਂ

ਸਵਾਗਤ ਕਰਨ ਆਈ ਅਤੇ ਆਪ ਜੀ ਨੂੰ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਲੈ ਜਾਇਆ ਗਿਆ। ਰਸਤੇ ਵਿਚ ਸੰਤਾਂ ਨੇ ਆਪਣੇ ਗਲ ਵਿਚੋਂ ਫੁੱਲਾਂ ਦੇ ਹਾਰ ਲਾਹ ਕੇ ਕਈ ਸਿੰਘਾਂ ਦੇ ਗਲ ਵਿਚ ਪਾ ਦਿੱਤੇ ਕਿ ਕੋਈ ਮੈਨੂੰ ਸਿੰਘਾਂ ਨਾਲੋਂ ਵੱਡਾ ਨਾ ਸਮਝੇ।

ਦਰਬਾਰ ਸਾਹਿਬ ਜਾ ਕੇ ਸੰਗਤ ਵਿਚ ਇਹ ਬਚਨ ਕਹੇ, "ਖ਼ਾਲਸਾ ਜੀ! ਇਹ ਸਤਿਕਾਰ ਇਕ ਵਿਅਕਤੀ ਦਾ ਨਹੀਂ ਬਲਕਿ ਗੁਰੂ ਕੇ ਖ਼ਾਲਸੇ ਅਤੇ ਪੰਜਾਂ ਕਕਾਰਾਂ ਦੀ ਰਹਿਤ ਦਾ ਹੈ।"

ਇਕ ਸਮੇਂ ਲੁਧਿਆਣੇ 'ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਚੈਰੀਟੇਬਲ ਹਾਸਪੀਟਲ' ਦੀ ਨੀਂਹ ਰੱਖਣ ਵਾਸਤੇ ਸੰਤਾਂ ਨੂੰ ਬੁਲਾਇਆ ਗਿਆ। ਜਦ ਉਥੇ ਬੱਸ ਰਾਹੀਂ ਪੁੱਜੇ ਤਾਂ ੧੫-੨੦ ਪ੍ਰਬੰਧਕ ਸੱਜਣ ਦੀਵਾਨ ਵਿਚੋਂ ਉੱਠ ਕੇ ਸਿਹਰੇ ਲੈ ਕੇ ਸਵਾਗਤ ਕਰਨ ਆਏ ਤਾਂ ਸੰਤ ਜੀ ਵਾਪਸ ਮੁੜ ਪਏ। ਜਦ ਮਗਰ ਜਾ ਕੇ ਪ੍ਰਬੰਧਕ ਸੱਜਣਾਂ ਨੇ ਕਾਰਨ ਪੁੱਛਿਆ ਤਾਂ ਸੰਤਾਂ ਨੇ ਉੱਤਰ ਦਿੱਤਾ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਾਜ਼ਰੀ ਵਿਚੋਂ ਉੱਠ ਕੇ ਕਿਸੇ ਇਕ ਵਿਅਕਤੀ ਦਾ ਸਤਿਕਾਰ ਕਰਨਾ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਵਿਚ ਬਹੁਤ ਵੱਡਾ ਫ਼ਰਕ ਪਾਉਣ ਵਾਲੀ ਗੱਲ ਹੈ। ਤਾਂ ਸਾਰੇ ਸੱਜਣਾਂ ਨੂੰ ਦੀਵਾਨ ਵਿਚ ਭੇਜਿਆ ਤੇ ਆਪ ਇਕੱਲੇ ਹੀ ਬਾਅਦ ਵਿਚ ਮੱਥਾ ਟੇਕਣ ਗਏ। ਦੀਵਾਨ ਵਿਚ ਵੀ ਸਾਰੀ ਸੰਗਤ ਨੂੰ ਦੱਸਿਆ ਕਿ ਅੱਗੇ ਵਾਸਤੇ ਭਾਵੇਂ ਕਿੱਡਾ ਵੀ ਵੱਡਾ ਕੋਈ ਮਹਾਤਮਾ ਜਾਂ ਲੀਡਰ ਕਿਉਂ ਨਾ ਆਵੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚੋਂ ਉੱਠ ਕੇ ਉਸ ਦਾ ਸਤਿਕਾਰ ਨਹੀਂ ਕਰਨਾ, ਕਿਉਂਕਿ ਇਹ ਗੱਲ ਗੁਰਮਤਿ ਦੇ ਉਲਟ ਹੈ।

## ਝਗੜਿਆਂ ਦੇ ਫੈਸਲੇ

ਕਈ ਥਾਵਾਂ 'ਤੇ ਬਹੁਤ ਉਲਝੇ ਹੋਏ ਮਸਲੇ ਹੁੰਦੇ ਸਨ, ਜੋ ਕਿ ਸੰਤਾਂ ਨੂੰ ਜਾ ਕੇ ਨਿਪਟਾਉਣੇ ਪੈਂਦੇ ਸਨ। ਕਈ ਹੋਰਨਾਂ ਤੋਂ ਇਲਾਵਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਗੁਰਦੁਆਰੇ ਦਾ ਮਸਲਾ ਬਹੁਤ ਉਲਝ ਗਿਆ। ਪੁਰਾਣੀ ਕਮੇਟੀ ਤੇ ਵਰਤਮਾਨ ਕਮੇਟੀ ਵਿਚ ਝਗੜਾ ਹੋ ਗਿਆ। ਦੋਹਾਂ ਕਮੇਟੀਆਂ ਵੱਲੋਂ ਹਾਈਕੋਰਟ ਵਿਚ ਕਈ ਕੇਸ ਚੱਲ ਰਹੇ ਸਨ। ਸੱਠ ਹਜ਼ਾਰ ਰੁਪਿਆ ਇਕ ਪਾਰਟੀ ਦਾ ਅਤੇ ਤਕਰੀਬਨ ਅੱਸੀ ਹਜ਼ਾਰ ਰੁਪਿਆ ਤਖ਼ਤ ਸਾਹਿਬ ਦਾ ਖ਼ਰਚ ਹੋਇਆ। ਇਕ ਮੈਂਬਰ ਨੇ ਲਿਖ ਕੇ ਦਿੱਤਾ ਕਿ ਸਰਕਾਰ, ਤਖ਼ਤ ਸਾਹਿਬ ਆਪਣੇ ਕਬਜ਼ੇ ਵਿਚ ਲੈ ਲਵੇ।

ਸਰਕਾਰ ਦੀ ਕਾਰਵਾਈ ਤੋਂ ਕੁਝ ਹੀ ਸਮਾਂ ਪਹਿਲਾਂ ਕੁਝ ਦੂਜੇ ਮੈਂਬਰਾਂ ਨੂੰ ਪਤਾ ਲੱਗ ਗਿਆ, ਜਿਸ 'ਤੇ ਸਾਰੀ ਸੰਗਤ ਅਤੇ ਮੈਂਬਰ ਸੰਤਾਂ ਪਾਸ ਆਏ। ਪਹਿਲਾਂ ਵੀ ਇਹ ਫੈਸਲਾ ਕਈ ਹੋਰਨਾਂ ਵਿਅਕਤੀਆਂ ਵੱਲੋਂ ਕਰਵਾਇਆ ਗਿਆ ਸੀ, ਪਰ

DAMDAMI TAKSAAL.ORG



ਕੋਈ ਕਾਮਯਾਬੀ ਨਾ ਹੋਈ। ਸੰਤਾਂ ਨੇ ਸੰਗਤਾਂ ਦਾ ਹੁਕਮ ਮੰਨ ਕੇ ਸੰਤ ਨਿਸਚਲ ਸਿੰਘ ਜੀ ਯਮੁਨਾ ਨਗਰ ਵਾਲੇ ਅਤੇ ਸੰਤ ਕਰਤਾਰ ਸਿੰਘ ਜੀ ਸੁਲਤਾਨਪੁਰ ਸਾਹਿਬ ਵਾਲਿਆਂ ਨੂੰ ਨਾਲ ਲੈ ਕੇ ਸਾਰੇ ਮੈਂਬਰਾਂ ਨੂੰ ਸੱਦ ਕੇ ਦੋ ਦਿਨ ਸਾਰੀ ਰਾਤ ੧੬-੧੬ ਘੰਟੇ ਦੀਆਂ ਮੀਟਿੰਗਾਂ ਕਰਕੇ ਫੈਸਲਾ ਕਰਵਾਇਆ, ਜਿਸ ਨੂੰ ਸਾਰੀ ਸੰਗਤ ਅਤੇ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਅਤੇ ਕੁਝ ਨਵੇਂ ਨਿਯਮ ਬਣਾਏ। ਸਾਰੇ ਮੁਕੱਦਮੇ ਹਾਈਕੋਰਟ ਵਿਚੋਂ ਵਾਪਸ ਕਰਵਾਏ। ਉਹ ਫੈਸਲਾ ਇਕ ਗੁਰਮਤੇ ਦੇ ਰੂਪ ਵਿਚ ਸਾਹਮਣੇ ਆਇਆ। ਜਿਸ ਨੂੰ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਵੀ ਆਖ ਸਕਦੇ ਹਾਂ। ਇਸ ਗੁਰਮਤੇ ਦੀਆਂ ਕਾਪੀਆਂ ਵੱਖ-ਵੱਖ ਗੁਰਦੁਆਰਿਆਂ ਵਿਚ ਪਹੁੰਚਾਈਆਂ ਗਈਆਂ ਸਨ। ਉਸ ਕਮੇਟੀ ਦੇ ਮੈਂਬਰ ਬਦਲਣ ਤੋਂ ਇਲਾਵਾ ਕੁਝ ਨਵੇਂ ਨਿਯਮ, ਜਿਵੇਂ ਕਿ ਕਮੇਟੀ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣ, ਪੰਜ ਪਿਆਰੇ ਤਖ਼ਤ ਸਾਹਿਬ ਹਰ ਸਮੇਂ ਹਾਜ਼ਰ ਰਹਿਣ, ਇਕ ਗ੍ਰੰਥੀ ਸਿੰਘ ਹਰ ਸਮੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਬੈਠੇ, ਤਖ਼ਤ ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਕਾਲਜ, ਅਕੈਡਮੀ ਅਤੇ ਸਕੂਲ ਦੇ ਸੇਵਾਦਾਰਾਂ ਤੋਂ ਲੈ ਕੇ ਪ੍ਰਿੰਸੀਪਲ ਤੱਕ ਸਭ ਅੰਮ੍ਰਿਤਧਾਰੀ ਹੋਣ, ਨਹੀਂ ਤਾਂ ਸਰਵਿਸ ਛੱਡਣ ਆਦਿ। ਇਸ ਤਰ੍ਹਾਂ ਸਾਰੇ ਸਟਾਫ਼ ਨੇ ਅੰਮ੍ਰਿਤ ਪਾਨ ਕੀਤਾ। ਹੋਰ ਵੀ ਕਈ ਨਿਯਮ ਬਣਾਏ ਜੋ ਗੁਰਮਤੇ ਵਿਚ ਦਰਜ ਹਨ ਅਤੇ ਜਿਨ੍ਹਾਂ 'ਤੇ ਹੁਣ ਪੂਰਾ ਅਮਲ ਹੋ ਰਿਹਾ ਹੈ। ਇਹ ਇਕ ਬਹੁਤ ਵੱਡੀ ਸਫ਼ਲਤਾ ਹੈ। ਜੇਕਰ ਸੰਤ ਜੀ ਇਸ ਗੰਭੀਰ ਮਸਲੇ ਦਾ ਫੈਸਲਾ ਨਾ ਕਰਾਉਂਦੇ ਤਾਂ ਕੁਝ ਹੀ ਦਿਨਾਂ ਵਿਚ ਤਖ਼ਤ ਸਾਹਿਬ ਸਰਕਾਰ ਦੇ ਕਬਜ਼ੇ ਵਿਚ ਹੋ ਜਾਣਾ ਸੀ। ਇਹ ਫੈਸਲਾ ੨੯ ਦਸੰਬਰ, ੧੯੭੬ ਈ: ਨੂੰ ਕਰਵਾਇਆ ਗਿਆ, ਜਿਸ 'ਤੇ ਪਟਨਾ ਸਾਹਿਬ ਦੀਆਂ ਸੰਗਤਾਂ ਬਹੁਤ ਪ੍ਰਸੰਨ ਹੋਈਆਂ। ਉਥੋਂ ਦੀ ਸੰਗਤ ਦਾ ਜਥੇ ਨਾਲ ਬਹੁਤ ਪਿਆਰ ਹੈ। ਕਈ-ਕਈ ਦਿਨ ਉਹ ਜਥੇ ਨੂੰ ਵਾਪਸ ਨਹੀਂ ਆਉਣ ਦਿੰਦੇ।

## ਪ੍ਰਸ਼ਨ ਉੱਤਰ

ਪ੍ਰਸ਼ਨ :— ਕਲਕੱਤੇ ਵਿਖੇ ਇਕ ਸਿੰਘ ਨੇ ਪ੍ਰਸ਼ਨ ਕੀਤਾ, "ਗੁਰੂ ਮਹਾਰਾਜ ਜੀ! ਮੈਂ ਪਾਠ-ਪੂਠ ਬਹੁਤ ਕਰਦਾ ਹਾਂ, ਪਰ ਸੁਰਤ ਨਹੀਂ ਲੱਗਦੀ?"

ਉੱਤਰ :— ਸੰਤਾਂ ਕਿਹਾ, "ਭਾਈ ਸਿੰਘਾ! ਅੱਗੇ ਤੋਂ ਸਾਨੂੰ ਜਾਂ ਹੋਰ ਕਿਸੇ ਨੂੰ ਗੁਰੂ ਮਹਾਰਾਜ ਨਹੀਂ ਕਹਿਣਾ। ਗੁਰੂ ਮਹਾਰਾਜ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹੀ ਹਨ। ਹੋਰ ਕੋਈ ਦੇਹਧਾਰੀ ਜਾਂ ਅਸੀਂ ਗੁਰੂ ਮਹਾਰਾਜ ਨਹੀਂ ਹਾਂ। ਨਾਲੇ ਬੜੀ ਤਾੜਨਾ ਕੀਤੀ। ਦੂਜਾ 'ਪਾਠ' ਸ਼ਬਦ ਦੇ ਨਾਲ 'ਪੂਠ', ਭਾਵ ਪਾਠ-ਪੂਠ ਨਹੀਂ ਬੋਲੀਦਾ। ਇਹ ਸਤਿਗੁਰੂ ਸਰੂਪ

ਗੁਰਬਾਣੀ ਦਾ ਘੋਰ ਨਿਰਾਦਰ ਹੈ। ਜੇਕਰ ਤੂੰ ਸਤਿਕਾਰ ਸਹਿਤ ਇਕ ਮਨ ਹੋ ਕੇ ਪਾਠ ਕਰੇਂਗਾ ਤਾਂ ਸੁਰਤ ਜ਼ਰੂਰ ਲੱਗੇਗੀ। ਕਈ ਕਥਾ ਕਰਦੇ 'ਹੇ ਨਾਨਕ' ਸ਼ਬਦ ਬਹੁਤ ਵਰਤਦੇ ਹਨ, ਪਰ ਇਹ ਗੁਰਬਾਣੀ ਤੇ ਗੁਰੂ ਦੇ ਨਾਮ ਦੀ ਨਿਰਾਦਰੀ ਹੈ।

**ਪ੍ਰਸ਼ਨ :—** ਇਕ ਹੋਰ ਸਿੰਘ ਦਾ ਪ੍ਰਸ਼ਨ ਸੀ ਕਿ ਸੰਤ ਜੀ! ਸਤਿਗੁਰਾਂ ਦੀ ਫ਼ੋਟੋ ਦਾ ਧਿਆਨ ਧਰ ਕੇ ਸਿਮਰਨ ਕਰਨਾ ਚਾਹੀਦਾ ਹੈ ਜਾਂ ਨਹੀਂ? ਇਸ ਬਾਰੇ ਪੰਥ ਵਿਚ ਕਾਫ਼ੀ ਵਾਦ-ਵਿਵਾਦ ਹੈ। ਕੋਈ ਜ਼ੋਰ ਦੇ ਕੇ ਇਸ ਦਾ ਖੰਡਨ ਕਰਦਾ ਹੈ। ਕੋਈ ਪ੍ਰਮਾਣ ਦੇ ਕੇ ਇਸ ਦਾ ਮੰਡਨ ਕਰਦਾ ਹੈ?

**ਉੱਤਰ :—** ਪਰ ਸੰਤਾਂ ਨੇ ਇਕ ਅਤੀ ਸੁੰਦਰ ਉੱਤਰ ਦਿੱਤਾ ਕਿ ਖ਼ਾਲਸਾ ਨਿਰਾਕਾਰ ਦਾ ਪੁਜਾਰੀ ਹੈ। ਪਰ ਜਿਵੇਂ ਕਿਸੇ ਕਮਜ਼ੋਰ ਬੱਚੇ ਨੂੰ ਜਿਹੜਾ ਆਪਣੇ ਆਪ ਤੁਰਨ ਦੀ ਜਾਚ ਨਾ ਸਿੱਖ ਸਕਦਾ ਹੋਵੇ, ਉਸਦੇ ਹੱਥ ਇਕ ਲੱਕੜ ਦਾ ਗਡੀਰਾ ਫੜਾ ਦੇਈਦਾ ਹੈ ਤਾਂ ਉਸ ਨਾਲ ਉਹ ਛੇਤੀ ਤੁਰਨ ਲੱਗ ਪੈਂਦਾ ਹੈ, ਪਰ ਜਦੋਂ ਸਿੱਖ ਜਾਂਦਾ ਹੈ ਤਾਂ ਆਪਣੇ ਆਪ ਉਹ ਗਡੀਰਾ ਛੱਡ ਦਿੰਦਾ ਹੈ। ਸੋ, ਤਸਵੀਰ ਦਾ ਧਿਆਨ ਗਡੀਰੇ ਵਾਂਗ ਹੀ ਹੈ, ਇਸ ਤੋਂ ਜ਼ਿਆਦਾ ਨਹੀਂ।

**ਪ੍ਰਸ਼ਨ :—** ਦੀਵਾਨ ਵਿਚ ਕਥਾ ਕਰਦਿਆਂ ਕਈ ਵਾਰ ਸੰਗਤਾਂ ਵਿਚੋਂ ਲਿਖਤੀ ਜਾਂ ਜ਼ਬਾਨੀ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਂਦੇ ਸਨ ਅਤੇ ਉਨ੍ਹਾਂ ਦਾ ਪੂਰੇ ਵਿਸਥਾਰ ਸਹਿਤ ਦੀਵਾਨ ਵਿਚ ਹੀ ਉੱਤਰ ਦਿੱਤਾ ਜਾਂਦਾ ਸੀ। ਜਿਵੇਂ ਗੜ੍ਹਦੀਵਾਲ (ਹੁਸ਼ਿਆਰਪੁਰ) ਦੇ ਇਕ ਪ੍ਰੋਫ਼ੈਸਰ ਵੱਲੋਂ ਪੁੱਛਿਆ ਗਿਆ ਕਿ ਪੰਜ ਕਕਾਰ ਰੱਖਣ ਦਾ ਕੀ ਫ਼ਾਇਦਾ?

**ਉੱਤਰ :—** ਗੁਰਮਤਿ ਰਹਿਤ ਮਰਯਾਦਾ ਵਿਚ 'ਅੰਮ੍ਰਿਤ ਸੰਸਕਾਰ' ਦੇ ਸਿਰਲੇਖ ਹੇਠ ਪੂਰੇ ਵਿਸਥਾਰ ਸਹਿਤ ਉੱਤਰ ਦਿੱਤਾ ਹੋਇਆ ਹੈ।

**ਪ੍ਰਸ਼ਨ :—** ਇਕ ਵਕੀਲ ਨੇ ਸਵਾਲ ਕੀਤਾ, "ਤੁਸੀਂ ਬੱਸਾਂ ਕਿਉਂ ਰੱਖੀਆਂ ਹਨ? ਐਨੇ ਸਿੰਘ ਨਾਲ ਕਿਉਂ ਰੱਖਦੇ ਹੋ? ਕੀ ਤੁਸੀਂ ੫-੬ ਸਿੰਘ ਨਾਲ ਰੱਖ ਕੇ ਪ੍ਰਚਾਰ ਨਹੀਂ ਕਰ ਸਕਦੇ? ਨਾਲੇ ਇਕ ਗ਼ਰੀਬ ਆਦਮੀ ਵਾਸਤੇ ਸਾਰੇ ਜਥੇ ਨੂੰ ਲੰਗਰ ਛਕਾਉਣਾ ਬਹੁਤ ਮੁਸ਼ਕਿਲ ਹੈ ਅਤੇ ਇਹ 'ਗੈਸਟ ਰੂਲ' ਦੇ ਵੀ ਉਲਟ ਹੈ।"

**ਉੱਤਰ :—** ਸੰਤਾਂ ਨੇ ਬੱਸਾਂ ਬਾਰੇ ਉੱਤਰ ਦਿੱਤਾ, "ਅਸੀਂ ਪਹਿਲਾਂ ਪੈਦਲ ਚੱਲ ਕੇ ਗੱਡਿਆਂ, ਟਰੈਕਟਰਾਂ, ਟਰਾਲੀਆਂ 'ਤੇ ਜਾ ਕੇ ਪ੍ਰਚਾਰ ਕਰਦੇ ਸੀ। ਪਰੰਤੂ ਬੱਸਾਂ ਸੰਗਤਾਂ ਨੇ ਮਜਬੂਰ ਕਰਕੇ ਦਿੱਤੀਆਂ ਹਨ ਅਤੇ ਬੱਸਾਂ ਤੇ ਜੀਪਾਂ

DAMDAMI TAKSAAL.ORG



ਦੇ ਆਉਣ ਨਾਲ ਪ੍ਰਚਾਰ ਵੀ ਦਸ ਗੁਣਾਂ ਵਧ ਗਿਆ ਹੈ। ਕਿੱਥੇ ਪੈਦਲ ਚੱਲ ਕੇ ਇਕ ਦਿਨ ਵਿਚ ਇਕ ਕਥਾ ਕਰਨੀ ਅਤੇ ਕਿਥੇ ਦਿਨ ਵਿਚ ਦਸ ਥਾਵਾਂ 'ਤੇ ਪ੍ਰਚਾਰ ਕਰਨਾ, ਗੱਡੀਆਂ ਨੇ ਪ੍ਰਚਾਰ ਦੇ ਵਾਧੇ ਵਿਚ ਬਹੁਤ ਹਿੱਸਾ ਪਾਇਆ ਹੈ। ਜ਼ਿਆਦਾ ਪ੍ਰੋਗਰਾਮ ਹੋਣ ਕਾਰਨ ਕਈ ਵਾਰ ਸਿੰਘ ਇਹ ਵੀ ਸਲਾਹ ਦਿੰਦੇ ਹਨ ਕਿ ਆਪਾਂ ਇਕ ਹੈਲੀਕਾਪਟਰ ਲੈ ਲਈਏ ਤਾਂ ਕਿ ਸਾਰੇ ਪ੍ਰੋਗਰਾਮਾਂ 'ਤੇ ਪੁੱਜ ਸਕੀਏ।"

ਜ਼ਿਆਦਾ ਸਿੰਘ ਰੱਖਣ ਬਾਰੇ ਦੱਸਿਆ, "ਠੀਕ ਹੈ ਕਿ ੫-੭ ਸਿੰਘ ਰੱਖ ਕੇ ਵੀ ਪ੍ਰਚਾਰ ਕਰ ਸਕਦਾ ਹਾਂ, ਪਰ ਇਹ ਦਮਦਮੀ ਟਕਸਾਲ ਦਸਵੇਂ ਪਾਤਸ਼ਾਹ ਜੀ ਨੇ ਆਪ ਚਲਾਈ ਸੀ ਕਿ ਆਉਣ ਵਾਲੇ ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਜਾਣ। ਸਾਰੇ ਸਿੰਘ ਪੋਥੀਆਂ ਪ੍ਰਕਾਸ਼ ਕਰਦੇ ਹਨ ਤੇ ਅਰਥ ਸਿੱਖਦੇ ਹਨ, ਵਿਹਲੇ ਨਹੀਂ ਰਹਿੰਦੇ। ਸਵੇਰ ਤੋਂ ਲੈ ਕੇ ਰਾਤ ਤੱਕ ਗੁਰਬਾਣੀ ਪੜ੍ਹਦੇ ਹਨ। ਜ਼ਿਆਦਾ ਸਿੰਘ ਹੋਣ ਕਾਰਨ ਇਕ ਦਿਨ ਵਿਚ ਇਕ ਪੜਾਅ ਤੋਂ ਕਈ ਥਾਵਾਂ 'ਤੇ ਕਥਾ ਕਰਨ ਵਾਸਤੇ ਗਿਆਨੀ, ਰਾਗੀ ਅਤੇ ਪੰਜ ਪਿਆਰੇ ਭੇਜੇ ਜਾਂਦੇ ਹਨ। ਟਕਸਾਲ ਦਾ ਮੁੱਖ ਕੰਮ ਗਿਆਨੀ (ਕਥਾ-ਵਾਚਕ) ਬਣਾ ਕੇ ਗੁਰਬਾਣੀ ਦਾ ਪ੍ਰਚਾਰ ਹੈ। ਬਾਕੀ ਰਹੀ ਪ੍ਰਸ਼ਾਦੇ ਦੀ ਗੱਲ, ਮੰਗਿਆ ਕਦੀ ਕਿਸੇ ਪਾਸੋਂ ਕੁਝ ਨਹੀਂ, ਨਾ ਕਦੇ ਕਿਸੇ ਨੂੰ ਲੰਗਰ ਕਰਨ ਵਾਸਤੇ ਮਜ਼ਬੂਰ ਕੀਤਾ ਹੈ। ਸੰਗਤਾਂ ਖ਼ੁਸ਼ੀ ਨਾਲ ਲੰਗਰ ਕਰਦੀਆਂ ਹਨ। ਜੇ ਕੋਈ ਸਾਰੇ ਜਥੇ ਨੂੰ ਲੰਗਰ ਨਹੀਂ ਛਕਾ ਸਕਦਾ, ਉਸ ਦੇ ਘਰ ਪੰਜ ਜਾਂ ਘੱਟ ਸਿੰਘ ਲੰਗਰ ਛਕਣ ਵਾਸਤੇ ਚਲੇ ਜਾਂਦੇ ਹਨ। ਲੰਗਰ ਹਰ ਥਾਂ ਸਾਦਾ ਛਕ ਕੇ ਖ਼ੁਸ਼ ਰਹਿੰਦੇ ਹਾਂ। ਬਾਕੀ ਗੁਰੂ ਕੇ ਲੰਗਰ ਵਿਚ 'ਗੈਸਟ ਰੂਲ' ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਕਿਉਂਕਿ ਹਜ਼ਾਰਾਂ ਸੰਗਤਾਂ ਨੇ ਇਕ ਥਾਂ 'ਤੇ ਪ੍ਰਸ਼ਾਦਾ ਛਕਣਾ ਹੁੰਦਾ ਹੈ।

**ਪ੍ਰਸ਼ਨ :—** ਮਹਾਂਪੁਰਖੋ! ਸ੍ਰੀ ਅਖੰਡ ਪਾਠ ਦੇ ਆਰੰਭ ਵਿਚ ਕਈ ਥਾਵਾਂ 'ਤੇ ਵੇਖਿਆ ਗਿਆ ਹੈ ਕਿ ਪਾਠੀ ਪੁੱਛਦਾ ਹੈ, "ਸਾਧ ਸੰਗਤ ਜੀ! ਆਗਿਆ ਹੈ?" ਕੀ ਇਹ ਗ਼ਲਤ ਹੈ ਜਾਂ ਠੀਕ?

**ਉੱਤਰ :—** ਪ੍ਰੇਮੀਆਂ! ਜੋ ਪਾਠੀ ਐਸਾ ਕਰਦਾ ਹੈ ਗ਼ਲਤ ਹੈ। ਅਰਦਾਸ ਸਮੇਂ ਸੰਗਤ ਹਾਜ਼ਰ ਹੁੰਦੀ ਹੈ। ਜਦੋਂ ਅਰਦਾਸੀਆ ਸਤਿਗੁਰਾਂ ਪਾਸੋਂ ਅਖੰਡ ਪਾਠ ਆਰੰਭ ਕਰਨ ਦੀ ਯਾਚਨਾ ਕਰਦਾ ਹੈ ਤਾਂ ਅਰਦਾਸ ਤੋਂ ਬਾਅਦ ਸੰਗਤ ਪਾਸੋਂ ਅਲਹਿਦਾ ਪ੍ਰਵਾਨਗੀ ਲੈਣੀ ਤੇ ਸੰਗਤ ਨੇ ਪ੍ਰਵਾਨਗੀ ਦੇਣੀ ਅਰਦਾਸ ਦੀ ਉਲੰਘਣਾ ਹੈ। ਸੋ, ਐਸਾ ਨਹੀਂ ਕਰਨਾ ਚਾਹੀਦਾ।

**ਪ੍ਰਸ਼ਨ :—** ਕਈ ਥਾਵਾਂ 'ਤੇ ਦੇਖਣ ਵਿਚ ਆਇਆ ਹੈ ਕਿ ਇਕੋ ਬੀੜ ਦੀ ਤਾਬਿਆ ਦੋ ਪਾਠੀ ਬੈਠ ਕੇ ਦੋ ਸਹਿਜ ਪਾਠਾਂ ਦਾ ਭੋਗ ਅਤੇ ਤਿੰਨ ਪਾਠੀ ਬੈਠ ਕੇ ਤਿੰਨ ਪਾਠਾਂ ਦਾ ਭੋਗ ਇਕੱਠਾ ਹੀ ਪਾ ਲੈਂਦੇ ਹਨ। ਕੀ ਇਹ ਜਾਇਜ਼ ਹੈ ਜਾਂ ਗ਼ਲਤ ?

**ਉੱਤਰ :—** ਜੋ ਐਸਾ ਕਰਦੇ ਹਨ ਬਹੁਤੀ ਗ਼ਲਤੀ ਕਰਦੇ ਹਨ। ਇਕ ਸਮੇਂ ਇਕ ਬੀੜ ਦੀ ਤਾਬਿਆ ਦੋ ਪਾਠੀ ਬੈਠੇ ਹੋਣ ਜਾਂ ਤਿੰਨ, ਪਰ ਭੋਗ ਇਕ ਹੀ ਪਾਠ ਦਾ ਪਵੇਗਾ। ਜਿੰਨੇ ਸਹਿਜ ਪਾਠਾਂ ਦਾ ਭੋਗ ਪਾਉਣਾ ਹੋਵੇ, ਉਤਨੀ ਵਾਰ ਸਲੋਕਾਂ ਦਾ ਪਾਠ ਕਰਨਾ ਚਾਹੀਦਾ ਹੈ। ਭਾਵੇਂ ਇਕ ਬੀੜ ਹੋਵੇ ਜਾਂ ਜਿੰਨੇ ਪਾਠਾਂ ਦਾ ਵਾਰੋ-ਵਾਰੀ ਭੋਗ ਪਾਉਣਾ ਹੋਵੇ, ਓਨੀਆਂ ਬੀੜਾਂ ਪ੍ਰਕਾਸ਼ ਹੋਣ।

**ਪ੍ਰਸ਼ਨ :—** ਸੰਤ ਜੀ ! ਕਈ ਥਾਵਾਂ 'ਤੇ ਪ੍ਰੇਮੀ ਝਗੜਾ ਕਰਨ ਲੱਗ ਪੈਂਦੇ ਹਨ ਕਿ ਨਿਸ਼ਾਨ ਸਾਹਿਬ ਦਾ ਚੋਲਾ ਸਿਰਫ਼ ਵਿਸਾਖੀ ਦੇ ਪੁਰਬ 'ਤੇ ਹੀ ਬਦਲਿਆ ਜਾ ਸਕਦਾ ਹੈ, ਅੱਗੋਂ ਪਿੱਛੋਂ ਨਹੀਂ। ਕੀ ਇਹ ਠੀਕ ਹੈ ?

**ਉੱਤਰ :—** ਇਹ ਕਿਤੇ ਨਹੀਂ ਲਿਖਿਆ ਕਿ ਵਿਸਾਖੀ ਦੇ ਅੱਗੇ ਪਿੱਛੋਂ ਚੋਲਾ ਨਹੀਂ ਬਦਲਣਾ। ਇਤਿਹਾਸਕ ਅਸਥਾਨਾਂ 'ਤੇ ਜਦੋਂ ਸਲਾਨਾ ਜੋੜ ਮੇਲੇ ਹੁੰਦੇ ਹਨ, ਉਦੋਂ ਹੀ ਨਿਸ਼ਾਨ ਸਾਹਿਬਾਂ 'ਤੇ ਨਵਾਂ ਚੋਲਾ ਪਾਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦੋ ਵੱਡੇ ਨਿਸ਼ਾਨ ਸਾਹਿਬਾਂ ਦੇ ਚੋਲੇ ਗੁਰਪੁਰਬਾਂ 'ਤੇ ਸ਼ਰਧਾਲੂ ਕਈ-ਕਈ ਲੈ ਕੇ ਆਉਂਦੇ ਹਨ। ਸ਼ਰਧਾ ਮੁਤਾਬਿਕ ਚੋਲਾ ਚੜ੍ਹਾ ਕੇ ਥੋੜ੍ਹੇ ਚਿਰ ਬਾਅਦ ਦੂਜਾ ਚੜ੍ਹਾ ਦਿੱਤਾ ਜਾਂਦਾ ਹੈ।

**ਪ੍ਰਸ਼ਨ :—** ਵਿਦਿਆਰਥੀਆਂ ਨੇ ਸੰਤਾਂ ਪਾਸੋਂ ਪੁੱਛਿਆ ਕਿ ਜੋ ਮਹਾਂਪੁਰਖ ਸੰਤ ਬਾਬਾ ਨੰਦ ਸਿੰਘ ਜੀ ਦੇ ਲਿਖੇ ਜੀਵਨ ਵਿਚ ਲਿਖਿਆ ਹੈ ਕਿ ਭਿੰਡਰੀਂ ਵੱਡੇ ਸੰਤ ਗਿਆਨੀ ਸੁੰਦਰ ਸਿੰਘ ਜੀ ਦੇ ਸੱਦੇ 'ਤੇ ਅਖੰਡ ਪਾਠਾਂ 'ਤੇ ਗਏ ਉਥੇ ਕੁਝ ਕਾਰਨਾਂ ਕਰਕੇ ਬੇ-ਰਸੀ ਨਾਲ ਵਾਪਸ ਆ ਗਏ ਅਤੇ ਮਹਾਂਪੁਰਖ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਜੀਵਨ ਵਿਚ ਲਿਖਿਆ ਹੈ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਨਾਲ ਹਜ਼ੂਰ ਸਾਹਿਬ ਚਰਚਾ ਹੋਈ। ਸੰਤ ਬਾਬਾ ਈਸ਼ਰ ਸਿੰਘ ਜੀ ਜਿੱਤੇ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਹਾਰ ਗਏ, ਕੀ ਇਹ ਸੱਚ ਹੈ ਜਾਂ ਝੂਠ ?

**ਉੱਤਰ :—** ਪ੍ਰੇਮੀਓ ! ਜੋ ਕੁਝ ਲਿਖਿਆ ਬਹੁਤ ਗ਼ਲਤ ਹੈ। ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਹੱਦ ਤੋਂ ਵੱਧ ਪ੍ਰੇਮ ਨਾਲ ਜੋੜ ਮੇਲੇ 'ਤੇ ਮਹਾਂਪੁਰਖ

DAMDAMI TAKSAAL.org



ਬਾਬਾ ਨੰਦ ਸਿੰਘ ਜੀ ਨੂੰ ਬੁਲਾਇਆ ਹੋਵੇ ਤੇ ਫਿਰ ਇਸ ਤਰ੍ਹਾਂ ਤੋਰਨਾ, ਇਹ ਕਦੇ ਨਹੀਂ ਹੋ ਸਕਦਾ। ਦੋਹਾਂ ਮਹਾਂਪੁਰਖਾਂ ਦਾ ਬਹੁਤ ਪਿਆਰ ਸੀ ਅਤੇ ਹਮੇਸ਼ਾ ਰਿਹਾ। ਦੂਜੀ ਗੱਲ ਹਜ਼ੂਰ ਸਾਹਿਬ ਵਾਲੀ, ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਸਿਰਫ਼ ਗੁਰਬਾਣੀ ਦੇ ਮੰਗਲਾਂ ਬਾਰੇ ਤਿੰਨ ਚਾਰ ਮੀਟਿੰਗਾਂ ਵਿਚ ਇਕੱਠੇ ਹੋਏ ਸਨ। ਕਾਫ਼ੀ ਵੀਚਾਰਾਂ ਹੋਈਆਂ, ਸਗੋਂ ਮੀਟਿੰਗਾਂ ਵਿਚ ਇਹੀ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਪਿਆਰ ਨਾਲ ਕਿਹਾ, "ਤੁਸੀਂ ਮਹਾਨ ਖੋਜੀ ਤੇ ਗੁਰਬਾਣੀ ਦੇ ਅਰਥ ਬੋਧ ਦੇ ਗਿਆਤਾ ਹੋ, ਸਾਡੇ ਨਾਲੋਂ ਹਜ਼ਾਰ ਗੁਣ ਵੱਧ ਸਿਆਣੇ ਹੋ, ਜੋ ਕਰੋਗੇ ਸਾਨੂੰ ਪ੍ਰਵਾਨ ਹੈ।" ਦੋਹਾਂ ਸਾਧੂਆਂ ਦਾ ਹੱਦ ਤੋਂ ਵੱਧ ਪਿਆਰ ਸੀ। ਹਜ਼ੂਰ ਸਾਹਿਬ ਕੋਈ ਏਨਾ ਸਮਾਂ ਦੇ ਕੇ ਚਰਚਾ ਨਹੀਂ ਹੋਈ। ਵੈਸੇ ਤਾਂ ਬਹੁਤਾ ਕਦੇ ਮਿਲਾਪ ਨਹੀਂ ਹੋਇਆ, ਜੇ ਕਿਤੇ ਇਕੱਠੇ ਹੋਏ ਵੀ ਤਾਂ ਸਿਰਫ਼ ਗੁਰ ਫ਼ਤਹ ਬੁਲਾਉਣ ਅਤੇ ਸੁਖ ਅਨੰਦ ਪੁੱਛਣ ਤੱਕ ਹੀ ਸੀਮਿਤ ਸੀ। ਜੋ ਲਿਖਾਰੀ ਨੇ ਲਿਖਿਆ ਹੈ, ਸਿਰਫ਼ ਆਪਣੀ ਈਰਖਾ ਮਹਾਂਪੁਰਖਾਂ ਦੀ ਰਸਨਾ ਰਾਹੀਂ ਕਢਾਈ ਹੈ। ਹੋਰ ਇਹਨਾਂ ਮਹਾਂਪੁਰਖਾਂ ਵਿਚ ਕੋਈ ਈਰਖਾ ਨਹੀਂ ਸੀ। ਟਕਸਾਲ ਦੇ ਹਜ਼ਾਰਾਂ ਵਿਦਵਾਨ ਵਿਦਿਆਰਥੀ ਲਿਖਾਰੀ ਹਨ, ਜਿਨ੍ਹਾਂ ਨੇ ਪੁਸਤਕਾਂ ਲਿਖੀਆਂ ਪਰ ਐਸੀਆਂ ਈਰਖਾ ਵਾਲੀਆਂ ਕੋਈ ਘਟਨਾਵਾਂ ਨਹੀਂ ਲਿਖੀਆਂ, ਜਿਨ੍ਹਾਂ ਕਰਕੇ ਈਰਖਾ ਵਧੇ। ਜੋ ਲਿਖਿਆ ਹੈ, ਲਿਖਾਰੀ ਦੀ ਗ਼ਲਤੀ ਹੈ। ਮਹਾਰਾਜ ਜੀ ਸਿਖਿਆ ਦਾਇਕ ਲਿਖਦੇ ਹਨ :—

*'ਕਹੁ ਕਬੀਰ ਛੂਛਾ ਘਟੁ ਬੋਲੈ ॥*
*ਭਰਿਆ ਹੋਇ ਸੁ ਕਬਹੁ ਨਾ ਡੋਲੈ ॥੪॥੧॥'*

[ਗੋਂਡ ਕਬੀਰ ਜੀ, ਅੰਗ—੮੭੦]

**ਪ੍ਰਸ਼ਨ :—** ਇਕ ਦਿਨ ਸੰਤਾਂ ਦੇ ਕੰਨ ਸੁੱਜੇ ਵੇਖ ਕੇ ਬੋਪਾਰਾਏ ਵਾਲੀ ਮਾਤਾ ਦਲੀਪ ਕੌਰ ਨੇ ਪੁੱਛਿਆ, "ਕੀ ਕਾਰਨ ਹੈ ?"

**ਉੱਤਰ :—** ਤਾਂ ਸੰਤਾਂ ਨੇ ਉੱਤਰ ਦਿੱਤਾ, "ਮੈਂ ਆਪਣੇ ਕੰਨ ਆਪ ਪੁੱਟੇ ਸਨ ਕਿ ਮਤਾਂ ਸੁੱਤੇ ਪਿਆਂ ਅਚੇਤ ਮਨ ਰਾਹੀਂ ਕੋਈ ਗ਼ਲਤੀ ਹੋ ਗਈ ਹੋਵੇ।"

ਕਿੰਨੀ ਡੂੰਘੀ ਸੋਚਣੀ ਹੈ। ਆਪ ਘਰ ਵਾਲਿਆਂ ਨਾਲ ਕਦੇ ਕੋਈ ਉਚੇਚੀ ਸਲਾਹ ਜਾਂ ਮਸ਼ਵਰਾ ਨਹੀਂ ਕਰਦੇ ਸਨ। ਜਥੇ ਵਿਚ ਸੰਤਾਂ ਦੇ ਭਤੀਜੇ ਰਹਿੰਦੇ ਸਨ, ਜਿਨ੍ਹਾਂ ਨੂੰ ਸੰਤ ਆਮ ਸਿੰਘਾਂ ਵਾਂਗ ਹੀ ਸਮਝਦੇ ਸਨ। ਸੰਤਾਂ ਦੇ ਸਪੁੱਤਰ ਭਾਈ ਹਰਭਜਨ ਸਿੰਘ (ਅਮਰੀਕ ਸਿੰਘ) ਦਾ ਵਿਆਹ ਹੋਇਆ। ਇਨ੍ਹਾਂ ਦੀ ਮੰਗਣੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਾਈ ਗੁਰਦੀਪ ਸਿੰਘ ਜੀ ਦੀ ਸਪੁੱਤਰੀ

ਨਾਲ ਧੀਰੇ ਪੱਤਰੇ ਨਗਰ ਵਿਖੇ ਆਪ ਹੀ ਕਰ ਗਏ ਸਨ। ਵਿਆਹ ਵਿਚ ਸਾਰੇ ਅੰਮ੍ਰਿਤਧਾਰੀ ਸਿੰਘ ਹੀ ਬਰਾਤ ਨਾਲ ਗਏ ਸੀ। ਬਹੁਤ ਸਧਾਰਨ ਅਤੇ ਪੂਰਨ ਗੁਰ-ਮਰਯਾਦਾ ਅਨੁਸਾਰ ਸ਼ਾਦੀ ਹੋਈ ਸੀ। ਅਜੀਬ ਗੱਲ ਇਹ ਸੀ ਕਿ ਅਨੰਦ-ਕਾਰਜ ਤੋਂ ਪਹਿਲਾਂ ਵਿਆਹ ਵਾਲੀ ਬੀਬੀ ਨੇ ਸ਼ਬਦ ਪੜ੍ਹਿਆ :—

*'ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥'*

[ਰਾਗੁ ਸੂਹੀ ਮਹਲਾ ੧, ਅੰਗ—੭੬੪]

ਅਤੇ ਭਾਈ ਹਰਭਜਨ ਸਿੰਘ (ਭਾਈ ਅਮਰੀਕ ਸਿਘ) ਜੀ ਨੇ ਆਪ ਉੱਠ ਕੇ ਆਈ ਸੰਗਤ ਦਾ ਥੋੜ੍ਹੇ ਸ਼ਬਦਾਂ 'ਚ ਧੰਨਵਾਦ ਕੀਤਾ ਤੇ ਸੰਗਤ ਪਾਸੋਂ ਅਸੀਸ ਮੰਗੀ। ਸੰਤਾਂ ਨੇ ਆਪ ਲਾਵਾਂ ਪੜ੍ਹੀਆਂ। ਆਉਣ ਵਾਲੇ ਬਾਹਰਲੇ ਸਿੰਘਾਂ ਨੂੰ ਇਕ ਰੁਪਿਆ ਵੀ ਸ਼ਗਨ ਵਜੋਂ ਨਹੀਂ ਦੇਣ ਦਿੱਤਾ ਗਿਆ। ਦਾਜ ਨਾ ਦੇਣ ਵਾਸਤੇ ਸੰਤਾਂ ਨੇ ਭਾਈ ਗੁਰਦੀਪ ਸਿੰਘ ਨੂੰ ਜ਼ੋਰ ਨਾਲ ਪਹਿਲਾਂ ਹੀ ਰੋਕ ਦਿੱਤਾ ਸੀ।

ਦੇਸ਼ ਵਿਚ ਐਮਰਜੈਂਸੀ ਦੌਰਾਨ ਜਦ ਪਾਰਲੀਮੈਂਟ ਦੀ ਇਲੈਕਸ਼ਨ ਹੋਈ ਤਾਂ ਸੰਤਾਂ ਨੇ ਜਥੇ ਦੇ ਸਿੰਘਾਂ ਪਾਸੋਂ ੪੦ ਦਿਨ ਵਾਸਤੇ ਰੋਜ਼ਾਨਾ ਇਕ ਹਜ਼ਾਰ ਚੌਪਈ ਸਾਹਿਬ ਦੇ ਪਾਠ ਕਰਵਾਏ ਅਤੇ ਇਕ ਸ੍ਰੀ ਅਖੰਡ ਪਾਠ ਕਰਵਾਇਆ ਤਾਂ ਕਿ ਪੰਥ ਦੀ ਚੜ੍ਹਦੀ ਕਲਾ ਹੋਵੇ। ਏਸੇ ਤਰ੍ਹਾਂ ਜਦ ਵਿਧਾਨ ਸਭਾ ਦੀਆਂ ਚੋਣਾਂ ਆਈਆਂ ਤਦ ਵੀ ਬੇਅੰਤ ਪਾਠ ਕੀਤੇ ਗਏ।

## ਮਹਲਾ ਸ਼ਬਦ ਦੇ ਉਚਾਰਨ ਬਾਰੇ ਟਕਸਾਲ ਦੀ ਖੋਜ ਭਰੀ ਵੀਚਾਰ

ਬ੍ਰਹਮ ਗਿਆਨੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੀ ਸਾਲਾਨਾ ਬਰਸੀ 'ਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤੇ) ਵਿਖੇ ਬਾਹਰੋਂ ਆਏ ਹੋਏ ਸਕੂਲਾਂ ਕਾਲਜਾਂ ਦੇ ਧਾਰਮਿਕ ਖੋਜੀ ਅਤੇ ਜਥੇ ਵਿਚ ਅਰਥ ਪੜ੍ਹ ਰਹੇ ਮੁਖੀ ਸਿਆਣੇ ਵਿਦਿਆਰਥੀਆਂ ਵੱਲੋਂ ਸੰਤਾਂ ਕੋਲ ਪ੍ਰਸ਼ਨ ਉਠਾਇਆ ਕਿ ਸੰਤ ਜੀ! ਗੁਰਬਾਣੀ ਅੰਦਰ ਆਏ ਮਹਲਾ ਪਦ ਦਾ ਉਚਾਰਨ ਮਹੱਲਾ ਹੈ ਜਾਂ ਮਹਿਲਾ। ਪੰਡਤ ਤਾਰਾ ਸਿੰਘ ਜੀ 'ਨਰੋਤਮ' ਤੇ ਪ੍ਰੋ. ਸਾਹਿਬ ਸਿੰਘ ਜੀ ਮਹਿਲਾ ਉਚਾਰਨ 'ਤੇ ਜ਼ੋਰ ਦਿੰਦੇ ਹਨ, ਆਪ ਜੀ ਫ਼ੁਰਮਾਉਂਦੇ ਹੋ ਕਿ ਉਚਾਰਨ ਮਹੱਲਾ ਕਰਨਾ ਹੈ, ਇਸ ਉਚਾਰਨ ਨੂੰ ਦਲੀਲਾਂ ਤੇ ਪ੍ਰਮਾਣਾਂ ਨਾਲ ਸਿੱਧ ਕਰੋ। ਤਾਂ ਸੰਤ ਜੀ ਨੇ ਜੋ ਵਿਚਾਰ ਦਿੱਤੇ ਉਨ੍ਹਾਂ ਨੂੰ ਲੇਖਕ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ :—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਮਹਲਾ' ਸ਼ਬਦ ਦਾ ਸ਼ੁੱਧ ਉਚਾਰਨ ਮਹੱਲਾ ਹੈ ਮਹਿਲਾ ਨਹੀਂ। ਸਬੂਤ ਵਜੋਂ ਅਸੀਂ ਹੇਠਾਂ ਸਿਲਸਿਲੇ ਵਾਰ ਵਿਚਾਰ ਪੇਸ਼ ਕਰਦੇ ਹਾਂ :—

DAMDAMI TAKSAAL.ORG



੧. ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਹੁਣ ਤਕ ਸਾਰੀਆਂ ਸਿੱਖ ਸੰਪ੍ਰਦਾਵਾਂ ਜਿਵੇਂ ਕਿ ਉਦਾਸੀ, ਨਿਰਮਲੇ, ਨਿਹੰਗ ਸਿੰਘ, ਸੇਵਾ ਪੰਥੀ ਤੇ ਨਾਮਧਾਰੀ ਆਦਿ ਸਾਰੇ ਵਿਦਵਾਨ ਮਹੱਲਾ ਉਚਾਰਨ ਦੇ ਹੱਕ ਵਿਚ ਹਨ ਤੇ ਐਸਾ ਉਚਾਰਨ ਪਰੰਪਰਾ ਤੋਂ ਹੀ ਚੱਲਿਆ ਆ ਰਿਹਾ ਹੈ।

੨. ਗੁਰਬਾਣੀ ਦੇ ਅਰਥਾਂ ਦੀਆਂ ਗੁਰਮਤਿ ਵਿੱਦਿਆ ਸੰਪ੍ਰਦਾਈ ਟਕਸਾਲਾਂ ਜਿਵੇਂ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗਲੀ ਸੱਤੋ ਵਾਲੀ ਟਕਸਾਲ, ਗੁਰੂ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਦੇ ਗਿਆਨੀਆਂ ਦੀ ਟਕਸਾਲ, ਭਿੰਡਰਾਂਵਾਲੇ ਗਿਆਨੀਆਂ ਦੀ ਪ੍ਰਸਿੱਧ ਟਕਸਾਲ, ਸ਼ੇਖਵਾਂ ਤੇ ਮਾਣੂਕੇ ਦੀਆਂ ਪੁਰਾਤਨ ਗਿਆਨੀਆਂ ਦੀਆਂ ਟਕਸਾਲਾਂ ਦੇ ਵਿਦਵਾਨ ਵੀ ਮਹੱਲਾ ਹੀ ਉਚਾਰਨ ਕਰਦੇ ਤੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ ਹਨ ਅਤੇ ਵਰਤਮਾਨ ਵਿਚ ਵੀ ਮਹੱਲਾ ਉਚਾਰਨ ਹੀ ਸਿਖਾਲ ਰਹੇ ਹਨ।

੩. ਆਰੰਭ ਕਾਲ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸਾਰੇ ਤਖ਼ਤ ਸਾਹਿਬਾਨ, ਇਤਿਹਾਸਕ ਗੁਰਦੁਆਰੇ ਤੇ ਸਿੱਖ ਸੰਤਾਂ ਦੇ ਡੇਰੇ ਆਦਿ ਸਭ ਜਗ੍ਹਾ ਮਹੱਲਾ ਸ਼ਬਦ ਦਾ ਉਚਾਰਨ ਮਹੱਲਾ ਹੀ ਹੁੰਦਾ ਰਿਹਾ ਹੈ ਤੇ ਹੋ ਰਿਹਾ ਹੈ।

## ਮਹਲਾ ਸ਼ਬਦ ਦਾ ਅਰਥ

ਇਹ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਹਲੂਲ (ਉੱਤਰਨ) ਦੀ ਥਾਂ। [ਦੇਖੋ ਮਹਾਨ ਕੋਸ਼, ਪੰਨਾ—੨੭੯੫] ਇਸ ਦੀ ਧਾਤੂ ਹੱਲ ਹੈ। ਜਿਸ ਤੋਂ ਅਰਬੀ ਦੇ ਸ਼ਬਦ ਮਹੱਲ, ਮਹੱਲਾ ਤੇ ਮਹੱਲੇ ਆਦਿ ਬਣੇ ਹਨ। ਗੁਰਬਾਣੀ ਵਿਚ ਆਏ ਇਸ 'ਮਹਲਾ' ਸ਼ਬਦ ਦਾ ਉਚਾਰਨ ਹਾਹੇ ਉੱਪਰ ਅਧਿਕ ਸਹਿਤ ਹੈ। ਅਰਬੀ ਦੇ ਵਿਦਵਾਨਾਂ ਦੀ ਸੋਚੀ ਸਮਝੀ ਤੇ ਸਰਬ ਸੰਮਤੀ ਦੀ ਰਾਇ ਇਹ ਹੈ ਕਿ ਅਰਬੀ ਭਾਸ਼ਾ ਦੇ ਹਰੇਕ ਪਦ 'ਚ ਉਸ ਧਾਤੂ ਦਾ ਉਚਾਰਨ ਤੇ ਅਰਥ ਨਹੀਂ ਬਦਲਦੇ। ਇਸ ਸਿਧਾਂਤ ਅਨੁਸਾਰ ਮਹਲਾ ਸ਼ਬਦ ਦਾ ਸ਼ੁੱਧ ਉਚਾਰਨ ਹਾਹੇ ਉੱਪਰ ਅਧਿਕ ਸਹਿਤ ਮਹੱਲਾ ਹੀ ਸਹੀ ਸਮਝਿਆ ਜਾਂਦਾ ਹੈ ਤੇ ਹੁਣ ਵੀ ਇਹੋ ਉਚਾਰਨ ਹੀ ਪ੍ਰਚਲਤ ਹੈ ਤੇ ਅੱਗੇ ਨੂੰ ਵੀ ਇਹੋ ਉਚਾਰਨ ਸ਼ੁੱਧ ਸਮਝ ਕੇ ਪ੍ਰਚਾਰਨਾ ਚਾਹੀਦਾ ਹੈ। ਗੁਰਬਾਣੀ ਵਿਚ ਆਏ ਮਹਲਾ ਸ਼ਬਦ ਦਾ ਅਰਥ ਹੈ—ਗੁਰਬਾਣੀ ਦੇ ਉੱਤਰਨ ਦੀ ਥਾਂ—ਗੁਰੂ ਦਾ ਸਰੀਰ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬਾਨ ਲਈ ਵਰਤਿਆ ਇਹ ਸੰਕੇਤਕ ਸ਼ਬਦ ਮਹਲਾ ਜੋ ਗੁਰਬਾਣੀ ਦੇ ਹਰ ਸ਼ਬਦ ਦੇ ਮੁੱਢ ਵਿਚ ਸਿਰਲੇਖ ਵਜੋਂ ਆਇਆ ਹੈ, ਇਹ ਬਚਨ ਪੁਲਿੰਗ ਹੈ। ਇਸ ਦੀ ਪੁਸ਼ਟੀ ਗੁਰਬਾਣੀ ਵਿਚ ਕਈ ਜਗ੍ਹਾ ਕੀਤੀ ਗਈ ਹੈ, ਜਿਵੇਂ ਕਿ ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧॥ [ਅੰਗ—੧੪], ਵਡਹੰਸੁ ਮਹਲਾ ੩ ਮਹਲਾ ਤੀਜਾ [ਅੰਗ—੫੮੨]

ਆਦਿ ਅੱਖਰਾਂ ਵਿਚ ਲਿਖ ਕੇ ਕੀਤੀ ਮਿਲਦੀ ਹੈ। ਇਹ ਮਹਲਾ ਸ਼ਬਦ ਨਾ ਇਸਤ੍ਰੀ ਲਿੰਗ ਹੈ ਤੇ ਨਾ ਹੀ ਬਹੁਵਚਨ ਹੈ।

੧. ਪੰਡਤ ਤਾਰਾ ਸਿੰਘ ਜੀ 'ਨਰੋਤਮ' ਨੇ ਪਹਿਲੀ ਵਾਰ ਆਪਣੀ ਰਚਿਤ ਪੁਸਤਕ 'ਗੁਰਮਤਿ ਨਿਰਣ੍ਯ ਸਾਗਰ' ਦੇ ਪੰਨਾ ੩੫੮ ਉਰਮੀ ੨੨ ਅਤੇ 'ਗੁਰੁ ਗਿਰਾਰਥ ਕੋਸ਼' ਭਾਗ ਦੂਜਾ ਪੰਨਾ ੫੧੩-੫੧੪ ਉੱਪਰ ਗੁਰਬਾਣੀ ਵਿਚ ਆਏ ਮਹਲਾ (ਮਹੱਲਾ ਪੁਲਿੰਗ ਅਰਬੀ) ਸ਼ਬਦ ਦਾ ਮਹਲਾ (ਮਹਿਲਾ ਇਸਤ੍ਰੀ ਲਿੰਗ, ਸੰਸਕ੍ਰਿਤ) ਕਲਪਤ ਉਚਾਰਨ ਤੇ ਅਰਥ ਇਸਤ੍ਰੀ ਕੀਤੇ ਹਨ ਤੇ ਦਲੀਲ ਇਹ ਦਿੱਤੀ ਹੈ ਕਿ "ਸਿਖੀ ਭਾਵ ਕੀ ਭਾਵਨਾ ਸੇ ਹੀ ਬਾਨੀ ਰਚਨਾ ਕਰਤੇ ਸਮੇਂ ਗੁਰੋਂ ਨੇ ਅਪਨੇ ਕੋ ਮਹਲਾ ਲਿਖਾ ਹੈ।" ਉਹਨਾਂ ਦੀ ਇਹ ਦਲੀਲ ਉਸ ਵਕਤ ਆਪੇ ਹੀ ਖੰਡਨ ਹੋ ਜਾਂਦੀ ਹੈ, ਜਦ ਗੁਰਬਾਣੀ ਵਿਚ ਮਹਲਾ ਸ਼ਬਦ ਦੇ ਨਾਲ ਲਿਖੇ ੧, ੨, ੩, ੪, ਤੇ ੫ ਅੰਕਾਂ ਦੇ ਨਾਲ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਅੱਖਰਾਂ ਵਿਚ ਲਿਖਿਆ ਮਿਲਦਾ ਹੈ, ਜਿਵੇਂ ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ॥ [ਅੰਗ—੧੪], ਜੇ ਮਹਲਾ ਦਾ ਅਰਥ ਇਸਤਰੀ ਅਤੇ ਉਚਾਰਨ ਮਹਿਲਾ ਹੁੰਦਾ ਤਾਂ ਮਹਲਾ ਪਹਿਲਾ ਦੀ ਥਾਂ ਮਹਲਾ ਪਹਿਲੀ ਲਿਖਿਆ ਹੁੰਦਾ ਅਤੇ ਹਰ ਪਾਠਕ ਮਹਲਾ ਪਦ ਦੇ ਬਾਅਦ ਲਿਖੇ ਅੰਕਾਂ ੧, ੨, ੩, ੪, ੫ ਅਤੇ ੯ ਨੂੰ ਪਹਿਲੀ, ਦੂਜੀ, ਤੀਜੀ, ਚੌਥੀ, ਪੰਜਵੀਂ ਤੇ ਨੌਵੀਂ ਉਚਾਰਨ ਕਰਦਾ, ਪਰ ਅੱਜ ਤਕ ਅਜਿਹਾ ਉਚਾਰਨ ਇਕ ਵਚਨ ਹੈ। ਐਉਂ ਪੰਡਤ ਜੀ ਦਾ ਉਚਾਰਨ ਮਹਿਲਾ ਤੇ ਅਰਥ ਇਸਤ੍ਰੀ ਆਪਣੇ ਆਪ ਹੀ ਖੰਡਨ ਹੋ ਗਿਆ ਹੈ।

੨. ਪੰਡਤ ਜੀ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਭਾਈ ਵੀਰ ਸਿੰਘ ਜੀ ਦੇ ਪਿਤਾ ਡਾਕਟਰ ਚਰਨ ਸਿੰਘ ਜੀ ਨੇ ਆਪਣੀ ਪੁਸਤਕ 'ਬਾਣੀ ਬਿਉਰਾ' ਵਿਚ ਵੀ ਉਕਤ ਉਚਾਰਨ ਤੇ ਅਰਥ ਕੀਤੇ ਹਨ, ਜੋ ਮੰਨਣ ਯੋਗ ਨਹੀਂ। ਇਹੋ ਕਾਰਣ ਹੈ ਕਿ ਪੰਡਤ ਜੀ ਅਤੇ ਡਾਕਟਰ ਸਾਹਿਬ ਦੇ ਲਿਖਣ ਦੇ ਬਾਵਜੂਦ ਮਹਲਾ ਸ਼ਬਦ ਦਾ ਉਚਾਰਨ ਮਹਿਲਾ ਤੇ ਅਰਥ ਇਸਤ੍ਰੀ ਪ੍ਰਚਲਤ ਨਾ ਹੋ ਸਕੇ ਤੇ ਉਚਾਰਨ ਮਹੱਲਾ ਅਤੇ ਅਰਥ ਗੁਰਬਾਣੀ ਦੇ ਉੱਤਰਨ ਦੀ ਥਾਂ ਗੁਰੂ ਦਾ ਸਰੀਰ ਹੀ ਚੱਲਦਾ ਰਿਹਾ।

੩. ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਆਪਣੇ ਵੱਲੋਂ ਲਿਖੇ 'ਗੁਰਬਾਣੀ ਵਿਆਕਰਣ' ਦੇ ਪੰਨਾ ੨੨ ਤੋਂ ੨੬ ਤੱਕ 'ਲਫ਼ਜ਼ ਮਹਲਾ ਦਾ ਉਚਾਰਨ' ਸਿਰਲੇਖ ਹੇਠ ਇਕ ਲੇਖ ਲਿਖਿਆ ਹੈ ਕਿ ਜਿਸ ਵਿਚ ਮਹਲ, ਮਹਲਿ, ਮਹਲੁ ਆਦਿ ਵਾਲੀਆਂ ਤੁਕਾਂ ਦੇ ਕੇ, ਉਹਨਾਂ ਦੇ ਅਰਥ ਲਿਖ ਕੇ ਅਸਲ ਵਿਸ਼ੇ ਤੋਂ ਬਹੁਤ ਲਾਂਭੇ ਚਲੇ ਗਏ ਹਨ। ਅਸਲ ਮਸਲਾ ਮਹਲਾ ਪਦ ਦੇ ਉਚਾਰਨ

DAMDAMI TAKSAAL.ORG



ਤੇ ਅਰਥ ਦਾ ਹੈ ਨਾ ਕਿ ਮਹਲ, ਮਹਿਲ ਜਾਂ ਮਹਲੁ ਪਦ ਦਾ। ਗੁਰਬਾਣੀ ਅੰਦਰ ਆਏ ਮਹਲਾ ਪਦ ਦਾ ਉਚਾਰਨ ਮਹਿਲਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ ਤੇ ਇਸ ਦਾ ਸਿੱਖ ਸਕੂਲਾਂ, ਕਾਲਜਾਂ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਵੀ ਕੀਤਾ ਹੈ। ਪਰ ਪੰਡਤ ਤਾਰਾ ਸਿੰਘ ਜੀ ਵਾਂਗ ਅਰਥ ਇਸਤ੍ਰੀ ਕਰਨ ਤੋਂ ਸੰਕੋਚ ਕਰਕੇ ਅਰਥ ਕਾਇਆ, ਦੇਹ ਕੀਤਾ ਹੈ ਅਤੇ ਆਪਣੇ ਉਚਾਰਨ ਦੇ ਅਰਥਾਂ ਦੀ ਪੁਸ਼ਟੀ ਵਿਚ ਦੋ ਤੁਕਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਦਰਜ ਕੀਤੀਆਂ ਹਨ।

ਅਸੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਦਸ ਤੁਕਾਂ ਤੇ ਉਹਨਾਂ ਦੇ ਅਰਥ ਦੇ ਰਹੇ ਹਾਂ, ਜਿਨ੍ਹਾਂ ਵਿਚ ਮਹਲਾ ਸ਼ਬਦ ਦਸ ਵਾਰ ਆਇਆ ਹੈ :—

੧. *'ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥'*

[ਸਿਰੀ ਰਾਗੁ ਮਹਲਾ ੧, ਅੰਗ—੬੩]

ਸੋਹਣੇ ਦਰਵਾਜਿਆਂ ਵਾਲੇ ਸੋਹਣੇ ਘਰ ਤੇ ਮਹੱਲ ਹਜ਼ਾਰਾਂ ਪੱਕੇ ਕਿਲੇ। [ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਪਹਿਲੀ, ਪੰਨਾ—੪੨੯]

੨. *'ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥'*

[ਮਾਝ ਕੀ ਵਾਰ ਮਹਲਾ ੧, ਅੰਗ—੧੪੮]

ਸਤਿਗੁਰੂ ਦੇ ਸ਼ਬਦ ਦੀ ਬਰਕਤ ਨਾਲ ਸੁਧਰੀਆਂ ਹੋਈਆਂ ਉਹ ਮਾਨੋਂ ਮਹਿਲਾਂ ਵਿਚ ਵਸਦੀਆਂ ਹਨ। [ਪੋਥੀ ਪਹਿਲੀ, ਪੰਨਾ—੮੬੧]

੩. *'ਦਰ ਘਰ ਮਹਲਾ ਸੇਜ ਸੁਖਾਲੀ ॥'*

[ਗਉੜੀ ਮਹਲਾ ੧, ਅੰਗ—੨੨੫]

ਜੇ ਮੇਰੇ ਪਾਸ ਵਸਣ ਲਈ ਮਹਲ ਮਾੜੀਆਂ ਹੋਣ, ਸੁਖ ਦੇਣ ਵਾਲਾ ਮੇਰਾ ਪਲੰਘ ਹੋਵੇ। [ਪੋਥੀ ਦੂਜੀ, ਪੰਨਾ—੩੭੯]

੪. *'ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥'*

[ਆਸਾ ਮਹਲਾ ੧, ਅੰਗ—੩੫੮]

(ਤੇਰੇ ਦਰਸ਼ਨ ਕਰਨ ਵਾਸਤੇ ਹੀ ਰਾਜ ਮਿਲਖ ਦੇ ਮਾਲਕ) ਆਪਣੇ ਮਹਲ ਮਾੜੀਆਂ ਆਪਣੇ ਘਰ, ਬੂਹੇ, ਹਾਥੀ, ਘੋੜੇ ਆਪਣੇ ਦੇਸ਼, ਵਤਨ ਛੱਡ ਕੇ ਜੰਗਲੀਂ ਚਲੇ ਗਏ। [ਪੋਥੀ ਤੀਜੀ, ਪੰਨਾ—੬੬]

੫. *'ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ ॥'*

[ਆਸਾ ਮਹਲਾ ੫, ਅੰਗ—੩੭੯]

ਹੇ ਦਾਸ ਨਾਨਕ (ਆਖ ਹੇ ਭਾਈ!) ਘਰ ਮੰਦਰ ਮਹਲ ਮਾੜੀਆਂ

ਜਿਹੜੇ ਵੀ ਤੈਨੂੰ ਦਿਸ ਰਹੇ ਹਨ, ਇਨ੍ਹਾਂ ਵਿਚੋਂ ਕੋਈ ਵੀ ਤੇਰੇ ਨਾਲ (ਅੰਤ ਵੇਲੇ) ਨਹੀਂ ਜਾਏਗਾ। [ਪੋਥੀ ਤੀਜੀ, ਪੰਨਾ—੧੭੪]

੬. *'ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨਾ ਮਿਲਨਿ ਹਦੂਰਿ ॥'*
[ਆਸਾ ਮਹਲਾ ੧, ਅੰਗ—੪੧੭]

ਜਿਹੜੀਆਂ ਪਹਿਲਾਂ ਆਪਣੇ ਮਹਲਾਂ ਵਿਚ ਵਸਦੀਆਂ ਸਨ, ਹੁਣ ਉਨ੍ਹਾਂ ਨੂੰ ਮਹਲਾਂ ਦੇ ਕਿਤੇ ਨੇੜੇ ਵੀ ਢੁੱਕਣ ਨਹੀਂ ਦਿੱਤਾ ਜਾਂਦਾ।
[ਪੋਥੀ ਤੀਜੀ, ਪੰਨਾ—੩੭੩]

੭. *'ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥'*
[ਆਸਾ ਮਹਲਾ ੧, ਅੰਗ—੪੧੭]

ਕਿੱਥੇ ਹਨ ਉਹ ਸੋਹਣੇ ਘਰ ਮਹਲ ਮਾੜੀਆਂ ਤੇ ਸੋਹਣੀਆਂ ਸਰਾਵਾਂ।
[ਪੋਥੀ ਤੀਜੀ, ਪੰਨਾ—੩੭੬]

੮. *'ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ॥'*
[ਸੂਹੀ ਮਹਲਾ ੧, ਅੰਗ—੭੬੭]

ਉਹ ਮਨੁੱਖ ਸਤਿਗੁਰ ਦੇ ਸ਼ਬਦ ਵਿਚ ਗਿੱਝ ਜਾਂਦਾ ਹੈ, ਉਸ ਦਾ ਹਿਰਦਾ ਨਾਮ ਰਸ ਨਾਲ ਭਿੱਜਿਆ ਰਹਿੰਦਾ ਹੈ। ਉਸਨੂੰ ਹਰੇਕ ਸਰੀਰ, ਭਾਵ ਸਭ ਸਰੀਰਾਂ ਦੇ ਅੰਦਰ ਪ੍ਰਭੂ ਦਾ ਨਿਵਾਸ ਦਿਸਦਾ ਹੈ।
[ਪੋਥੀ ਪੰਜਵੀਂ, ਪੰਨਾ—੫੩੯]

੯. *'ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥'*
[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੬]

ਕਿਲੇ, ਪੱਕੇ ਘਰ, ਮਹਲ ਮਾੜੀਆਂ (ਤੇ ਹਕੂਮਤ ਸਭ ਸਾਥ ਛੱਡ ਗਏ) ਇਹ ਤਾਂ (ਮਦਾਰੀ ਦੀ) ਖੇਡ ਹੀ ਸਨ।
[ਪੋਥੀ ਛੇਵੀਂ, ਪੰਨਾ—੮੩੩]

੧੦. *'ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥'*
[ਮਾਰੂ ਮਹਲਾ ੩, ਅੰਗ—੧੦੫੮]

ਉਹ ਮਨੁੱਖ ਉਸ ਲਾ-ਮਕਾਨ ਪ੍ਰਮਾਤਮਾ ਨੂੰ ਸਭ ਸਰੀਰਾਂ ਵਿਚ (ਵੱਸਦਾ) ਵੇਖ ਲੈਂਦਾ ਹੈ, ਉਸਦੀ ਰਜ਼ਾ ਨੂੰ ਮਿੱਠਾ ਮੰਨ ਕੇ ਉਸ ਵਿਚ ਲੀਨ ਰਹਿੰਦਾ ਹੈ। [ਪੋਥੀ ਸਤਵੀਂ, ਪੰਨਾ—੭੨੯]

ਉਪਰੋਕਤ ਦਸ ਤੁਕਾਂ ਵਿਚ ਪ੍ਰਿੰਸੀਪਲ ਸਾਹਿਬ ਸਿੰਘ ਜੀ ਦੀਆਂ ਉਹ ਦੋ ਤੁੱਕਾਂ ਵੀ ਨੰ: ੮ ਤੇ ੧੦ ਵਿਚ ਆ ਗਈਆਂ ਹਨ, ਜਿਨ੍ਹਾਂ ਦਾ ਹਵਾਲਾ ਉਨ੍ਹਾਂ ਨੇ ਗੁਰਬਾਣੀ ਵਿਆਕਰਣ ਦੇ ਪੰਨਾ ੨੪ 'ਤੇ 'ਮਹਲਾ' ਪਦ ਦਾ ਅਰਥ ਕਾਇਆ, ਦੇਹ ਕਰਕੇ ਉਸ ਦੀ ਪੁਸ਼ਟੀ ਵਿਚ ਦਿੱਤਾ ਹੈ।

DAMDAMI TAKSAAL.org



ਪਾਠਕ ਪਿੱਛੇ ਪੜ੍ਹ ਆਏ ਹਨ ਕਿ ਗੁਰਬਾਣੀ ਦੇ ਸ਼ਬਦਾਂ ਦੇ ਮੁੱਢ ਵਿਚ ਸਿਰਲੇਖ ਵਜੋਂ ਗੁਰੂ ਸਾਹਿਬਾਨ ਲਈ ਵਰਤਿਆ ਸੰਕੇਤਕ ਪਦ ਮਹਲਾ ਇਕ ਵਚਨ ਪੁਲਿੰਗ ਹੈ, ਪਰ ਉਪਰੋਕਤ ਦਸਾਂ ਤੁਕਾਂ ਵਿਚ ਦਸ ਵਾਰ ਆਇਆ 'ਮਹਲਾ' ਪਦ ਬਹੁਵਚਨ ਪੁਲਿੰਗ ਹੈ ਤੇ ਅਰਥ ਮਹਲਾ ਜਾਂ ਮਹਲ ਮਾੜੀਆਂ ਕੀਤੇ ਗਏ ਹਨ।

ਉਚਾਰਨ ਬਾਰੇ ਵਿਚਾਰ ਇਹ ਹੈ ਕਿ ਤੁਕ ਨੰ: ੧, ੨, ੩, ੪, ੫, ੭ ਤੇ ੯ ਵਿਚ ਮਹਲਾ ਪਦ ਦਾ ਉਚਾਰਨ ਬਿੰਦੇ ਰਹਿਤ ਮਹੱਲਾ ਹੈ, ਪਰ ਅਰਥ ਬਹੁਵਚਨ ਬਹੁਤੇ ਮਹੱਲਾਂ ਦਾ ਹੈ ਅਤੇ ਤੁਕ ਨੰ: ੨, ੬, ੮ ਤੇ ੧੦ ਵਿਚ ਮਹੱਲਾ ਪਦ ਦਾ ਉਚਾਰਨ ਮਹਲਾਂ ਬਿੰਦੇ ਸਹਿਤ ਹੈ ਤੇ ਅਰਥ ਉਹੋ ਹੀ ਬਹੁਵਚਨ ਮਹੱਲਾਂ ਜਾਂ ਮਹਲ ਮਾੜੀਆਂ ਦਾ ਹੈ। ਉਪਰੋਕਤ ਤੁਕਾਂ ਦੇ ਅਰਥ ਅਸਾਂ ਪ੍ਰਿੰਸੀਪਲ ਸਾਹਿਬ ਸਿੰਘ ਜੀ ਵੱਲੋਂ ਕੀਤੇ ਸਟੀਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚੋਂ ਹੀ ਦਿੱਤੇ ਹਨ। ਹੇਠ ਪੋਥੀ ਦਾ ਨੰਬਰ ਤੇ ਪੰਨੇ ਵੀ ਦਿੱਤੇ ਹਨ ਤਾਂ ਕਿ ਪਾਠਕ ਵੇਖ ਲੈਣ ਕਿ ਪ੍ਰਿੰਸੀਪਲ ਸਾਹਿਬ ਨੇ ਗੁਰਬਾਣੀ ਵਿਆਕਰਣ ਵਿਚ ਮਹਲਾ ਦਾ ਉਚਾਰਨ 'ਮਹਿਲਾ' ਅਤੇ ਅਰਥ ਕਾਇਆ, ਦੇਹ ਤੇ ਵਿਅਕਤੀ ਕੀਤਾ ਹੈ, ਜੋ ਇਸਤ੍ਰੀ ਲਿੰਗ ਇਕ ਵਚਨ ਬਣਦਾ ਹੈ ਤੇ ਉਪਰੋਕਤ ਉਚਾਰਣ ਤੇ ਅਰਥ ਦੀ ਪੁਸ਼ਟੀ ਵਿਚ ਤੁਕ ਨੰ: ੮ ਤੇ ੧੦ ਉਦਾਹਰਣ ਵਜੋਂ ਪੇਸ਼ ਕਰਦੇ ਹਨ। ਪਰ ਉਨ੍ਹਾਂ ਦੋਹਾਂ ਹੀ ਤੁਕਾਂ ਦਾ ਆਪਣੇ ਸਟੀਕ ਵਿਚ ਉਚਾਰਨ ਮਹਿਲਾ ਤੇ ਅਰਥ ਮਹੱਲਾਂ (ਸਰੀਰਾਂ) ਬਹੁਵਚਨ ਕੀਤਾ ਹੈ। ਜਿਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਲਈ ਵਰਤਿਆ ਪਦ ਮਹਲਾ ਤੇ ਉਪਰੋਕਤ ਦੋਹਾਂ ਤੁਕਾਂ ਵਿਚ ਆਏ ਮਹਲਾ ਪਦ ਦੇ ਉਚਾਰਨ ਤੇ ਅਰਥਾਂ ਵਿਚ ਢੇਰ ਫ਼ਰਕ ਹੈ। ਇਸ ਲਈ ਸਿਰਲੇਖ ਵਜੋਂ ਆਇਆ ਪਦ ਮਹਲਾ ਦਾ ਉਚਾਰਣ ਮਹੱਲਾ ਤੇ ਅਰਥ ਗੁਰਬਾਣੀ ਦੇ ਉੱਤਰਨ ਦੀ ਥਾਂ, ਗੁਰੂ ਸਾਹਿਬ ਦਾ ਸਰੀਰ ਹੀ ਵਧੇਰੇ ਢੁਕਵਾਂ, ਸ਼ੁੱਧ, ਪਰੰਪਰਾ ਤੋਂ ਚੱਲਿਆ ਆ ਰਿਹਾ, ਵਿਆਕਰਣ ਅਤੇ ਭਾਸ਼ਾ ਦੇ ਪੱਖੋਂ ਵੀ ਮੰਨਣ ਯੋਗ ਹੈ।

ਦੂਜੀ ਗੱਲ ਜੋ ਪ੍ਰਿੰਸੀਪਲ ਸਾਹਿਬ ਨੇ ਮਹਲਾ ਪਦ ਦੇ ਉਚਾਰਨ ਬਾਰੇ ਕਹੀ ਹੈ, ਉਹ ਇਹ ਹੈ ਕਿ ਜਿਵੇਂ ਸਧਾਰਨ ਤੌਰ 'ਤੇ ਸ਼ਬਦ—ਰਹਿਤ, ਬਹਰੇ, ਬਹਲੇ, ਸਹਜ ਆਦਿ ਦਾ ਉਚਾਰਨ ਕਰਦੇ ਹਾਂ, ਤਿਵੇਂ ਸ਼ਬਦ ਮਹਲਾ ਦਾ ਵੀ ਕਰਨਾ ਚਾਹੀਦਾ ਹੈ। ਤੀਜੀ ਗੱਲ ਇਹ ਕਹੀ ਹੈ ਕਿ ਕਿਸੇ ਸ਼ਬਦ 'ਤੇ ਉਚੇਚ ਨਾਲ ਅੱਧਕ ( ੱ ) ਦੀ ਵਰਤੋਂ ਨਹੀਂ ਕਰਨੀ ਚਾਹੀਦੀ। [ਗੁਰਬਾਣੀ ਵਿਆਕਰਣ, ਪੰਨਾ—੨੨-੨੫]

ਅਸੀਂ ਪ੍ਰਿੰਸੀਪਲ ਸਾਹਿਬ ਜੀ ਦੀ ਉਪਰੋਕਤ ਵਿਚਾਰ ਨਾਲ ਵੀ ਸਹਿਮਤ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਸਧਾਰਨ ਉਚਾਰਨ ਕਰਨਾ ਚਾਹੀਦਾ ਹੈ। ਤਾਂ ਫਿਰ *'ਮਾਤਾ ਧਰਤਿ ਮਹਤੁ ॥'* [ਜਪੁਜੀ ਸਾਹਿਬ, ਅੰਗ—੮] ਵਿਚ ਮਹੱਤ ਦੀ ਥਾਂ ਉਚਾਰਨ ਮਹਿਤ ਕਰਨਾ ਹੋਵੇਗਾ ਤੇ ਇਵੇਂ ਹੀ *'ਬਹਤਰਿ ਘਰਿ*

*ਇਕੁ ਪੁਰਖੁ ਸਮਾਇਆ..... ॥'* [ਸੂਹੀ ਕਬੀਰ ਜੀ, ਅੰਗ–੭੯੩] ਤੁਕ 'ਚ ਬਹੱਤਰਿ ਦੀ ਥਾਂ ਉਚਾਰਨ ਬਹਿਤਿਰ ਕਰਨਾ ਚਾਹੀਦਾ ਹੈ। ਪਰ ਐਸਾ ਉਚਾਰਨ ਕੋਈ ਅਨਜਾਣ ਪਾਠੀ ਵੀ ਨਹੀਂ ਕਰਦਾ ਤੇ ਕਰਨ ਨਾਲ ਜਿਥੇ ਉਚਾਰਨ ਅਸ਼ੁੱਧ ਹੋਵੇਗਾ, ਉਥੇ ਅਰਥ ਵੀ ਗ਼ਲਤ ਹੋ ਜਾਣਗੇ। ਇਸ ਲਈ ਉਚਾਰਨ ਦਾ ਸਬੰਧ ਅਰਥ ਨਾਲ ਨਾਲ ਹੈ, ਸਧਾਰਨ ਜਾਂ ਅਸਧਾਰਨ ਉਚਾਰਨ ਨਾਲ ਨਹੀਂ। ਉਚਾਰਨ ਉਹੀ ਸ਼ੁੱਧ ਮੰਨਿਆ ਜਾ ਸਕਦਾ ਹੈ, ਜੋ ਪ੍ਰਸੰਗਕ ਅਰਥ ਅਨੁਸਾਰ ਹੋਵੇ। ਜੋ ਕਿਹਾ ਗਿਆ ਹੈ ਕਿ ਕਿਸੇ ਸ਼ਬਦ 'ਤੇ ਉਚੇਚ ਨਾਲ ਅੱਧਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਇਹ ਗੱਲ ਵੀ ਦਰੁੱਸਤ ਨਹੀਂ ਜਾਪਦੀ ਕਿਉਂਕਿ ਗੁਰਬਾਣੀ ਵਿਚ ਕਈ ਪਦ ਇਕੋ ਜਿਹੇ ਰੂਪ ਵਾਲੇ ਆਉਂਦੇ ਹਨ, ਭਾਵ ਜਿਨ੍ਹਾਂ ਦਾ ਸ਼ਬਦ ਜੋੜ ਇਕੋ ਹੀ ਹੈ, ਪਰ ਅਰਥ ਭੇਦ ਹੋਣ ਕਰਕੇ ਉਨ੍ਹਾਂ ਦਾ ਉਚਾਰਨ ਵੱਖ-ਵੱਖ ਤਰ੍ਹਾਂ ਹੀ ਕਰੀਦਾ ਹੈ। ਭਾਵ ਇਹ ਕਿ ਇਕ ਪਦ 'ਤੇ ਅੱਧਕ ਦਾ ਉਚਾਰਨ ਨਹੀਂ ਕਰੀਦਾ, ਪਰ ਦੂਜੇ 'ਤੇ ਅੱਧਕ ਦਾ ਉਚਾਰਨ ਕਰੀਦਾ ਹੈ, ਜਿਵੇਂ ਕਿ :—

(ੳ) ੧. *'ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥'*
[ਆਸਾ ਮਹਲਾ ੫, ਅੰਗ–੩੮੧]

੨. *'ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ ॥੨॥'*
[ਆਸਾ ਮਹਲਾ ੪, ਅੰਗ–੩੬੯]

ਪਹਿਲੀ ਤੁਕ ਵਿਚ ਆਏ ਪਦ **ਅਜ** ਦਾ ਅੱਧਕ ਤੋਂ ਬਿਨਾਂ ਸਧਾਰਨ ਰੂਪ ਵਿਚ ਉਚਾਰਨ ਕਰਨਾ ਹੈ ਤੇ ਇਸ ਦਾ ਅਰਥ—ਬੱਕਰੀ ਹੈ, ਪਰ ਦੂਜੀ ਤੁਕ 'ਚ ਆਏ **ਅਜੁ** ਦਾ ਉਚਾਰਨ ਅੱਧਕ ਸਹਿਤ **ਅੱਜੁ** ਕਰਨਾ ਹੈ, ਜਿਸ ਦਾ ਅਰਥ—ਵਰਤਮਾਨ ਦਿਨ ਹੈ।

(ਅ) ੧. *'ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥'*
[ਆਸਾ ਮਹਲਾ ੧, ਅੰਗ–੪੨੦]

੨. *'ਅੰਮ ਅਬੇ ਥਾਵਹੁ ਮਿਠੜਾ ॥'*
[ਸਿਰੀ ਰਾਗੁ ਮਹਲਾ ੫, ਅੰਗ–੭੩]

ਪਹਿਲੀ ਤੁਕ ਵਿਚ ਆਏ ਪਦ **ਅਬੇ** ਦਾ ਉਚਾਰਨ ਬਿਨਾਂ ਅੱਧਕ ਤੋਂ ਸਧਾਰਨ ਰੂਪ ਵਿਚ ਅਬੇ ਕਰਨਾ ਹੈ, ਜਿਸ ਦਾ ਅਰਥ ਹੈ—ਜਣੇ-ਖਣੇ ਦੀ; ਭਾਵ ਹਰ ਦੇਵੀ-ਦੇਵਤੇ ਦੀ ਸੇਵਾ, ਪੂਜਾ। ਪਰ ਦੂਜੀ ਤੁਕ ਵਿਚ ਆਏ ਪਦ **ਅਬੇ** ਦਾ ਉਚਾਰਨ **ਅੱਬੇ** ਅੱਧਕ ਸਹਿਤ ਕਰਨਾ ਹੈ। ਜਿਸ ਦਾ ਅਰਥ ਹੈ—ਪਿਤਾ ਤੋਂ (ਅਰਬੀ; ਅੱਬਾ-ਪਿਤਾ)

(ੲ) ੧. *'ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥'*
[ਆਸਾ ਮਹਲਾ ੧, ਅੰਗ–੩੫੮]

DAMDAMI TAKSAAL.ORG



੨. *'ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥'*
[ਰਾਗੁ ਸੋਰਠਿ ਵਾਰ ਮਹਲੇ ੪ ਕੀ, ਅੰਗ–੬੫੦]

ਪਹਿਲੀ ਤੁਕ ਵਿਚ ਆਏ ਪਦ **ਸਿਖਾ** ਦਾ ਉਚਾਰਨ ਅੱਧਕ ਤੋਂ ਬਿਨਾਂ ਸਿਖਾ ਸਧਾਰਨ ਰੂਪ ਵਿਚ ਕਰਨਾ ਹੈ, ਜਿਸ ਦੇ ਅਰਥ ਹਨ—ਬੋਦੀ। ਪਰ ਦੂਜੀ ਤੁਕ ਵਿਚ ਆਏ ਪਦ **ਸਿਖਾ** ਦਾ ਉਚਾਰਨ ਅੱਧਕ ਸਹਿਤ **ਸਿੱਖਾ** ਕਰਨਾ ਹੈ, ਜਿਸ ਦੇ ਅਰਥ ਹਨ—ਗੁਰਾਂ ਦੇ ਅਨੁਸਾਰੀ ਸਿੱਖ।

(ਸ) ੧. *'ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥'*
[ਗਉੜੀ ਸੁਖਮਨੀ ਮਃ ੫, ਅੰਗ–੨੬੫]

੨. *'ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ ॥'*
[ਸਿਰੀ ਰਾਗੁ ਮਹਲਾ ੪, ਅੰਗ–੭੬]

ਪਹਿਲੀ ਤੁਕ 'ਚ ਆਏ **ਖਟ** ਪਦ ਦਾ ਉਚਾਰਨ ਅੱਧਕ ਤੋਂ ਬਿਨਾਂ ਸਧਾਰਨ ਰੂਪ ਵਿਚ ਕਰਨਾ ਹੈ, ਪਰ ਦੂਜੀ ਤੁਕ 'ਚ ਆਏ ਪਦ **ਖਟਿ** ਦਾ ਉਚਾਰਨ ਅੱਧਕ ਸਹਿਤ **ਖੱਟਿ** ਕਰਨਾ ਹੈ। ਪਹਿਲੇ ਪਦ ਖਟ ਦੇ ਅਰਥ ਹਨ—ਛੇ ਦੀ ਗਿਣਤੀ, ਪਰ ਦੂਜੇ ਪਦ ਦੇ ਅਰਥ ਹਨ—ਖੱਟ ਕੇ, ਕਮਾਈ ਕਰਕੇ।

(ਹ) ੧. *'ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥'*
[ਸਲੋਕ ਕਬੀਰ ਜੀ, ਅੰਗ–੧੩੭੪]

੨. *'ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥'*
[ਮਾਝ ਕੀ ਵਾਰ ਮਹਲਾ ੧, ਅੰਗ–੧੫੦]

ਪਹਿਲੀ ਤੁਕ 'ਚ **ਗਲਾ** ਦਾ ਉਚਾਰਨ ਅੱਧਕ ਰਹਿਤ ਗਲਾ ਕੱਟਨਾ ਹੈ ਤੇ ਅਰਥ ਹੈ—ਗਲ, ਪਰ ਦੂਜੀ ਤੁਕ 'ਚ **ਗਲਾ** ਦਾ ਉਚਾਰਨ ਅੱਧਕ ਸਹਿਤ **ਗੱਲਾ** ਕਰਨਾ ਹੈ, ਜਿਸ ਦਾ ਅਰਥ ਹੈ—ਸਮੂਹ, ਸਮਦਾਅ, ਜਥਾ।

(ਕ) ੧. *'ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥'*
[ਆਸਾ ਮਹਲਾ ੫, ਅੰਗ–੪੫੮]

੨. *'ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥'*
[ਮਾਝ ਕੀ ਵਾਰ ਮਹਲਾ ੧, ਅੰਗ–੧੪੩]

ਪਹਿਲੀ ਤੁਕ 'ਚ **ਮਲ** ਦਾ ਉਚਾਰਨ ਅੱਧਕ ਤੋਂ ਬਿਨਾਂ ਸਧਾਰਨ ਰੂਪ ਵਿਚ ਮਲ ਕਰਨਾ ਹੈ ਤੇ ਅਰਥ ਹੈ—ਮੈਲ। ਪਰ ਦੂਜੀ ਤੁਕ 'ਚ **ਮਲ** ਦਾ ਉਚਾਰਨ ਅੱਧਕ ਸਹਿਤ **ਮੱਲ** ਕਰਨਾ ਹੈ, ਜਿਸ ਦਾ ਅਰਥ ਹੈ—ਮੱਲ, ਪਹਿਲਵਾਨ।

(ਖ) ੧. *'ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥੬੩॥'*
[ਸਲੋਕ ਕਬੀਰ ਜੀ, ਅੰਗ—੧੩੬੭]

੨. *'ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥'*
[ਸਲੋਕ ਫਰੀਦ ਜੀ, ਅੰਗ—੧੩੭੯]

ਪਹਿਲੀ ਤੁਕ 'ਚ ਆਏ ਪਦ **ਪਗ** ਦਾ ਉਚਾਰਨ ਸਧਾਰਨ ਰੂਪ ਵਿਚ ਅੱਧਕ ਰਹਿਤ ਪਗ ਹੈ ਤੇ ਅਰਥ ਹੈ—ਚਰਨ, ਪੈਰ। ਪਰ ਦੂਜੀ ਤੁਕ 'ਚ ਆਏ ਪਦ **ਪਗ** ਦਾ ਉਚਾਰਨ ਅੱਧਕ ਸਹਿਤ **ਪੱਗ** ਕਰਨਾ ਹੈ, ਜਿਸ ਦੇ ਅਰਥ ਹਨ—ਪਗੜੀ, ਦਸਤਾਰ।

(ਗ) ੧. *'ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥'*
[ਧਨਾਸਰੀ ਮਹਲਾ ੫, ਅੰਗ—੬੮੦]

੨. *'ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥'*
[ਸਲੋਕ ਮਹਲਾ ੯, ਅੰਗ—੧੪੨੬]

ਪਹਿਲੀ ਤੁਕ 'ਚ ਆਏ **ਤਤ** ਪਦ ਦਾ ਉਚਾਰਨ ਸਧਾਰਨ ਰੂਪ ਵਿਚ ਅੱਧਕ ਰਹਿਤ ਤਤ ਕਰਨਾ ਹੈ ਤੇ ਅਰਥ ਹੈ—ਤਿਥੇ, ਉਥੇ। ਪਰ ਦੂਜੀ ਤੁਕ 'ਚ ਆਏ ਪਦ **ਤਤ** ਦਾ ਉਚਾਰਨ ਅੱਧਕ ਸਹਿਤ **ਤੱਤ** ਹੈ ਤੇ ਅਰਥ ਹੈ—(ਅਕਾਸ਼, ਹਵਾ, ਅੱਗ, ਪਾਣੀ ਤੇ ਧਰਤੀ ਆਦਿ) ਪੰਜ ਤੱਤ।

(ਘ) ੧. *'ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥'*
[ਸਿਰੀ ਰਾਗੁ ਮਹਲਾ ੧, ਅੰਗ—੧੬]

੨. *'ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥'*
[ਵਾਰ ਮਲਾਰ ਕੀ ਮਹਲਾ ੧, ਅੰਗ—੧੨੮੪]

ਪਹਿਲੀ ਤੁਕ 'ਚ ਆਏ ਪਦ **ਸਦ** ਦਾ ਉਚਾਰਨ ਸਧਾਰਨ ਰੂਪ ਵਿਚ ਅੱਧਕ ਰਹਿਤ ਸਦ ਹੈ ਤੇ ਅਰਥ ਹੈ—ਸਦਾ, ਹਮੇਸ਼ਾ ਪਰ ਦੂਜੀ ਤੁਕ 'ਚ ਆਏ ਪਦ **ਸਦ** ਦਾ ਉਚਾਰਨ ਅੱਧਕ ਸਹਿਤ **ਸੱਦ** ਹੈ ਤੇ ਅਰਥ ਹੈ—ਅਵਾਜ਼।

ਅਜਿਹੇ ਹੋਰ ਸੈਂਕੜੇ ਪਦ ਗੁਰਬਾਣੀ ਵਿਚੋਂ ਇਕੱਠੇ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦੇ ਸ਼ਬਦ ਜੋੜ ਇਕ ਹੋਣ ਦੇ ਬਾਵਜੂਦ ਉਚਾਰਨ ਵਿਚ ਫ਼ਰਕ ਹੈ। ਇਕ ਦਾ ਉਚਾਰਨ ਸਧਾਰਨ ਰੂਪ ਵਿਚ ਤੇ ਦੂਜੇ ਦਾ ਅਸਧਾਰਨ ਰੂਪ ਵਿਚ।

ਤੀਜੀ ਗੱਲ ਜੋ ਪ੍ਰਿੰਸੀਪਲ ਸਾਹਿਬ ਜੀ ਨੇ ਲਿਖੀ ਹੈ ਕਿ ਕਿਸੇ ਪਦ 'ਤੇ ਉਚੇਚ ਨਾਲ ਅੱਧਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਸ ਸਬੰਧੀ ਸਾਡੀ ਵਿਚਾਰ ਇਹ

DAMDAMI TAKSAAL.ORG



ਹੈ ਕਿ :—ਦੀਰਘ ਮਾਤ੍ਰਾ ਦੇ ਉਚਾਰਨ ਲਈ ਉਚੇਚ ਕਰਨੀ ਹੀ ਪੈਂਦੀ ਹੈ, ਨਹੀਂ ਤਾਂ ਸਧਾਰਨ ਉਚਾਰਨ ਨਾਲ ਪਾਠ ਵੀ ਅਸ਼ੁੱਧ ਤੇ ਅਰਥ ਦਾ ਵੀ ਅਨਰਥ ਹੋ ਜਾਵੇਗਾ।

ਅੱਧਕ ਚੂੰਕਿ ਦੀਰਘ ਮਾਤ੍ਰਾ ਹੈ। ਇਸ ਲਈ ਇਸ ਦੇ ਉਚਾਰਨ ਲਈ ਉਚੇਚ ਕਰਨੀ ਹੀ ਪਵੇਗੀ। ਇਹ ਗੱਲ ਤਾਂ ਠੀਕ ਹੈ ਕਿ ਗੁਰਬਾਣੀ ਵਿਚ ਸਤਿਗੁਰਾਂ ਨੇ ਅੱਧਕ ਦੇ ਚਿੰਨ੍ਹ ਨਹੀਂ ਲਾਏ, ਪਰ ਕੁਝ ਪਦਾਂ ਉੱਪਰ ਅੱਧਕ ਦੀ ਵਰਤੋਂ ਲਾਜ਼ਮੀ ਤੌਰ 'ਤੇ ਕਰਨੀ ਪੈਂਦੀ ਹੈ। ਜਿਸ ਦੇ ਸਿੱਟੇ ਵਜੋਂ ਪੁਰਾਤਨ ਹੱਥ ਲਿਖਤ ਬੀੜਾਂ ਅਤੇ ਵਰਤਮਾਨ ਬੀੜਾਂ ਵਿਚ ਅੱਧਕ ਦੀ ਥਾਂ ਟਿੱਪੀਆਂ ਲੱਗੀਆਂ ਮਿਲਦੀਆਂ ਹਨ। ਜਿਵੇਂ :—*'ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥'* [ਸਿਰੀ ਰਾਗੁ ਮਹਲਾ ੫, ਅੰਗ—੫੧] ਇਸ ਤੁਕ 'ਚ ਆਏ ਮੰਧੇ ਪਦ ਦਾ ਅਰਥ ਮੱਧੇ (ਵਿਚ) ਹੈ। ਗੁਰਬਾਣੀ ਵਿਚ ਸੈਂਕੜੇ ਸ਼ਬਦ ਐਸੇ ਹਨ, ਜਿਨ੍ਹਾਂ ਉਪਰ ਅੱਧਕ ਦੀ ਵਰਤੋਂ ਉਚੇਚੇ ਤੌਰ 'ਤੇ ਕੀਤੀ ਜਾਂਦੀ ਹੈ। ਅੱਧਕ ਉਚਾਰਨ ਨਾ ਕਰਨ ਦੀ ਸੂਰਤ ਵਿਚ ਅਰਥ ਦਾ ਅਨਰਥ ਹੋ ਜਾਂਦਾ ਹੈ। ਉਹ ਕੁਝ ਕੁ ਪਦ ਇਹ ਹਨ :—

| *ਪਦ* | *ਸ਼ੁਧ ਉਚਾਰਨ* | *ਪਦ* | *ਸ਼ੁਧ ਉਚਾਰਨ* |
|---|---|---|---|
| ਅਕਥ | ਅਕੱਥ | ਅਥਕ | ਅਥੱਕ |
| ਅਖਰ | ਅੱਖਰ | ਅਧ | ਅੱਧ |
| ਅਖੜੀਆ | ਅੱਖੜੀਆ | ਅਨਰੁਧ | ਅਨਰੁੱਧ |
| ਅਗਥ | ਅਗੱਥ | ਅਪਰਸ | ਅਪੱਰਸ |
| ਅਠ | ਅੱਠ | ਇਖ | ਇੱਖ |
| ਅਚਲ | ਅਚੱਲ | ਇਛਾ | ਇੱਛਾ |
| ਅਠਤਰੈ | ਅਠੱਤਰੈ | ਇਠੜੇ | ਇੱਠੜੇ |
| ਅਠੇ | ਅੱਠੇ | ਸਚ | ਸੱਚ |
| ਅਤੁਟ | ਅਤੁੱਟ | ਸਮਰਥ | ਸਮਰੱਥ |
| ਅਤੁਲ | ਅਤੁੱਲ | ਸਵਦ | ਸਵੱਦ |

ਇਹ ਉਪਰੋਕਤ ਪਦ ਨਮੂਨੇ ਵਜੋਂ ਹੀ ਲਿਖੇ ਹਨ, ਨਹੀਂ ਤਾਂ ਗੁਰਬਾਣੀ ਵਿਚੋਂ ਅਜਿਹੇ ਸੈਂਕੜੇ ਸ਼ਬਦ ਇਕੱਠੇ ਕੀਤੇ ਜਾ ਸਕਦੇ ਹਨ। ਵਿਸਥਾਰ ਦੇ ਭੈ ਤੋਂ ਬਹੁਤੇ ਪਦ ਨਹੀਂ ਲਿਖੇ।

ਮਹਲਾ ਪਦ ਦੇ ਉਚਾਰਨ ਸਬੰਧੀ ਇਕ ਹੋਰ ਨੁਕਤਾ ਵੀ ਧਿਆਨ ਗੋਚਰੇ ਕਰਨ ਵਾਲਾ ਹੈ, ਉਹ ਇਹ ਹੈ ਕਿ ਸਿਰੀ ਰਾਗੁ ਦੇ ਪਹਿਲੇ ਸ਼ਬਦ ਦੇ ਮੁੱਢ 'ਚ ਜੋ *'ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧'* ਲਿਖਿਆ ਹੋਇਆ ਹੈ, ਉਥੇ ਪਹਿਲਾ

ਪਦ ਨੂੰ ਸਿਹਾਰੀ ਲਗੀ ਹੋਈ ਹੈ ਪਰ ਮਹਲਾ ਪਦ ਦਾ 'ਹ' ਮੁਕਤਾ ਹੈ, ਜੇ ਮਹਲਾ ਪਦ ਦਾ ਉਚਾਰਨ ਮਹਿਲਾ ਹੁੰਦਾ ਤਾਂ ਮਹਲਾ ਪਦ ਦੇ 'ਹ' ਨੂੰ ਵੀ ਸਿਹਾਰੀ ਲੱਗੀ ਹੋਣੀ ਚਾਹੀਦੀ ਸੀ। ਇਸ ਲਈ ਇਸ ਦਾ ਉਚਾਰਨ ਮਹਲਾ ਕਰਨਾ ਹੀ ਸਹੀ ਹੈ। ਜਿਵੇਂ 'ਮਹਤੁ' ਤੇ 'ਬਹਤਰਿ' ਪਦਾਂ ਦੇ ਹਾਹੇ ਮੁਕਤੇ ਹਨ ਤੇ ਉਨ੍ਹਾਂ ਹਾਹਿਆਂ ਉੱਪਕ ਅੱਧਕ ਉਚਾਰਨ ਕੀਤਾ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਗੁਰੂ ਸਾਹਿਬਾਨ ਲਈ ਵਰਤਿਆ ਸੰਕੇਤਕ ਪਦ ਮਹਲਾ ਦਾ ਉਚਾਰਨ ਮਹੱਲਾ ਹੀ ਸ਼ੁੱਧ ਹੈ।

ਉਪਰੋਕਤ ਰਾਇ ਨਾਲ ਸਹਿਮਤ ਹਨ :—ਦਬਿਸਤਾਨਿ ਮਜ਼ਾਹਬ ਦੇ ਲੇਖਕ ਮੁਹਸਨ ਫਾਨੀ, ਡਾ. ਟ੍ਰੰਪ, ਮਿਸਟਰ ਮੈਕਾਲਫ਼, ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ, ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ (ਸਾਬਕਾ ਰੀਸਰਚ ਸਕਾਲਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), ਸਰਦਾਰ ਕਪੂਰ ਸਿੰਘ ਜੀ (ਨੈਸ਼ਨਲ ਪ੍ਰੋ. ਆਫ਼ ਸਿਖਇਜ਼ਮ), ਡਾ. ਪਿਆਰ ਸਿੰਘ ਜੀ (ਸਾਬਕਾ ਮੁਖੀ ਪੰਜਾਬੀ ਭਾਸ਼ਾ ਵਿਭਾਗ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਪ੍ਰੋ. ਪ੍ਰੀਤਮ ਸਿੰਘ ਜੀ (ਮੁਖੀ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ (ਮੁਖੀ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਸੰਪ੍ਰਦਾਇ ਭਿੰਡਰਾਂ), ਸੰਤ ਅਮੀਰ ਸਿੰਘ ਜੀ (ਗਲੀ ਸੱਤੋ ਵਾਲੀ, ਅੰਮ੍ਰਿਤਸਰ), ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ, ਗਿਆਨੀ ਗੁਰਦਿੱਤ ਸਿੰਘ ਜੀ (ਜਨਰਲ ਸਕੱਤਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), ਸ: ਪ੍ਰਕਾਸ਼ ਸਿੰਘ ਜੀ (ਪ੍ਰਿੰਸੀਪਲ ਸਿੱਖ ਸ਼ਹੀਦ ਮਿਸ਼ਨਰੀ ਕਾਲਜ, ਅੰਮ੍ਰਿਤਸਰ), ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ।

ਮਹਲੇ ਸਬੰਧੀ ਉਪਰੋਕਤ ਖੋਜ ਟਕਸਾਲ ਦੇ ਪੁਰਾਣੇ ਮੁਖੀਆਂ ਅਤੇ ਸਿਆਣੇ ਵਿਦਿਆਰਥੀਆਂ ਦੀ ਹੈ।

## ਰਹਰਾਸਿ ਸਾਹਿਬ

ਸਾਧ ਸੰਗਤ ਜੀ ! ਜਿਹੜਾ ਰਹਰਾਸਿ ਦਾ ਪਾਠ ਹੈ, ਇਸ ਵਿਚਲੇ ਨੌਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹਨ। ਇਸ ਵਿਚ ਜਿਹੜਾ ਚੌਪਈ ਸਾਹਿਬ ਦਾ ਪਾਠ ਅਤੇ ਦੋਹਰੇ ਹਨ, ਇਹ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਰਹਰਾਸਿ ਜੀ ਦੇ ਨਾਲ ਪੜ੍ਹਣ ਦੀ ਆਗਿਆ ਇਸ ਲਈ ਦਿੱਤੀ ਹੈ ਕਿ ਸ਼ਾਮ ਦੇ ਵਕਤ ਸੰਗਤਾਂ ਵਿਚ ਜੁੜ ਕੇ ਰਹਰਾਸਿ ਵਿਚ ਦਸਮ ਗ੍ਰੰਥ ਦੀ ਬਾਣੀ ਸੁਣਨ ਦਾ ਸਮਾਂ ਮਿਲੇ। ਇਸ ਵਾਸਤੇ ਪੰਜ ਗ੍ਰੰਥੀ ਵਿਚ ਭਾਈ ਮਨੀ ਸਿੰਘ ਜੀ ਨੇ ਚੌਪਈ ਨਾਲ ਦੋਹਰੇ ਲਿਖੇ

DAMDAMI TAKSAAL.ORG



ਹਨ। ਇਸੇ ਪ੍ਰਕਾਰ ਪਵਿੱਤਰ ਬਾਣੀ ਰਹਰਾਸਿ ਵਿਚ ਅਨੰਦੁ ਸਾਹਿਬ ਪੰਜ ਪਉੜੀਆਂ, *ਮੁੰਦਾਵਣੀ ਮਹਲਾ ੫ ॥*, ਅੱਗੇ ਪਉੜੀ ਅਤੇ *'ਅੰਤਰਿ ਗੁਰੁ ਆਰਾਧਣਾ..... ॥'* *'ਰਖੇ ਰਖਣਹਾਰਿ'* ਲਿਖਿਆ ਹੈ। ਇਸ ਕਰਕੇ ਇਹ ਪਵਿੱਤਰ ਬਾਣੀ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਨੇ ਸਤਿਗੁਰੂ ਜੀ ਤੋਂ ਗੁਰਮਤਿ ਪਾ ਕੇ ਸੰਗਤਾਂ ਵਿਚ ਪ੍ਰਚਾਰ ਕਰਨ ਵਾਸਤੇ ਇਤਨੀ ਰਹਰਾਸਿ ਪੰਜ ਗ੍ਰੰਥੀ ਵਿਚ ਲਿਖੀ ਹੈ। ਜੋ ਕਿ ਪੁਰਾਤਨ ਸਮੇਂ ਤੋਂ ਪੰਜ ਗ੍ਰੰਥੀਆਂ ਵਿਚ ਸਹੀ ਚੱਲੀ ਆਉਂਦੀ ਹੈ।

ਉਹੀ ਸਹੀ ਰਹਰਾਸਿ ਦਮਦਮੀ ਟਕਸਾਲ ਵਿਚ ਪੜ੍ਹੀ ਚੱਲੀ ਆ ਰਹੀ ਹੈ, ਜਿਹੜਾ ਕਿ ਰਹਰਾਸਿ ਬਾਣੀ ਪੜ੍ਹਨ ਦਾ ਗੁਰਮਤਿ ਦਾ ਅਸੂਲ ਸੀ। ਪਹਿਲੇ ਪੁਰਾਤਨ ਸਮੇਂ ਅਨੁਸਾਰ *'ਪੁਨਿ ਰਾਛਸ ਕਾ ਕਾਟਾ ਸੀਸਾ ॥'* ਜਿਥੋਂ ਕਿ ਪੁਰਾਤਨ ਪੰਜ ਗ੍ਰੰਥੀਆਂ ਵਿਚ ਸ਼ੁਰੂ ਹੁੰਦੀ ਹੈ, ਪੜ੍ਹਿਆ ਕਰਦੇ ਸਨ। ਉਹਨਾਂ ਵਿਚ ਸਿਰਫ਼ ਇਕ ਦੋਹਰਾ :—

*'ਦੋਹਰਾ ॥ ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥'*
[ਦਸਮ, ਅੰਗ—੧੯੨]

ਨਹੀਂ ਆਉਂਦਾ। ਉਸ ਦੀ ਖੋਜ ਕਰਨ ਤੋਂ ਕਿ ਇਹ ਕਿਵੇਂ ਆ ਗਿਆ, ਪਤਾ ਲਗਾ ਕਿ ਡਾਕਟਰ ਭਾਈ ਵੀਰ ਸਿੰਘ ਜੀ ਨੇ ਜੋ ਪੰਜ ਗ੍ਰੰਥੀ ਦਾ ਟੀਕਾ ਕੀਤਾ ਹੈ, ਉਸ ਵਿਚ ਇਹ ਦੋਹਰਾ ਲਿਖਿਆ ਹੈ।

ਇਕ ਹੋਰ ਛਾਪੇ ਵਾਲੀ ਪੰਜ ਗ੍ਰੰਥੀ ਰੋਪੜ ਦੇ ਇਲਾਕੇ ਖਿਜਰਾਬਾਦ ਤੋਂ ਇਕ ਪੁਰਾਣੇ ਪੁਜਾਰੀ ਸਿੰਘ ਤੋਂ ਮਿਲੀ ਸੀ, ਇਸ ਵਿਚ ਵੀ ਇਹ ਦੋਹਰਾ ਲਿਖਿਆ ਹੋਇਆ ਹੈ। ਇਸ ਪੁਜਾਰੀ ਦਾ ਬਜ਼ੁਰਗ, ਗੁਰਬਾਣੀ ਦੀਆਂ ਪੋਥੀਆਂ ਦਾ ਲਿਖਾਰੀ, ਨਾਭੇ ਵਾਲੇ ਰਾਜੇ ਹੀਰਾ ਸਿੰਘ ਪਾਸ ਰਿਹਾ ਕਰਦਾ ਸੀ। ਇਹ ਪੰਜ ਗ੍ਰੰਥੀ ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼ ਭਿੰਡਰੀਂ ਪੁਸਤਕਾਲੇ ਵਿਚ ਮੌਜੂਦ ਹੈ।

ਉਪਰੋਕਤ ਦੋਹਰੇ ਬਾਰੇ ਥੋੜ੍ਹੀ ਜਿਹੀ ਹੋਰ ਵਿਚਾਰ ਹੈ ਕਿ ਆਮ ਪੰਜ ਗ੍ਰੰਥੀਆਂ ਵਿਚ ਇਹ ਦੋਹਰਾ :—

*'ਦੋਹਰਾ ॥ ਅਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥'*

ਇਸ ਰੂਪ ਅੰਦਰ ਹੈ। ਭਾਵ ਜੋ 'ਅਕਾਲ' ਪਦ ਇਸ ਵਿਚ ਲਿਖ ਦਿੱਤਾ ਹੈ, ਉਸ ਦੀ ਥਾਂ ਸ਼ੁੱਧ ਪਾਠ 'ਕਾਲ' ਹੈ। ਇਸ ਦਾ ਸਹੀ ਹਵਾਲਾ ਪੁਰਾਤਨ ਦਸਮ ਗ੍ਰੰਥ ਸੰਪੂਰਨ ਸਰੂਪ ਅਤੇ ਪੁਰਾਤਨ ਦਸਮ ਗ੍ਰੰਥ ਦੀਆਂ ਪੋਥੀਆਂ ਵਿਚੋਂ ਮਿਲਦਾ ਹੈ। ਯਥਾ :—

*'ਦੋਹਰਾ ॥ ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥'*
[ਦਸਮ, ਅੰਗ—੧੯੨]

ਇਸ ਲਈ ਹੀ ਭਿੰਡਰਾਂਵਾਲੀ ਸੰਪ੍ਰਦਾਇ ਵੱਲੋਂ :—

*'ਦੋਹਰਾ ॥ ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥'*

[ਦਸਮ, ਅੰਗ—੧੯੨]

ਸ਼ੁੱਧ ਜਾਣ ਕੇ ਪੜ੍ਹਿਆ ਜਾਂਦਾ ਹੈ ਅਤੇ ਸੰਪ੍ਰਦਾਇ ਵੱਲੋਂ ਛਪੇ ਹੋਏ ਗੁਟਕਿਆਂ ਵਿਚ ਵੀ ਲਿਖ ਦਿੱਤਾ ਗਿਆ ਹੈ, ਜੋ ਸ਼ੁੱਧ ਹੈ, ਜਿਵੇਂ *'ਕਬਯੋ ਬਾਚ ਬੇਨਤੀ ॥ ਚੌਪਈ ॥'* ਅੰਦਰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਕਾਲ' ਪਦ ਦੀ ਬਹੁਤ ਵਰਤੋਂ ਕੀਤੀ ਹੈ। ਯਥਾ :—

*'ਕਾਲ ਪਾਇ ਬ੍ਰਹਮਾ ਬਪੁ ਧਰਾ ॥*
*ਕਾਲ ਪਾਇ ਸਿਵਜੂ ਅਵਤਰਾ ॥*
*ਕਾਲ ਪਾਇ ਕਰਿ ਬਿਸਨ ਪ੍ਰਕਾਸਾ ॥*
*ਸਕਲ ਕਾਲ ਕਾ ਕੀਆ ਤਮਾਸਾ ॥੭॥'* [ਦਸਮ, ਅੰਗ—੧੨੪੪]

ਜਿਸ ਦਾ ਅਰਥ ਸਭ ਜਗਤ ਦਾ ਕਰਤਾ, ਹਰਤਾ, ਧਰਤਾ, ਅਕਾਲ ਪੁਰਖ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਸਮ ਗ੍ਰੰਥ ਵਿਚ ਜਿਥੇ ਚਉਬੀਸ ਅਵਤਾਰਾਂ ਦਾ ਵਰਨਣ ਆਰੰਭ ਕੀਤਾ ਹੈ, ਉਥੇ ਚੌਪਈ ਦੇ ਨੌਂ ਨੰਬਰ ਛੰਦ ਵਿਚ ਇਸ ਦਾ ਲੱਛਣ ਵਰਨਣ ਕੀਤਾ ਹੈ। ਯਥਾ :—

*'ਚੌਪਈ ॥ ਅੰਤ ਕਰਤ ਸਭ ਜਗ ਕੋ ਕਾਲਾ ॥*
*ਨਾਮ ਕਾਲ ਤਾ ਤੇ ਜਗ ਡਾਲਾ ॥*
*ਸਮੈ ਸੰਤ ਪਰ ਹੋਤ ਸਹਾਈ ॥*
*ਤਾ ਤੇ ਸੰਖਯਾ ਸੰਤ ਸੁਨਾਈ ॥੯॥'* [ਦਸਮ, ਅੰਗ—੧੫੬]

ਜਿਸ ਦਾ ਭਾਵ ਆਪ ਹੀ ਵਾਹਿਗੁਰੂ ਸਾਰੇ ਜਗਤ ਨੂੰ ਕਰਦਾ ਹੈ, ਮੱਧ ਵਿਚ ਸਭ ਜਗਤ ਦੀ ਪਾਲਣਾ ਕਰਦਾ ਹੈ ਤੇ ਫਿਰ ਅਖ਼ੀਰ 'ਤੇ ਸਭ ਸੰਸਾਰ ਨੂੰ **ਕਾਲ** = ਲੈ ਕਰ ਦਿੰਦਾ ਹੈ। ਇਸ ਲਈ ਉਸ ਦਾ ਨਾਮ ਜਗਤ ਵਿਚ ਕਾਲ ਕਰਕੇ **ਡਾਲਾ** = ਪਾ ਦਿੱਤਾ ਹੈ। ਐਸੇ ਗ੍ਰੰਥ ਕਰਤਾ ਦੇ ਸੰਕੇਤਕ ਸ਼ਬਦਾਂ ਨੂੰ ਵਿਦਵਾਨ 'ਪਰਿਭਾਸ਼ਕ' ਸ਼ਬਦ ਕਿਹਾ ਕਰਦੇ ਹਨ, ਜੋ ਹੋਰ ਗ੍ਰੰਥਾਂ ਵਿਚ ਨਹੀਂ ਮਿਲਿਆ ਕਰਦੇ ਪਰ ਉਸ ਦੇ ਆਪਣੇ ਮੁੱਖ ਛੂਛ ਕੀਤੇ ਹੋਏ ਐਸੇ ਸ਼ਬਦ ਹੋਇਆ ਕਰਦੇ ਹਨ, ਜੋ ਸਾਰਥਕ ਹੁੰਦੇ ਹਨ। ਜਿਵੇਂ ਅੱਗੇ ਇਸੇ ਨੌਂਵੀਂ ਚੌਪਈ ਛੰਦ ਵਿਚ ਪ੍ਰਮੇਸ਼ਰ ਨੂੰ ਸੰਤ ਪਦ ਦੀ ਸੰਗਿਆ ਦਿੰਦੇ ਹੋਇਆਂ ਅਰਥ ਕਰਦਿਆਂ ਫ਼ੁਰਮਾਇਆ ਹੈ :—

*'ਸਮੈ ਸੰਤ ਪਰ ਹੋਤ ਸਹਾਈ ॥ ਤਾ ਤੇ ਸੰਖਯਾ ਸੰਤ ਸੁਨਾਈ ॥੯॥'*

[ਦਸਮ, ਅੰਗ—੧੫੬]

DAMDAMI TAKSAAL.ORG



ਜਿਸ ਵਿਚ ਸੰਤ ਪਦ ਦਾ ਵਿਆਕਰਣ ਦੀ ਰੀਤੀ ਅਨੁਸਾਰ ਸੰਧੀ ਕੱਢ ਕੇ **ਸ + ਅੰਤ** = ਸ = ਉਹ ਅੰਤ ਸਮੇਂ 'ਤੇ (ਆਪਣਿਆਂ ਭਗਤਾਂ ਦਾ) ਸਹਾਇਕ ਹੁੰਦਾ ਹੈ। ਯਥਾ :—

*'ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥'*

[ਆਸਾ ਮਹਲਾ ੪, ਅੰਗ—੪੫੧]

ਇਸੇ ਲਈ ਉਸਦੇ ਨਾਮ ਦੀ ਸੰਖਿਆ—ਗਿਣਤੀ 'ਸੰਤ' ਪਦ ਕਰਕੇ ਸੁਣਾ ਦਿੱਤੀ ਹੈ। ਇਸ ਲਈ ਖ਼ਿਆਲ ਕੀਤਾ ਜਾਂਦਾ ਹੈ ਕਿ ਛਾਪੇ ਵਾਲਿਆਂ ਨੇ ਜੋ 'ਅਕਾਲ' ਪਦ ਛਾਪ ਦਿੱਤਾ ਹੈ, ਉਹ ਇਹ ਸਮਝ ਕੇ ਕਿ 'ਕਾਲ' ਪਦ ਠੀਕ ਨਹੀਂ ਹੈ, ਅਕਾਲ ਪਦ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਗੁਰਸਿੱਖਾਂ ਅੰਦਰ ਅਕਾਲ ਪਦ ਦੀ ਵਰਤੋਂ ਹੀ ਪ੍ਰਚਲਤ ਹੈ। ਪਰ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਦੀ ਰਚਨਾ ਅਨੁਸਾਰ ਅਸ਼ੁੱਧ ਹੈ। ਉਹਨਾਂ ਦਾ ਆਪਣਾ 'ਪਰੀਭਾਸ਼ਕ' ਸ਼ਬਦ ਹੈ, ਜਿਵੇਂ ਉੱਪਰ ਦਸ ਹੀ ਆਏ ਹਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਸਥਾਪਤ ਕੀਤਾ। ਭਾਈ ਸਾਹਿਬ ਜੀ ਪੁਰਾਤਨ ਪੰਜ ਗ੍ਰੰਥੀ ਵਾਲੀ ਰਹਰਾਸਿ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਪੜ੍ਹਦੇ ਰਹੇ। ਜਦੋਂ ਸੰਮਤ ੧੯੭੭, ਸੰਨ ੧੯੨੦ ਈ: ਵਿਚ ਸੈਂਟਰ ਮਾਝਾ ਵਾਲਿਆਂ 'ਗੜਗੱਜਾਂ' ਨੇ ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਕਬਜ਼ਾ ਕੀਤਾ ਸੀ ਅਤੇ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਆ ਹੈੱਡ ਗ੍ਰੰਥੀ ਬਣਿਆ, ਉਸ ਵਕਤ ਰਹਰਾਸਿ ਬਦਲੀ ਗਈ। ਇਹਨਾਂ ਸਾਰਿਆਂ ਸਲਾਹਾਂ ਕੀਤੀਆਂ ਕਿ ਜਿਸ ਤਰ੍ਹਾਂ ਪੰਜ ਖੰਡੀਆਂ ਭਸੌੜੀਆਂ ਨੇ ਰਹਰਾਸਿ ਘਟਾਈ ਹੈ, ਸਾਨੂੰ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਤਨੀ ਹੀ ਰਹਰਾਸਿ ਪੜ੍ਹਨੀ ਚਾਹੀਦੀ ਹੈ। ਪੰਜ ਖੰਡੀਆਂ ਭਸੌੜੀਆਂ ਨੇ ਚੌਪਈ ਸਾਹਿਬ ਦੀਆਂ ੨੫ ਪਉੜੀਆਂ, ਅਨੰਦੁ ਸਾਹਿਬ ਦੀਆਂ ਪੰਜ ਪਉੜੀਆਂ, ਛੇਵੀਂ ਅਖ਼ੀਰਲੀ ਪਉੜੀ (*ਅਨਦੁ ਸੁਣਹੁ ਵਡਭਾਗੀਹੋ*), *ਮੁੰਦਾਵਣੀ ਮਹਲਾ ੫ ॥*, *'ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ..... ॥'* ਪੜ੍ਹ ਕੇ ਮਗਰਲੇ ਤਿੰਨੇ ਸ਼ਬਦ (੧) *'ਤਿਥੈ ਤੂ ਸਮਰਥਿ'* (੨) *'ਅੰਤਰਿ ਗੁਰੁ ਆਰਾਧਣਾ'* (੩) *'ਰਖੇ ਰਖਣਹਾਰਿ'* ਪੜ੍ਹਨੇ ਛੱਡ ਦਿੱਤੇ, ਸਿਰਫ਼ *'ਤੇਰਾ ਕੀਤਾ ਜਾਤੋ ਨਾਹੀ'* ਤੱਕ ਹੀ ਰਹਰਾਸਿ ਪੜ੍ਹਣ ਦਾ ਫੈਸਲਾ ਕੀਤਾ ਸੀ, ਇਸ ਲਈ ਸੈਂਟਰ ਮਾਝਾ ਵਾਲੇ ਗੜਗੱਜਾਂ ਨੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਏਨੀ ਹੀ ਰਹਰਾਸਿ ਪੜ੍ਹਣ ਦੀ ਵਿਚਾਰ ਬਣਾਈ। ਅੰਦਰਖ਼ਾਤੇ ਇਹ ਸਲਾਹ ਕਰਕੇ ਬਿਕ੍ਰਮੀ ੧੯੮੦, ਸੰਨ ੧੯੨੩ ਈ: ਵਿਚ ਦਰਬਾਰ ਸਾਹਿਬ ਵਿਖੇ ਘੱਟ ਰਹਰਾਸਿ ਪੜ੍ਹੀ ਗਈ। ਜਦੋਂ ਅਰਦਾਸ ਕਰਨ ਲੱਗੇ ਤਾਂ ਸੰਗਤ ਉੱਠੀ ਨਹੀਂ ਅਤੇ ਬਾਕੀ ਰਹਿੰਦੀ ਰਹਰਾਸਿ ਸੰਗਤ ਨੇ ਪੜ੍ਹਨੀ ਜਾਰੀ ਰੱਖੀ, ਰੌਲਾ ਬਹੁਤ ਪੈ ਗਿਆ। ਉਸ ਸਮੇਂ ਤਾਂ ਪ੍ਰਬੰਧਕ ਚੁੱਪ ਕਰ ਗਏ।

ਫੇਰ ਬਿਕ੍ਰਮੀ ੧੯੮੩, ਸੰਨ ੧੯੨੬ ਈ: ਵਿਚ ਯਤਨ ਕੀਤਾ, ਸਫਲਤਾ ਨਾ ਹੋਈ, ਰੌਲਾ ਬਹੁਤ ਪੈਣਾ ਸ਼ੁਰੂ ਹੋ ਗਿਆ। ਜਦੋਂ ਕੋਈ ਗੁਰਮਤਿ ਦੇ ਅਸੂਲਾਂ ਤੋਂ ਥਿੜਕ ਜਾਏ, ਫਿਰ ਉਹ ਆਪਣੇ ਬਣਾਏ ਅਸੂਲ ਲਾਗੂ ਕਰਨ ਵਾਸਤੇ ਹਰ ਤਰ੍ਹਾਂ ਦੇ ਯਤਨ ਕਰਦਾ ਹੈ। ਬਿਕ੍ਰਮੀ ੧੯੮੭, ਸੰਨ ੧੯੩੦ ਈ: ਵਿਚ ਫਿਰ ਯਤਨ ਕੀਤਾ, ਪਰ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਅਤੇ ਪੰਥ ਵਿਚ ਵਾਦ-ਵਿਵਾਦ ਚੱਲ ਪਿਆ। ਪੇਪਰਾਂ ਤੱਕ ਵੀ ਝਗੜਾ ਚਲਿਆ ਗਿਆ। ਕਿਸੇ ਸਿਆਸੀ ਡੂੰਘੀ ਚਾਲ ਸਦਕਾ ਗੜਗੱਜ ਖ਼ਾਲਸਾ ਵਾਲਿਆਂ ਨੇ ਪੰਜ ਖੰਡੀਆਂ ਵਾਲੇ ਖਰੜੇ ਦੀ ਰਹਰਾਸਿ ਪਾਸ ਕਰਕੇ ਬਿਕ੍ਰਮੀ ੧੯੮੯, ਸੰਨ ੧੯੩੨ ਈ: ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸ ਰਹਰਾਸਿ ਦਾ ਪਾਠ ਕਰਨ ਬਾਅਦ ਅਰਦਾਸ ਸ਼ੁਰੂ ਕੀਤੀ। ਸੰਗਤਾਂ ਨਾ ਉੱਠੀਆਂ। ਸਾਰੀ ਸੰਗਤ ਨੇ ਰਹਰਾਸਿ ਆਪ ਪੂਰੀ ਪੜ੍ਹੀ। ਅਰਦਾਸੀਆ ਇਕੱਲਾ ਖਲੋਤਾ ਰਿਹਾ। ਅਗਲੇ ਦਿਨ ਪ੍ਰਬੰਧਕਾਂ ਨੇ ਬਾਹਰੋਂ ਦੋ ਸੌ ਆਦਮੀ ਲਿਆ ਕੇ ਸੰਗਤ ਵਿਚ ਅੱਗੇ ਬਿਠਾ ਲਏ। ਤਰੀਕੇ ਅਨੁਸਾਰ ਰਹਰਾਸਿ ਪੜ੍ਹੀ, ਅਰਦਾਸ ਕਰਨ ਲੱਗ ਪਏ ਤਾਂ ਦੋ ਸੌ ਸੇਵਾਦਾਰ ਅੱਗੇ ਖਲੋਅ ਗਏ, ਸੰਗਤ ਪਿੱਛੇ ਬੈਠੀ ਰਹੀ। ਇਸ ਤਰ੍ਹਾਂ ਸੰਨ ੧੯੩੨ ਈ: ਵਿਚ ਧੱਕੇ ਨਾਲ ਆਪਣੀ ਮਰਜ਼ੀ ਦੀ ਰਹਰਾਸਿ ਸ਼ੁਰੂ ਕੀਤੀ, ਜੋ ਅੱਜ ਤੱਕ ਸ਼੍ਰੋਮਣੀ ਕਮੇਟੀ ਵਿਚ ਪ੍ਰਚੱਲਤ ਹੈ।

ਪਹਿਲਾਂ ਸਾਰੀ ਰਹਰਾਸਿ ਜਿਵੇਂ ਪੰਜ ਗ੍ਰੰਥੀਆਂ ਵਿਚ ਆਉਂਦੀ ਹੈ, ਸਾਰੇ ਤਖ਼ਤ ਸਾਹਿਬਾਂ 'ਤੇ, ਸਿੱਖ ਸ਼੍ਰੇਣੀਆਂ, ਨਿਰਮਲੇ, ਉਦਾਸੀਆਂ ਦੇ ਡੇਰਿਆਂ ਅਤੇ ਸਿੰਘ ਸਭਾਵਾਂ ਵਿਚ ਪੜ੍ਹੀ ਜਾਂਦੀ ਸੀ। ਜਿਸ ਵਕਤ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਅਤੇ ਪੰਜ ਖੰਡੀਆ ਦੀਵਾਨ ਬਣਿਆ, ਉਦੋਂ ਦੀ ਇਹਨਾਂ ਨੇ ਬਾਣੀ ਘਟਾਉਣੀ ਸ਼ੁਰੂ ਕੀਤੀ। ਉਦੋਂ ਦੀ ਅਕਾਲੀ ਲਹਿਰ ਨੇ ਉਹੋ ਜਿਹੇ ਗੁਟਕੇ ਛਾਪ ਦਿੱਤੇ। ਉਹੋ ਜਿਹਾ ਪ੍ਰਚਾਰ ਕਰ ਦਿੱਤਾ। ਇਸ ਤਰੀਕੇ ਨਾਲ ਇਹ ਰਹਰਾਸਿ ਦੀ ਪੁਰਾਣੀ ਮਰਯਾਦਾ ਬੰਦ ਹੋਈ।

ਸੋ, ਰਹਰਾਸਿ ਦਾ ਅਸਲੀ ਸਰੂਪ ਜਿਵੇਂ ਸਤਿਗੁਰੂ ਸਾਹਿਬ ਵੱਲੋਂ ਪ੍ਰਚੱਲਤ ਕੀਤਾ ਗਿਆ ਸੀ, ਸਮੂਹ ਸਿੱਖਾਂ ਨੂੰ ਉਸੇ ਹੀ ਮਰਯਾਦਾ ਅਨੁਸਾਰ ਉਸੇ ਯਕੀਨ ਨਾਲ ਰਹਰਾਸਿ ਪੜ੍ਹਨੀ ਚਾਹੀਦੀ ਹੈ। ਉਸੇ ਤਰ੍ਹਾਂ ਪੜ੍ਹ ਕੇ ਹੀ ਅਸੀਂ ਸਤਿਗੁਰਾਂ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਸਿੱਖ ਕਹਾ ਸਕਦੇ ਹਾਂ। ਜੇ ਆਪਣੀ ਮਰਜ਼ੀ ਕਰਾਂਗੇ ਤੇ ਪਾਰਟੀਆਂ ਵਿਚ ਪੈ ਕੇ ਝਗੜਿਆਂ ਵਿਚ ਪਏ ਰਹਾਂਗੇ ਤਾਂ ਨਿਸਚਾ ਸਾਡਾ ਖ਼ਰਾਬ ਹੋਵੇਗਾ। ਸੋ, ਪੁਰਾਤਨ ਮਰਯਾਦਾ ਸ੍ਰੀ ਸਤਿਗੁਰੂ ਸਾਹਿਬ ਜੀ ਕਾਇਮ ਰੱਖਣ, ਤਾਂ ਹੀ ਚੰਗਾ ਹੈ।

ਭਾਈ! ਅੱਧੀ ਬਾਣੀ ਪੜ੍ਹਨ ਕਰਕੇ ਇਕ ਤਾਂ ਫਲ (ਮਹਾਤਮ) ਘੱਟ ਪ੍ਰਾਪਤ ਹੁੰਦਾ ਹੈ ਅਤੇ ਪੁੰਨ ਦੀ ਬਜਾਏ ਸਿਰ 'ਤੇ ਪਾਪ ਚੜ੍ਹਦਾ ਹੈ। ਜਦੋਂ ਸਤਿਗੁਰਾਂ ਤੋਂ

DAMDAMI TAKSAAL.ORG



ਬੇਮੁਖ ਹੋ ਕੇ ਅੱਧੀ ਬਾਣੀ ਪੜ੍ਹਦੇ ਹਾਂ, ਫਿਰ ਸੁਖ ਕਿਥੋਂ ? ਤੇ ਸਾਡੀਆਂ ਅਰਦਾਸਾਂ ਕਿਵੇਂ ਪੂਰੀਆਂ ਹੋਣ ? ਜਦੋਂ ਅਸੀਂ ਸਤਿਗੁਰੂ ਦੇ ਹੁਕਮਾਂ ਤੋਂ ਤਾਂ ਉਲਟ ਜਾ ਰਹੇ ਹਾਂ।

ਇਕ ਵਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਬਾਰੇ ਮੀਟਿੰਗ 'ਤੇ ਸ੍ਰੀ ਅੰਮ੍ਰਿਤਸਰ ਆਏ। ਮੀਟਿੰਗ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਅੱਛਰ ਸਿੰਘ ਜੀ ਨਾਲ ਗੁਰਬਾਣੀ ਬਾਰੇ ਪਿਆਰ ਨਾਲ ਵੀਚਾਰ ਹੋ ਰਹੀ ਸੀ ਤਾਂ ਮਹਾਂਪੁਰਖਾਂ ਭਰੇ ਹੋਇ ਹਿਰਦੇ ਤੇ ਦੁਖ ਨਾਲ ਕਿਹਾ, "ਜਥੇਦਾਰ ਜੀ! ਜਿਉਂ-ਜਿਉਂ ਅਸੀਂ ਬਾਣੀ ਘਟਾ ਰਹੇ ਹਾਂ, ਤਿਉਂ-ਤਿਉਂ ਸਾਨੂੰ ਮਾਰ ਪੈ ਰਹੀ ਹੈ। ਜਥੇਦਾਰ ਜੀ! ਸਤਿਗੁਰਾਂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਦੱਸੋ, ਤੁਸੀਂ ਨਿੱਤਨੇਮ ਵਿਚ ਛੇ ਪਉੜੀਆਂ ਅਨੰਦੁ ਸਾਹਿਬ ਦੀਆਂ ਪੜ੍ਹਦੇ ਹੋ ਕਿ ਸਾਰਾ ?"

ਜਥੇਦਾਰ ਜੀ ਨੇ ਕਿਹਾ, "ਜੀ! ਸਾਰਾ ਪੜ੍ਹਦਾ ਹਾਂ।"

ਤਾਂ ਸੰਤਾਂ ਕਿਹਾ, "ਜਥੇਦਾਰ ਜੀ! ਤੁਹਾਡੇ ਸਾਈਨ ਹੋ ਕੇ ਰਹਿਤ ਮਰਯਾਦਾ ਪ੍ਰਵਾਨ ਹੋਈ। ਉਥੇ ਛੇ ਪਉੜੀਆਂ ਲਿਖੀਆਂ ਹਨ।"

ਤਾਂ ਉੱਤਰ ਸੀ, "ਜੀ! ਉਹ ਜਥੇਬੰਦੀ ਦਾ ਕੰਮ ਹੈ।"

ਸੰਤਾਂ ਕਿਹਾ, "ਜਥੇਦਾਰ ਜੀ! ਆਪ ਤੁਸੀਂ ਗੁਰਮਤਿ 'ਤੇ ਚੱਲ ਰਹੇ ਹੋ ਅਤੇ ਜਥੇਬੰਦੀ ਦੇ ਨਿਯਮ ਮਨ-ਮਰਜ਼ੀ ਨਾਲ ਤੁਰ ਰਹੇ ਹਨ। ਏਸੇ ਹੀ ਕਾਰਨ ਹੁਣ ਮੰਗਲ ਬਦਲੇ ਗਏ। ਜਥੇਦਾਰ ਜੀ! ਤੁਸੀਂ ਜੋ ਪੰਥ ਵਿਚ ਰਾਗ ਮਾਲਾ ਸਬੰਧੀ ਝਗੜਾ ਸੁਣ ਰਹੇ ਹੋ, ਇਸ ਦਾ ਹੱਲ ਹੋ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਪਾਸੋਂ ਕਰਤਾਰਪੁਰ ਵਾਲੀ ਬੀੜ ਲਿਖਵਾਈ ਹੈ। ਇਤਿਹਾਸ ਰਾਹੀਂ ਸਿੱਖ ਜਗਤ ਇਸ ਗੱਲ ਨੂੰ ਮੰਨਦਾ ਹੈ। ਅੱਜ ਦੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਕਾਗਜ਼, ਸਿਆਹੀ, ਲਿਖਾਈ, ਕਲਮ ਪਰਖ ਕਰਵਾਈ ਜਾਵੇ, ਜੇ ਰਾਗ ਮਾਲਾ ਅਤੇ ਗੁਰਬਾਣੀ ਇਕੋ ਕਾਗਜ਼, ਸਿਆਹੀ, ਕਲਮ ਦੀ ਲਿਖਾਈ ਹੈ, ਫਿਰ ਝਗੜਾ ਕਾਹਦਾ ? ਦੂਜੀ ਵੀਚਾਰ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖ਼ਾਲਸਾ ਪੰਥ ਦਾ ਇਕੱਠ ਬੁਲਾਓ। ਜੋ ਪੰਥ ਫੈਸਲਾ ਕਰੇ ਅਰਦਾਸ ਰਾਹੀਂ ਜਾਂ ਪਰਚੀਆਂ ਪਾਉਣ ਰਾਹੀਂ ਜਾਂ ਕਿਸੇ ਤਰ੍ਹਾਂ ਕੋਈ ਫੈਸਲਾ ਪੰਥਕ ਇਕੱਠ ਕਰੇ, ਉਸਨੂੰ ਸਾਰਾ ਪੰਥ ਮੰਨੇ।"

'੧ੴ' ਤੋਂ ਲੈ ਕੇ *'ਅਠਾਰਹ ਦਸ ਬੀਸ'* ਤੱਕ ਕਿਸੇ ਸਿੱਖ ਜਾਂ ਜਥੇਬੰਦੀ ਨੂੰ ਕੋਈ ਹੱਕ ਨਹੀਂ ਹੋਣਾ ਚਾਹੀਦਾ ਕਿ ਸਤਿਗੁਰਾਂ ਦੀ ਸੰਪੂਰਨ ਬੀੜ 'ਤੇ ਹੱਥ ਚੁੱਕੇ, ਬਾਣੀ ਕੱਢੇ ਜਾਂ ਅੱਗੇ ਪਿੱਛੇ ਕਰੇ। ਹੋਰ ਵੀ ਕਾਫੀ ਗੁਰਮਤਿ ਸਬੰਧੀ ਵੀਚਾਰਾਂ ਹੋਈਆਂ। ਜਥੇਦਾਰ ਜੀ ਦਾ ਮਹਾਂਪੁਰਖਾਂ ਨਾਲ ਸਿੱਖੀ ਨਾਤੇ ਦਿਲੀ ਪਿਆਰ ਸੀ।

## ਸੰਤਾਂ ਅਤੇ ਸਿੰਘਾਂ ਦਾ ਸਤਿਕਾਰ

ਸੰਤ ਜੀ ਦੂਜੇ ਸਿੰਘ ਸਾਹਿਬਾਨਾਂ, ਜਥੇਦਾਰਾਂ ਅਤੇ ਮਹਾਤਮਾਵਾਂ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਜਾਂ ਕਿਸੇ ਤਖ਼ਤ ਸਾਹਿਬ ਦੇ ਜਥੇਦਾਰ ਆਉਂਦੇ ਸਨ ਤਾਂ ਸੰਤ ਜੀ ਆਪ ਪੈਂਦ ਵੱਲ ਅਤੇ ਉਨ੍ਹਾਂ ਨੂੰ ਸਿਰਹਾਣੇ ਵੱਲ ਬਿਠਾਉਂਦੇ ਸਨ। ਉਹਨਾਂ ਦੇ ਹੁੰਦਿਆਂ ਕਦੇ ਵੀ ਉੱਚੇ ਥਾਂ ਜਾਂ ਉਚੇਰੇ ਆਸਣ 'ਤੇ ਨਹੀਂ ਸਨ ਬੈਠਦੇ। ਜਿੰਨੀ ਸ਼ਰਧਾ ਇਨ੍ਹਾਂ ਦੇ ਮਨ ਵਿਚ ਸੇਵਾ ਵਾਲੇ ਮਹਾਤਮਾ ਪੁਰਖਾਂ ਬਾਰੇ ਸੀ, ਉਤਨੀ ਸ਼ਾਇਦ ਹੀ ਕਿਸੇ ਹੋਰ ਬਾਰੇ ਹੋਵੇ। ਸਭ ਤੋਂ ਵੱਧ ਤੇ ਇਥੋਂ ਤੱਕ ਜੇਕਰ ਸੰਤ ਡਰਦੇ ਸਨ ਤਾਂ ਪਰਮਾਤਮਾ ਤੋਂ ਅਤੇ ਦੂਜੇ ਨੰਬਰ 'ਤੇ ਇਨ੍ਹਾਂ ਮਹਾਤਮਾਂ ਪੁਰਖਾਂ ਪਾਸੋਂ। ਜੋ ਬਚਨ ਇਹ ਮਹਾਤਮਾਂ ਕਰਨ, ਸੰਤ ਫ਼ੌਰਨ ਹੱਥ ਜੋੜ ਕੇ ਸਤਿਬਚਨ ਕਹਿ ਕੇ ਪ੍ਰਵਾਨ ਕਰਦੇ ਸਨ।

ਸੰਤਾਂ ਨੂੰ ਕਈ ਵਾਰੀ ਇਹ ਕਹਿੰਦਿਆ ਸੁਣਿਆ ਹੈ ਕਿ ਕਾਰ ਸੇਵਾ ਵਾਲੇ ਬਾਬਿਆਂ ਵਿਚ ਏਨੀ ਸ਼ਕਤੀ ਹੈ ਕਿ ਜੇ ਚਾਹੁਣ ਤਾਂ ਨੀਂਹਾਂ ਤੋਂ ਲੈ ਕੇ ਕਲਸ ਤੱਕ ਗੁਰਦੁਆਰਿਆਂ ਦੀਆਂ ਇਮਾਰਤਾਂ ਸੋਨੇ ਦੀਆਂ ਬਣਵਾ ਦੇਣ। ਇਹ ਗੱਲ ਇਨ੍ਹਾਂ ਵਾਸਤੇ ਬਹੁਤ ਮਾਮੂਲੀ ਹੈ। ਇਹ ਕਾਰ ਸੇਵਾ ਵਾਲੇ ਬਾਬੇ ਧੰਨ ਹਨ ਕਿ ਮੁਖੋਂ ਸਤਿਨਾਮੁ ਵਾਹਿਗੁਰੂ ਦਾ ਜਾਪ ਤੇ ਸਿਰ 'ਤੇ ਟੋਕਰੀ, ਸਿਮਰਨ ਤੇ ਸੇਵਾ ਇਕੱਠੇ ਹੀ ਕਰੀ ਜਾਂਦੇ ਹਨ। ਸੰਤ ਜੀ ਸਿੰਘਾਂ ਨੂੰ ਬਹੁਤ ਵਾਰੀ ਆਖਦੇ ਸਨ ਕਿ ਸੇਵਾ ਵਾਲੇ ਬਾਬਿਆਂ ਦਾ ਕਦੇ ਵੀ ਬਚਨ ਨਹੀਂ ਮੋੜਨਾ, ਸਾਰੇ ਕੰਮ ਛੱਡ ਕੇ ਵੀ ਉਨ੍ਹਾਂ ਪਾਸ ਪੁੱਜਣਾ ਹੈ।

ਖ਼ਾਸ ਕਰਕੇ ਬਾਬਾ ਖੜਕ ਸਿੰਘ ਜੀ ਬੀੜ ਬਾਬਾ ਬੁੱਢਾ ਸਾਹਿਬ ਵਾਲੇ, ਬਾਬਾ ਦਯਾ ਸਿੰਘ ਜੀ ਬਿਧੀਚੰਦੀਏ, ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਬਾਬਾ ਬੀਰ ਬਿਕ੍ਰਮਾਜੀਤ ਸਿੰਘ ਜੀ ਅੰਮ੍ਰਿਤਸਰ ਵਾਲੇ, ਬਾਬਾ ਸੇਵਾ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਬਾਬਾ ਹਰੀ ਸਿੰਘ ਜੀ ਤਰਨਤਾਰਨ ਵਾਲੇ ਤੇ ਉਨ੍ਹਾਂ ਦੇ ਜਥੇਦਾਰ, ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ, ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਬਾਬਾ ਹਰਬੰਸ ਸਿੰਘ ਜੀ ਸ੍ਰੀ ਨਾਨਕਮੱਤੇ ਵਾਲੇ, ਸੰਤ ਬਾਬਾ ਸੰਤੋਖ ਸਿੰਘ ਜੀ ਜੋਤੀ ਸਰੂਪ ਫ਼ਤਹਿਗੜ੍ਹ ਸਾਹਿਬ ਵਾਲੇ, ਸੰਤ ਹਰਨਾਮ ਸਿੰਘ ਜੀ 'ਪਾਤਸ਼ਾਹ' ਜੋਗੇਵਾਲ ਵਾਲੇ, ਸੰਤ ਲਛਮਨ ਸਿੰਘ ਜੀ ਗੁਰਦੁਆਰਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਾਲੇ ਆਦਿ ਮਹਾਂਪੁਰਖਾਂ ਨਾਲ ਬਹੁਤ ਪਿਆਰ ਕਰਦੇ ਸਨ।

ਸੰਤਾਂ ਦਾ ਸੁਭਾਅ ਬੜਾ ਹਸਮੁਖ ਸੀ। ਹਰ ਸਿੰਘ ਨਾਲ ਭਰਾਵਾਂ ਵਾਂਗ ਪਿਆਰ ਕਰਦੇ ਸਨ, ਜੇ ਕੋਈ ਬਰਾਬਰ ਨਾ ਬੈਠੇ ਤਾਂ ਖਿੱਚ ਕੇ ਨਾਲ ਬਿਠਾ ਲੈਂਦੇ ਸਨ। ਗ਼ਲਤੀ ਸਮੇਂ ਸਿੰਘ ਨੂੰ ਤਾੜਨ ਤੋਂ ਬਾਅਦ ਉਸ ਪਾਸੋਂ ਮੁਆਫ਼ੀ ਮੰਗ ਲੈਂਦੇ ਸਨ ਕਿ ਕੋਈ ਵੀ ਸਿੰਘ ਦਿਲੋਂ ਮਹਿਸੂਸ ਨਾ ਕਰੇ। ਯੂ.ਪੀ. ਦੇ ਪਿੰਡ ਲਖਾਅ ਵਿਚ ਸੰਤਾਂ

DAMDAMI TAKSAAL.ORG



ਨੇ ੨੫ ਸਿੰਘਾਂ ਨੂੰ ਆਪ ਦਹੀਂ ਨਾਲ ਮਲ-ਮਲ ਕੇ ਕੇਸੀਂ ਇਸ਼ਨਾਨ ਕਰਵਾਇਆ। ਜਿਸ 'ਤੇ ਵੇਖਣ ਵਾਲੀ ਸੰਗਤ ਬਹੁਤ ਹੈਰਾਨ ਹੋਈ ਕਿ ਸੰਤ ਜੀ ਸਿੰਘਾਂ ਨੂੰ ਆਪ ਇਸ਼ਨਾਨ ਕਰਾਉਂਦੇ ਹਨ। ਜਥੇ ਦੇ ਸਿੰਘਾਂ ਦਾ ਆਪ ਬਹੁਤ ਸਤਿਕਾਰ ਕਰਦੇ ਸਨ ਅਤੇ ਆਪਣੇ ਨਾਲੋਂ ਸਿੰਘਾਂ ਦਾ ਬਹੁਤਾ ਸਤਿਕਾਰ ਕਰਵਾ ਕੇ ਖ਼ੁਸ਼ ਹੁੰਦੇ ਸਨ।

ਸੰਤ ਜੀ ਸਾਰੇ ਜਥੇ ਨੂੰ ਕਦੇ ਨਹੀਂ ਸਨ ਤਾੜਦੇ, ਇਕੱਲੇ-ਇਕੱਲੇ ਸਿੰਘ ਨੂੰ ਤਾੜ ਲੈਂਦੇ ਸਨ, ਕਿਉਂਕਿ ਸਾਰਾ ਜਥਾ ਸੰਗਤ ਰੂਪ ਸਮਝਿਆ ਜਾਂਦਾ ਹੈ। ਦੋ ਮਹੀਨੇ ਮਹਿਤੇ ਰਹਿ ਕੇ ਸੰਤਾਂ ਨੇ ਦਰਸ਼ਨੀ ਡਿਉਢੀ, ਲੰਗਰ ਦੇ ਹਾਲ ਅਤੇ ਸਟੋਰ ਦੀ ਸੇਵਾ ਕਰਵਾਈ। ਸਵੇਰ ਤੋਂ ਰਾਤ ਦੇ ੧੦-੧੦ ਵਜੇ ਤੱਕ ਆਪ ਨਾਲ ਲੱਗ ਕੇ ਸੇਵਾ ਕਰਾਉਂਦੇ ਰਹੇ। ਸੇਵਾ ਦੇ ਦਿਨਾਂ ਵਿਚ ਇਕ ਦਿਨ ਬਾਰਸ਼ਾਂ ਨਾਲ ਰਸਤੇ ਖ਼ਰਾਬ ਸਨ, ਪਰ ਫਿਰ ਵੀ ਮਹਿਤੇ ਤੋਂ ਸਾਈਕਲ 'ਤੇ ਜਾ ਕੇ ਗੁਰਦੁਆਰਾ ਬਾਬਾ ਰਾਮ ਥੰਮ੍ਹਨ ਖਜਾਲੇ ਵਿਖੇ ਕਥਾ ਕੀਤੀ। ਜਥੇ ਦੇ ਸਿੰਘਾਂ ਅਤੇ ਮਿਸਤਰੀਆਂ ਨੇ ਇਕ ਵੱਖਰਾ ਕਮਰਾ ਸੰਤਾਂ ਵਾਸਤੇ ਬਨਾਉਣਾ ਚਾਹਿਆ, ਪਰ ਮਹਾਂਪੁਰਖਾਂ ਨੇ ਆਪਣੇ ਵਾਸਤੇ ਕਮਰਾ ਬਨਾਉਣ ਦੀ ਆਗਿਆ ਨਾ ਦਿੱਤੀ।

## ਸੰਤਾਂ ਦੀ ਅਖ਼ੀਰਲੀ ਝਾਕੀ

ਜੁਲਾਈ ੧੯੭੭ ਈ: ਵਿਚ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਪਿੰਡ ਰੋਡੇ ਗਏ ਅਤੇ (ਸੰਤ ਗਿਆਨੀ) ਜਰਨੈਲ ਸਿੰਘ ਨੂੰ ਘਰ ਮਿਲੇ। ਉਹਨੀਂ ਦਿਨੀਂ ਪੰਜਾਬ ਵਿਚ ਅਕਾਲੀ ਸਰਕਾਰ ਬਣੀ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਵੱਡੇ ਲੜਕੇ ਭਾਈ ਅਮਰੀਕ ਸਿੰਘ ਭਾਵੇਂ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਪੜ੍ਹ ਰਹੇ ਸਨ, ਪਰੰਤੂ ਉਨ੍ਹਾਂ ਦੀ ਨੌਕਰੀ ਦਾ ਉਪਰਾਲਾ ਕੀਤਾ ਜਾ ਰਿਹਾ ਸੀ ਅਤੇ (ਸੰਤ ਗਿਆਨੀ) ਜਰਨੈਲ ਸਿੰਘ ਇਸ ਕੰਮ ਵਿਚ ਅੱਗੇ ਸਨ। ਇਸ ਕੰਮ ਵਿਚ ਛੇਤੀ ਸਫ਼ਲਤਾ ਪ੍ਰਾਪਤ ਹੁੰਦੀ ਨਜ਼ਰ ਨਹੀਂ ਸੀ ਆ ਰਹੀ। ਇਸ ਮੌਕੇ 'ਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ (ਸੰਤ ਗਿਆਨੀ) ਜਰਨੈਲ ਸਿੰਘ ਨੂੰ ਦੋ ਗੱਲਾਂ ਸਦਾ ਯਾਦ ਰੱਖਣ ਲਈ ਕਹੀਆਂ। ਇਕ ਸੀ ਕਿ ਕਿਸੇ ਰਾਜਨੀਤਕ ਵਿਅਕਤੀ 'ਤੇ ਪੂਰਾ ਵਿਸ਼ਵਾਸ ਨਹੀਂ ਕਰਨਾ ਅਤੇ ਦੂਸਰੀ ਇਹ ਕਿ ਕਿਸੇ ਰਾਜਨੀਤਕ ਵਿਅਕਤੀ ਤੋਂ ਇਹ ਨਹੀਂ ਅਖਵਾਉਣਾ ਕਿ ਕੋਠੀ ਵਿਚੋਂ ਨਿਕਲ ਜਾ।

ਕੁਝ ਦਿਨਾਂ ਪਿੱਛੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਦੁਰਘਟਨਾ ਦਾ ਸ਼ਿਕਾਰ ਹੋਣ ਪਿੱਛੋਂ ਟਕਸਾਲ ਦੀ ਸੇਵਾ ਬਖ਼ਸ਼ੇ ਜਾਣ 'ਤੇ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਸੋਚ ਰਹੇ ਸਨ ਕਿ ਉਪਰੋਕਤ ਸਿਖਿਆਦਾਇਕ ਬਚਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ਜਾਣ

ਬੁੱਝ ਕੇ ਆਉਂਦੇ ਸਮੇਂ ਵਿਚ ਟਕਸਾਲ ਅਤੇ ਇਸ ਦੇ ਮੁਖੀ ਦੀ ਧਾਰਮਿਕ ਸਿਆਸੀ ਭੂਮਿਕਾ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੇ ਹੋਣ।

ਸੰਤ ਗਿਆਨੀ ਜਰਨੈਲ ਸਿੰਘ ਜੀ ਆਪਣੇ ਪੂਰਵ-ਅਧਿਕਾਰੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਪ੍ਰਤੀ ਸ਼ਰਧਾ ਤੇ ਨੇੜਤਾ, ਜਥੇ ਵਿਚ ਪ੍ਰਚਲਤ ਇਕ ਗਾਥਾ ਦੇ ਤੁਲ ਹੈ। ਇਹੋ ਕਾਰਣ ਸੀ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਕਥਾ ਦੌਰਾਨ ਵੀ ਕਈ ਵਾਰੀ ਕਿਸੇ ਸੇਵਾ, ਸਿਮਰਨ ਵਾਲੇ ਸਿੱਖ ਦੀ ਉਦਹਾਰਣ ਦੇਣ ਲਈ (ਸੰਤ ਗਿਆਨੀ) ਜਰਨੈਲ ਸਿੰਘ ਜੀ ਨੂੰ ਹੀ ਆਦਰਸ਼ ਸਿੱਖ ਮੰਨਦੇ ਸਨ। ਇਸੇ ਲਈ (ਸੰਤ ਗਿਆਨੀ) ਜਰਨੈਲ ਸਿੰਘ ਜੀ ਦਾ ਸਤਿਕਾਰ ਨਾ ਕੇਵਲ ਜਥੇ ਵਿਚ, ਸਗੋਂ ਜਥੇ ਦੇ ਨਿਕਟਵਰਤੀ ਸ਼ਰਧਾਲੂ ਸਿੱਖਾਂ ਵਿਚ ਵੀ ਵਧ ਗਿਆ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਸੰਤ ਗਿਆਨੀ ਜਰਨੈਲ ਸਿੰਘ ਜੀ ਨਾਲ ਏਨੀ ਲਗਨ ਸੀ ਕਿ ੩ ਅਗਸਤ ੧੯੭੭ ਈ: ਨੂੰ ਜਦੋਂ ਆਪ ਜਥੇ ਸਮੇਤ ਮਲਸੀਹਾਂ ਤੋਂ ਸੋਲਨ ਜਾਣ ਲੱਗੇ ਤਾਂ ਤੜਕਸਾਰ ਭਾਈ ਰਾਮ ਸਿੰਘ ਰਾਗੀ ਕੇਸੀ ਇਸ਼ਨਾਨ ਕਰਕੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਸਰੀਰਕ ਤੇ ਆਤਮਿਕ ਚੜ੍ਹਦੀ ਕਲਾ ਲਈ ਚੌਪਈ ਸਾਹਿਬ ਦਾ ਪਾਠ ਕਰ ਰਹੇ ਸਨ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਕੋਲ ਆ ਖੜ੍ਹੇ ਹੋਏ ਅਤੇ ਪੁੱਛਿਆ, "ਸਾਨੂੰ ਕੀ ਹੋਇਆ ਹੈ ? ਸਾਡੇ ਪਾਠ ਕਰੀ ਜਾਂਦੇ ਹੋ। ਅਸੀਂ ਠੀਕ ਠਾਕ ਹਾਂ। ਭਾਈ (ਸੰਤ ਗਿਆਨੀ) ਜਰਨੈਲ ਸਿੰਘ 'ਰੋਡੇ' ਦੇ ਪਾਠ ਕਰਿਆ ਕਰੋ।"

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਇਹ ਬਚਨ ਆਪਣਾ ਅੰਤਿਮ ਸਮਾਂ ਨੇੜੇ ਹੋਣ ਦੇ ਪ੍ਰਤੀਕ ਸਨ ਜਾਂ ਭਵਿੱਖ ਵਿਚ ਟਕਸਾਲ ਦੀ ਜ਼ਿੰਮੇਵਾਰੀ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' 'ਤੇ ਪਾਉਣ ਦੇ ਪ੍ਰਤੀਕ ਸਨ, ਇਹ ਗੱਲ ਅੱਜ ਤਕ ਭੇਦ ਬਣੀ ਹੋਈ ਹੈ।

## ਸਚਖੰਡ ਗਮਨ

ਪਿੰਡ ਮਲਸੀਹਾਂ ਸਰਦਾਰ ਗਿਆਨ ਸਿੰਘ ਜੀ ਦੇ ਘਰ ਉਤਾਰਾ ਸੀ। ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਵੀ ਦਰਸ਼ਨ ਦਿੱਤੇ। ਅਗਲੇ ਪ੍ਰੋਗਰਾਮ ਅਨੁਸਾਰ ਸੋਲਨ ਜਾਣ ਤੋਂ ਪਹਿਲਾਂ ਕਥਾ ਸਮੇਂ ਰਾਗੀ ਰਾਮ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ, ਭਾਈ ਸੁਰਜੀਤ ਸਿੰਘ ਜੀ ਤੇ ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਜਥੇ ਪਾਸੋਂ :—

*'ਬਹੁਰਿ ਹਮ ਕਾਹੇ ਆਵਹਿਗੇ ॥*
*ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥'*

[ਮਾਰੂ ਕਬੀਰ ਜੀ, ਅੰਗ—੧੧੦੩]



ਆਪ ਆਗਿਆ ਕਰਕੇ ਕੀਰਤਨ ਸੁਣਿਆ। ਫੇਰ ਡੇਢ ਘੰਟਾ ਰੱਜ ਕੇ ਕਥਾ ਕੀਤੀ, ਸੈਂਕੜੇ ਪ੍ਰੇਮੀਆਂ ਕਥਾ ਦਾ ਅਕਹਿ ਰਸ ਪ੍ਰਾਪਤ ਕੀਤਾ। ਅਖ਼ੀਰ ਸਾਰੇ ਜਥੇ ਪਾਸੋਂ ਅਤੇ ਸੰਗਤਾਂ ਪਾਸੋਂ ਹੱਥ ਜੋੜ ਕੇ ਮੁਆਫ਼ੀ ਮੰਗੀ। ਕੜਾਹ ਪ੍ਰਸ਼ਾਦਿ ਵਰਤਣ ਸਮੇਂ ਸੰਤਾਂ ਨੇ ਆਪ ਇਹ ਧਾਰਨਾ ਪੜ੍ਹੀ :—

*'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥'*

[ਆਸਾ ਮਹਲਾ ੧, ਅੰਗ—੪੩੯]

ਅਤੇ ਸਾਰੀ ਸੰਗਤ ਤੋਂ ਪੜ੍ਹਾਈ। ਤੁਰਨ ਸਮੇਂ ਸੰਤ ਬਾਬਾ ਹਰਨਾਮ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਵੀ ਸਾਡੇ ਨਾਲ ਚੱਲੋ।" ਤਾਂ ਬਾਬਾ ਜੀ ਨੇ ਪਿਆਰ ਨਾਲ ਕਿਹਾ, "ਆਪ ਜੀ ਚੱਲੋ ! ਸਾਨੂੰ ਅਜੇ ਸਤਿਗੁਰਾਂ ਦੀ ਆਗਿਆ ਨਹੀਂ ਹੋਈ।"

ਜਥੇ ਸਮੇਤ ਸੋਲਨ ਵੱਲ ੩ ਅਗਸਤ ਨੂੰ ਤੁਰੇ। ਲੁਧਿਆਣੇ ਨੇੜੇ ਜਾ ਕੇ ਕਾਰ ਖਲਿਆਰ ਕੇ ਸੇਵਕ ਨਾਲ ਸੀਟ ਬਦਲੀ। ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਕਾਰ ਦਾ ਐਕਸੀਡੈਂਟ ਹੋ ਗਿਆ। ਮਹਾਂਪੁਰਖ ਸਖ਼ਤ ਜ਼ਖ਼ਮੀ ਹੋ ਗਏ। ਹੋਰ ਕਿਸੇ ਸਿੰਘ ਨੂੰ ਕੋਈ ਸੱਟ ਨਾ ਲੱਗੀ। ਸੰਤਾਂ ਕਿਹਾ ਕਿ ਮੇਰਾ ਸਰੀਰ ਮਹਿਤੇ ਲੈ ਚਲੋ। ਪਰ ਬਹੁਤ ਖ਼ਤਰਨਾਕ ਸੱਟਾਂ ਦੇਖ ਕੇ ਲੁਧਿਆਣੇ ਮਿਸ ਬਰਾਊਨ ਹਸਪਤਾਲ ਵਿਚ ਸੰਤਾਂ ਦੇ ਸਰੀਰ ਨੂੰ ਦਾਖ਼ਲ ਕਰਵਾਇਆ ਗਿਆ। ਇਹ ਖ਼ਬਰ ਪੇਪਰਾਂ ਰਾਹੀਂ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ। "ਹੁਣ ਕੀ ਬਣੂੰ, ਕੌਣ ਦਿਖਾਊ ਕਾਲੇ-ਹਨੇਰਿਆਂ ਨੂੰ ਚਿਰਾਗ ? ਧ੍ਰੂ ਵਾਂਗ ਚਮਕਦਾ ਆਸਾਂ ਦਾ ਸੂਰਜ ਪਹੁ ਫੁੱਟਣ ਤੋਂ ਪਹਿਲਾਂ ਹੀ ਕਿਉਂ ਡੁੱਬ ਚੱਲਿਆ ?"

ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ। ਮਿਸ ਬਰਾਊਨ ਹਸਪਤਾਲ ਦੇ ਅੰਦਰਲੇ ਵਾਰਡਾਂ ਤੋਂ ਖੱਬੇ ਪਾਸੇ ਖੁੱਡ ਮੁਹਲਾ ਚੌਂਕ ਅਤੇ ਸੱਜੇ ਪਾਸੇ ਪੁਰਾਣੀ ਜੇਲ੍ਹ ਦੀਆਂ ਬਰੂਹਾਂ ਤੱਕ ਚਿੰਤਾਤੁਰ ਚਿਹਰਿਆਂ ਦਾ ਮੇਲਾ ਜਿਹਾ ਲੱਗ ਗਿਆ। "ਸੰਤ ਜੀ ਕਿਵੇਂ ਹਨ ? ਬਾਬਾ ਜੀ ਦਾ ਕੀ ਹਾਲ ਹੈ ? ਖ਼ਾਲਸਾ ਜੀ ਦੀ ਕੀ ਖ਼ਬਰ ਹੈ ?" ਫ਼ਿਕਰਮੰਦ ਚਿਹਰੇ ਇਕ ਦੂਜੇ ਸਾਹਵੇਂ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ।

ਸੰਤ ਜੀ ਤੇਰਾਂ ਦਿਨ ਹਸਪਤਾਲ ਰਹੇ। ਸੰਗਤਾਂ ਤੇਰਾਂ ਦਿਨ ਹੀ ਹੁੰਮ-ਹੁੰਮਾ ਕੇ ਆਉਂਦੀਆਂ ਰਹੀਆਂ। ਹਰ ਚੜ੍ਹਦੇ ਸੂਰਜ ਸੰਗਤਾਂ ਦੀ ਗਿਣਤੀ ਦੁਗਣੀ ਹੋ ਜਾਂਦੀ ਅਤੇ ਹਰ ਚਮਕਦੇ ਚੰਦ ਚੌਗੁਣੀ। ਭਾਈ ਜਰਨੈਨ ਸਿੰਘ ਜੀ (ਬਾਅਦ ਵਿਚ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ') ਅੱਠੇ ਪਹਿਰ ਮਹਾਂਪੁਰਖਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ। ਹਸਪਤਾਲ ਵਿਚ ਤੇਰਾਂ ਦਿਨ ਨਾਮ ਬਾਣੀ ਦਾ ਨਿਰੰਤਰ ਪ੍ਰਵਾਹ ਚਲਦਾ ਰਿਹਾ। ਸੰਤ ਜੀ ਦੇ ਨਜ਼ਦੀਕ ਬੈਠੇ ਦਮਦਮੀ ਟਕਸਾਲ ਦੇ ਵਿਦਿਆਰਥੀ ਤੇਰਾਂ ਦਿਨ ਹੀ 'ਜਪੁਜੀ ਸਾਹਿਬ' ਅਤੇ 'ਚੌਪਈ ਸਾਹਿਬ' ਦਾ ਅਖੰਡ

DAMDAMI TAKSAAL.org

ਪਾਠ ਕਰਦੇ ਰਹੇ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਸੰਤਾਂ ਦੀ ਦੇਹ ਅਰੋਗਤਾ ਲਈ ਆਰੰਭ ਸੀ। ਸਾਰੇ ਸਿੱਖ ਜਗਤ ਵਿਚ ਅਰਦਾਸਾਂ, ਅਖੰਡ ਪਾਠ, ਸਹਿਜ ਪਾਠ, ਬਾਣੀਆਂ ਦੇ ਨਿੱਤਨੇਮ ਜਾਰੀ ਸਨ। ਐਕਸੀਡੈਂਟ ਤੋਂ ਤੇਰਾਂ ਦਿਨ ਉਪਰੰਤ ੧੬ ਅਗਸਤ ੧੯੭੭ ਈ: ਨੂੰ 'ਤੇਰਾਂ ਤੇਰਾਂ' ਦਾ ਜਾਪ ਕਰਦੇ, *'ਤੇਰਾ ਕੀਆ ਮੀਠਾ ਲਾਗੈ ॥'* [ਆਸਾ ਮਹਲਾ ੫, ਅੰਗ—੩੯੪] ਦਾ ਸ਼ਬਦ ਗੁਣਗੁਣਾਉਂਦੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਤੇਰਾਂ ਦੇ ਰੂਪ ਵਿਚ ਹੀ ਲੀਨ ਹੋ ਗਏ। ੪੫ ਵਰ੍ਹਿਆਂ ਦੀ ਇਕ ਰਸ ਤਪੱਸਿਆ ਕਰਨ ਉਪਰੰਤ ਆਤਮਾ ਦੀ ਜੋਤ ਪਰਮਾਤਮਾ ਦੀ ਜੋਤ ਵਿਚ ਸਮਾ ਗਈ।

ਜਿਉਂ ਹੀ ਸੰਤਾਂ ਦੇ ਚੜ੍ਹਾਈ ਕਰ ਜਾਣ ਬਾਰੇ ਸੰਗਤਾਂ ਨੇ ਸੁਣਿਆ, ਆਪ ਮੁਹਾਰਾ ਨੇਤਰਾਂ ਤੋਂ ਜਲ ਵਹਿ ਤੁਰਿਆ, ਅੱਖਾਂ ਅੱਗੇ ਅੰਧੇਰਾ ਹੀ ਅੰਧੇਰਾ ਨਜ਼ਰ ਆਵੇ। ਹਸਪਤਾਲ ਵਿਚ ਅਤੇ ਬਾਹਰ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋ ਗਿਆ। ਮਹਾਂਪੁਰਖਾਂ ਦੇ ਸਰੀਰ ਨੂੰ ੧੬ ਅਗਸਤ ਨੂੰ ਹੀ ਜਲੂਸ ਦੀ ਸ਼ਕਲ ਵਿਚ ਪਿੰਡ ਮਹਿਤੇ ਟਕਸਾਲ ਦੇ ਹੈੱਡ ਕੁਆਟਰ 'ਤੇ ਲੈ ਆਂਦਾ। ਹਜ਼ਾਰਾਂ ਸੰਗਤਾਂ ਨੇ ਰਸਤੇ ਵਿਚ ਸੰਤਾਂ ਦੇ ਸਰੀਰ ਦੇ ਸੱਜਲ ਨੇਤਰਾਂ ਨਾਲ ਦਰਸ਼ਨ ਕੀਤੇ। ਸ਼ਰਧਾ ਦੇ ਫੁੱਲ ਭੇਟ ਕੀਤੇ। ਸਾਰੀ ਰਾਤ ਸੰਤਾਂ ਦੇ ਸਰੀਰ ਕੋਲ ਕੀਰਤਨ ਹੁੰਦਾ ਰਿਹਾ, ਵਾਹਿਗੁਰੂ ਸਿਮਰਨ ਦਾ ਜਾਪ ਸੰਗਤਾਂ ਕਰਦੀਆਂ ਰਹੀਆਂ।

੧੭ ਅਗਸਤ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਠਾਠਾਂ ਮਾਰਦੇ ਸਮੁੰਦਰ ਵਾਂਗ ਦਿਸ ਰਿਹਾ ਸੀ। ਸੰਤਾਂ ਦਾ ਸਾਰਾ ਪਰਿਵਾਰ ਕੋਲ ਸੀ। ਸਾਰੀਆਂ ਜਥੇਬੰਦੀਆਂ ਹਾਜ਼ਰ ਸਨ। ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਾਇਆ ਗਿਆ, ਕਕਾਰ ਤੇ ਬਸਤਰ ਸਜਾਏ ਗਏ, ਚਿਖਾ ਚਿਣੀ ਗਈ। ਚੰਦਨ ਦੀਆਂ ਲੱਕੜਾਂ, ਘਿਉ, ਧੂਪ ਆਦਿ ਸਮੱਗਰੀ ਤਿਆਰ ਸੀ। ਵੈਰਾਗ ਮਈ ਕੀਰਤਨ ਸੱਜਲ ਨੇਤਰਾਂ ਨਾਲ ਅਤੇ ਰਸ ਭਿੰਨੀ ਅਵਾਜ਼ ਵਿਚ ਹਜ਼ੂਰੀ ਜਥਾ ਭਾਈ ਰਾਮ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ ਤੇ ਭਾਈ ਗੁਰਮੇਲ ਸਿੰਘ ਜੀ ਕਰ ਰਹੇ ਸਨ :—

੧. *'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥'*
[ਵਡਹੰਸੁ ਮਹਲਾ ੧, ਅੰਗ—੫੭੯]

੨. *'ਕਉਨੁ ਮੂਆ ਰੇ ਕਉਨੁ ਮੂਆ ॥*
*ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥'*
[ਰਾਮਕਲੀ ਮਹਲਾ ੫, ਅੰਗ—੮੮੫]

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦਾ ਸਰੀਰ ਚਿਖਾ 'ਤੇ ਸਜਾ ਦਿੱਤਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ। ਪਰਿਵਾਰ ਨੇ ਚਿਖ਼ਾ ਨੂੰ ਅਗਨੀ ਪ੍ਰਕਾਸ਼ ਕੀਤੀ। ਕੀਰਤਨ ਸੋਹਿਲੇ ਦਾ ਪਾਠ ਹੋਇਆ, ਅਰਦਾਸ ਉਪਰੰਤ ਸਾਰੀ

DAMDAMI TAKSAAL.ORG



ਸੰਗਤ ਗੁਰਦੁਆਰੇ ਪੁੱਜੀ, ਅਲਾਹਣੀਆ ਦਾ ਪਾਠ ਕੀਤਾ ਗਿਆ। ਅਰਦਾਸ ਉਪਰੰਤ ਇਹ ਸ੍ਰੀ ਮੁਖਵਾਕ ਆਇਆ :—

*'ਧਨਾਸਰੀ ਮਹਲਾ ੫ ॥*
*ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥'*
[ਅੰਗ—੬੭੮]

ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਇਕ ਰਸ ਚੱਲ ਰਿਹਾ ਸੀ। ਸੰਤਾਂ ਦੇ ਸਸਕਾਰ ਤੋਂ ਤੀਜੇ ਦਿਨ ਪੰਜਾਂ ਸਿੰਘਾਂ ਨੇ ਅਰਦਾਸ ਕਰਕੇ ਸਾਰੀ ਚਿਖ਼ਾ ਦੀ ਰਾਖ਼ ਬੋਰੀ ਵਿਚ ਪਾ ਕੇ ਜਲ ਪ੍ਰਵਾਹ ਕਰ ਦਿੱਤੀ।

## ਦਸਤਾਰ ਬੰਦੀ ਦੀ ਰਸਮ

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਅਕਾਲ ਚਲਾਣੇ ਉਪਰੰਤ ਦਮਦਮੀ ਟਕਸਾਲ ਦੇ ਮੁਖੀ ਦੀ ਨਾਮਜ਼ਦਗੀ ਸਬੰਧੀ ਚਰਚਾ ਚੱਲਣੀ ਸੁਭਾਵਕ ਸੀ। ਜਥੇ ਦੇ ਪ੍ਰਮੁਖ ਸੇਵਕਾਂ ਭਾਈ ਰਛਪਾਲ ਸਿੰਘ ਜੀ, ਭਾਈ ਰਾਮ ਸਿੰਘ ਰਾਗੀ ਅਤੇ ਭਾਈ ਗੁਰਮੁਖ ਸਿੰਘ (ਭਤੀਜਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ') ਨੇ ਗੰਭੀਰ ਵਿਚਾਰ ਕੀਤੀ ਕਿਉਂਕਿ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਦੀਆਂ ਭੇਦ ਭਰੀਆਂ ਬਖ਼ਸ਼ਿਸ਼ਾਂ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀਆਂ ਪ੍ਰਤੱਖ ਅਤੇ ਗੁਪਤ ਰਮਜ਼ਾਂ ਰਾਹੀਂ ਸਮੇਂ-ਸਮੇਂ ਬਖ਼ਸ਼ਿਸ਼ਾਂ ਨੂੰ ਮੁਖ ਰਖਦਿਆਂ ਅਤੇ ਬਾਕੀ ਸਹਿਯੋਗੀਆਂ ਨਾਲ ਸਲਾਹ ਉਪਰੰਤ (ਸੰਤ ਗਿਆਨੀ) ਜਰਨੈਲ ਸਿੰਘ 'ਰੋਡੇ' ਨੂੰ ਟਕਸਾਲ ਦਾ ਮੁਖੀ ਬਨਾਉਣ ਸਬੰਧੀ ਸਹਿਮਤੀ ਹੋ ਗਈ।

ਇਸ ਮੱਤ ਅਨੁਸਾਰ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਦੇਹ ਦੇ ਸਸਕਾਰ ਉਪਰੰਤ ਜਥੇ ਦੇ ੪੫ ਚੋਣਵੇਂ ਸੇਵਕਾਂ ਦਾ ਇਕੱਠ ਹੋਇਆ। ਜਿਸ ਵਿਚ (ਸੰਤ ਗਿਆਨੀ) ਜਰਨੈਲ ਸਿੰਘ 'ਰੋਡੇ' ਦਾ ਨਾਂ ਪੇਸ਼ ਕੀਤਾ ਗਿਆ। (ਸੰਤ ਗਿਆਨੀ) ਜਰਨੈਲ ਸਿੰਘ ਆਪ ਵੀ ਇਸ ਮੀਟਿੰਗ ਵਿਚ ਸ਼ਾਮਲ ਸਨ, ਪਰੰਤੂ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਲੈਣ ਤੋਂ ਨਾਂਹ ਕੀਤੀ। (ਸੰਤ ਗਿਆਨੀ) ਜਰਨੈਲ ਸਿੰਘ ਜੀ ਉਸ ਸਮੇਂ ਵਧੇਰੇ ਵਿਰਾਗ ਵਿਚ ਸਨ, ਜਿਸ ਕਾਰਨ ਉਨ੍ਹਾਂ ਵਧੇਰੇ ਨਾਂਹ-ਨੁੱਕਰ ਕੀਤੀ। ਇਸ ਇਕੱਠ ਵਿਚ ਬਾਪੂ ਹਰਨਾਮ ਸਿੰਘ ਜੀ (ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਤਾਏ ਦੇ ਪੁੱਤਰ ਭਰਾ), ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ, ਗਿਆਨੀ ਜੋਗਿੰਦਰ ਸਿੰਘ ਜੀ ਗ੍ਰੰਥੀ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ, ਭਾਈ ਅਮਰੀਕ ਸਿੰਘ ਜੀ ਅਤੇ ਉਨ੍ਹਾਂ ਦੇ ਦੋ ਚਾਚੇ, ਭਾਈ ਦੀਦਾਰ ਸਿੰਘ ਜੀ ਤੇ ਭਾਈ ਜਗਤਾਰ ਸਿੰਘ ਜੀ, ਭਾਈ ਜਰਨੈਲ ਸਿੰਘ ਜੀ ਸ਼ੇਖੂਪੁਰਾ, ਭਾਈ ਰਾਮ ਸਿੰਘ ਜੀ ਰਾਗੀ, ਭਾਈ ਰਛਪਾਲ ਸਿੰਘ ਜੀ,

ਭਾਈ ਜਰਨੈਲ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ 'ਗੜਵਈ' (ਭਤੀਜਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ') ਹਾਜ਼ਰ ਸਨ। ਦਿਲਚਸਪ ਗੱਲ ਇਹ ਹੈ ਕਿ ੪੫ ਸਿੰਘਾਂ ਦੀ ਇਸ ਮੀਟਿੰਗ ਵਿਚ (ਸੰਤ ਗਿਆਨੀ) ਜਰਨੈਲ ਸਿੰਘ ਜੀ ਦਾ ਨਾਂ ਪੇਸ਼ ਹੁੰਦੇ ਸਾਰ ਹੀ ਸਰਬ ਸੰਮਤੀ ਹੋ ਗਈ ਅਤੇ ਹਰ ਇਕ ਨੇ ਇਕੱਲੇ-ਇਕੱਲੇ ਭਾਸ਼ਨ ਕਰਕੇ (ਸੰਤ ਗਿਆਨੀ) ਜਰਨੈਲ ਸਿੰਘ ਜੀ ਨੂੰ ਟਕਸਾਲ ਦੀ ਜ਼ਿੰਮੇਵਾਰੀ ਸੰਭਾਲਣ ਲਈ ਕਿਹਾ (ਇਹਨਾਂ ਭਾਸ਼ਨਾਂ ਦੇ ਟੇਪ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਿਖੇ ਉਪਲਬਧ ਹਨ)।

ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਵੱਲੋਂ ਵਾਰ-ਵਾਰ ਨਾਂਹ ਕਰਨ 'ਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਨ੍ਹਾਂ ਨੇ ਨਾਂਹ ਜਾਰੀ ਰੱਖੀ ਤਾਂ ਪੰਜ ਸਿੰਘ ਪੰਜ ਪਿਆਰਿਆਂ ਦੇ ਰੂਪ ਵਿਚ ਹੁਕਮ ਜਾਰੀ ਕਰਕੇ ਉਨ੍ਹਾਂ ਨੂੰ ਟਕਸਾਲ ਦੀ ਸੇਵਾ ਸੰਭਾਲਣ ਲਈ ਕਹਿਣਗੇ। (ਸੰਤ ਗਿਆਨੀ) ਜਰਨੈਲ ਸਿੰਘ ਨੂੰ ਸਿੱਖੀ ਰਵਾਇਤ ਅਤੇ ਮਰਯਾਦਾ ਅੱਗੇ ਸੀਸ ਝੁਕਾਉਣਾ ਪਿਆ ਅਤੇ ਇਸ ਤਰ੍ਹਾਂ (ਸੰਤ ਗਿਆਨੀ) ਜਰਨੈਲ ਸਿੰਘ 'ਰੋਡੇ' ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਬਣ ਕੇ ਦਮਦਮੀ ਟਕਸਾਲ ਅਥਵਾ ਭਿੰਡਰਾਂਵਾਲੀ ਟਕਸਾਲ ਦੇ ਮੁਖੀ ਬਣੇ।

ਦੇਵਨੇਤ ਹੀ ਇਸ ਵੇਲੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਭਾਈ ਮਾਨ ਸਿੰਘ ਜੀ, ਜੋ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਵੱਲੋਂ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਬਖ਼ਸ਼ਿਸ਼ ਕਰਨ ਵੇਲੇ ਹਾਜ਼ਰ ਸਨ ਅਤੇ ਬਖ਼ਸ਼ਿਸ਼ ਦੀ ਅਰਦਾਸ ਉਨ੍ਹਾਂ ਆਪ ਕੀਤੀ ਸੀ, ਵੀ ਆ ਪਹੁੰਚੇ ਅਤੇ ਉਨ੍ਹਾਂ ਨੇ ਤਖ਼ਤ ਸਾਹਿਬ ਤੋਂ ਲਿਆਂਦਾ ਸਿਰੋਪਾਓ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਦੇ ਸੀਸ 'ਤੇ ਸਜਾ ਦਿੱਤਾ। ਇਸ ਪਿੱਛੋਂ ਗੁਰਦੁਆਰਾ ਸਾਹਿਬ ਵਿਖੇ ਭਾਈ ਮਾਨ ਸਿੰਘ ਜੀ ਨੇ ਹੀ ਅਰਦਾਸ ਕੀਤੀ ਅਤੇ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਵਿਚੋਂ ਹੁਕਮਨਾਮਾ ਲਿਆ ਗਿਆ। ਹੁਕਮਨਾਮਾ ਭਾਈ ਹਰਚਰਨ ਸਿੰਘ ਜੀ 'ਮੁਕਤਾ' ਨੇ ਲਿਆ ਜੋ ਇਸ ਪ੍ਰਕਾਰ ਸੀ :—

*'ਗੁਰ ਸੇਵਾ ਤੇ ਨਾਮੇ ਲਾਗਾ ॥*
*ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥'*

[ਗਉੜੀ ਮਹਲਾ ੫, ਅੰਗ—੨੩੬]

੨੫ ਅਗਸਤ ੧੯੭੭ ਈਸਵੀ ਨੂੰ ਇਤਿਹਾਸਕ ਦੁਸਹਿਰੇ ਦੇ ਦਿਨ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋਇਆ। ਇਹ ਇਕੱਠ ਸਾਰੀਆਂ ਸੰਪ੍ਰਦਾਇ ਦੇ ਸਾਧੂ ਮਹਾਤਮਾ, ਧਾਰਮਿਕ ਜਥੇਬੰਦੀਆਂ, ਨਿਹੰਗ ਸਿੰਘਾਂ ਦੇ ਦਲਾਂ, ਸਿੱਖ ਕੌਮ ਦੇ ਮੁਖੀਆਂ ਦਾ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਟਕਸਾਲ ਦੀ ਸੇਵਾ, ਸਿੱਖ ਕੌਮ ਦੀ ਸੇਵਾ, ਦੇਹਧਾਰੀਆਂ ਨਾਲ ਟਕਰਾਓ ਦੀ ਗਾਥਾ ਅਤੇ

DAMDAMI TAKSAAL.ORG



ਹੋਰ ਅਨੇਕ ਸੇਵਾਵਾਂ ਸਬੰਧੀ ਜ਼ਿਕਰ ਕਰਕੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਭਰੇ ਦੀਵਾਨ ਵਿਚ ਸਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਥਾਂ ਉਨ੍ਹਾਂ ਦੇ ਪ੍ਰਮੁਖ ਵਿਦਿਆਰਥੀ, ਮਹਾਨ ਤਿਆਗੀ, ਵੈਰਾਗੀ, ਸਿਮਰਨ ਅਭਿਆਸੀ ਸ੍ਰੀਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੂੰ ਹੋਇ ਫੈਸਲੇ ਅਨੁਸਾਰ ਸ੍ਰੀ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ। ਸਾਰੀਆਂ ਸੰਪ੍ਰਦਾਵਾਂ, ਸਿੱਖ ਜਥੇਬੰਦੀਆਂ, ਸਾਰੇ ਸਾਧੂ ਸਮਾਜ, ਧਾਰਮਿਕ ਮੁਖੀਆਂ ਅਤੇ ਤਖ਼ਤਾਂ ਵੱਲੋਂ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਬੜਾ ਵੱਡਾ ਭੰਡਾਰਾ ਹੋਇਆ। ਰਾਗੀਆਂ, ਢਾਡੀਆਂ, ਪ੍ਰਚਾਰਕਾਂ ਨੇ ਹਾਜ਼ਰੀਆਂ ਭਰੀਆਂ।

## ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਜੀਵਨ ਵਿਚ ਤੇਰਾਂ-ਤੇਰਾਂ ਦੀ ਵਿਸ਼ੇਸ਼ਤਾ

੧. ਵੱਡੇ ਮਹਾਂਪੁਰਖ ਜਥੇ ਸਮੇਤ ੧੩ ਵਾਰ ਪ੍ਰੋਗਰਾਮ ਬਣਾ ਕੇ ਪਿੰਡ ਭੂਰੇ ਗਏ ਸਨ।

੨. ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੇ ੧੩ਵੀਂ ਜਮਾਤ ਵਿਚ ਦਾਖ਼ਲਾ ਲੈ ਕੇ ਅੱਗੇ ਪੜ੍ਹਾਈ ਨਹੀਂ ਕੀਤੀ।

੩. ਵੱਡੇ ਮਹਾਂਪੁਰਖਾਂ ਕੋਲ ਜਥੇ ਵਿਚ ਪੜ੍ਹਾਈ ਸਮੇਂ ਸਭ ਤੋਂ ਪਹਿਲਾਂ ਅਗੰਮੀ ਬਖ਼ਸ਼ਿਸ਼ ਦਾ ਪ੍ਰਗਟਾਵਾ ਸੰਨ ੧੯੬੪ ਈ: ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਉੱਪਰਲੀ ਮੰਜ਼ਿਲ 'ਤੇ ੧੩ ਅਪ੍ਰੈਲ ਵਿਸਾਖੀ ਦੇ ਗੁਰਪੁਰਬ ਸਮੇਂ ਕੀਤਾ।

੪. ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਗੁਰਦੁਆਰਾ (ਹੱਟ ਸਾਹਿਬ) ਸੁਲਤਾਨਪੁਰ ਵਿਖੇ ਤੇਰਾਂ-ਤੇਰਾਂ ਦੀਆਂ ਧਾਰਨਾਂ ਨਾਲ ਗ਼ਰੀਬਾਂ ਦੀਆਂ ਝੋਲੀਆਂ ਭਰਨ ਵਾਲੇ ਅਸਥਾਨ 'ਤੇ ਜਦ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਵੱਡੇ ਮਹਾਂਪੁਰਖਾਂ ਨੂੰ ਨਿੱਤਨੇਮ ਦਾ ਪਾਠ ਸੁਣਾ ਰਹੇ ਸਨ ਤਾਂ ਵੱਡੇ ਮਹਾਂਪੁਰਖਾਂ ਨੇ ਕਿਹਾ, "ਕਰਤਾਰ ਸਿੰਘ ਜੀ ! ਅੱਜ ਏਥੇ ਤੇਰੀ ਝੋਲੀ ਬਖ਼ਸ਼ਿਸ਼ ਨਾਲ ਗੁਰੂ ਘਰੋਂ ਭਰਾ ਦੇਈਏ।" ਕੋਲ ਹੋਰ ਵੀ ਸਿੰਘ ਸਨ, ਜਦੋਂ ਅੱਗੇ ਟਕਸਾਲ ਚਲਾਉਣ ਦੀ ਬਖ਼ਸ਼ਿਸ਼ ਦੇ ਬਚਨ ਕੀਤੇ ਸਨ।

੫. ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਗੁਰਪੁਰਬ 'ਤੇ ਟਕਸਾਲ ਦੀ ਭਰੇ ਦਰਬਾਰ ਵਿਚ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਨੇ ਬਖ਼ਸ਼ਿਸ਼ ਕਰਕੇ ਤਖ਼ਤ ਦੀਆਂ ੧੩ ਪ੍ਰਕਰਮਾ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਨੂੰ ਆਪ ਨਾਲ ਲੈ ਕੇ ਕੀਤੀਆਂ।

੬. ਸ੍ਰੀ ਦਮਦਮੀ ਟਕਸਾਲ ਦੇ ਜਥੇਦਾਰ ਵੀ ਆਪ ਜੀ ੧੩ਵੇਂ ਸਨ।

੭. ਵੱਡੇ ਮਹਾਂਪੁਰਖਾਂ ਦਾ ਸਰੀਰ ਵੀ ੧੩ ਸਾਲ ਢਿੱਲਾ ਰਿਹਾ ਸੀ।

੮. ਵੱਡੇ ਮਹਾਂਪੁਰਖਾਂ ਨੇ ਪਿੰਡ ਮਹਿਤੇ ਅਖ਼ੀਰਲੀ ਰਾਤ ਦੀ ਕਥਾ ਕਰਕੇ ੧੩ ਪ੍ਰਕਰਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਰਕੇ ਕਿਹਾ ਸੀ, "ਕਰਤਾਰ ਸਿੰਘ ਜੀ! ਦਾਸ ਸਾਰੀ ਉਮਰ ਨਿੱਤਨੇਮ ਕਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ੧੩ ਪ੍ਰਕਰਮਾਂ ਕਰਦਾ ਹੁੰਦਾ ਸੀ।"

੯. ਸੰਤ ਗਿਆਨੀ ਕਰਤਾਰ ਸਿੰਘ ਜੀ ਦਾ ਐਕਸੀਡੈਂਟ ੩ ਅਗਸਤ ਨੂੰ ਹੋਇਆ ਅਤੇ ਆਪ ੧੩ ਦਿਨ ਹਸਪਤਾਲ ਵਿਚ ਇਲਾਜ ਕਰਾ ਕੇ ੧੬ ਅਗਸਤ ਨੂੰ ਸਚਖੰਡ ਗਮਨ ਕਰ ਗਏ। ਹਸਪਤਾਲ ਰਹਿਣ ਦੇ ਇਹ ੧੩ ਦਿਨ ਬਣੇ।

੧੦. ਇਸੇ ੧੩ ਨੂੰ ਮੁਖ ਰੱਖ ਕੇ ਇਸ ਪੁਸਤਕ ਦਾ ਨਾਮ 'ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂ (ਮਹਿਤਾ) ਵਾਲਿਆਂ ਦਾ ਪਵਿੱਤਰ ਜੀਵਨ' ਰੱਖਿਆ ਗਿਆ ਹੈ।

DAMDAMI TAKSAAL.ORG

ੴ ਸਤਿਗੁਰ ਪ੍ਰਸਾਦਿ ॥

# ਛੇਵਾਂ ਕਾਂਡ


## ਸੰਤ ਗਿ: ਜਰਨੈਲ ਸਿੰਘ ਜੀ 'ਖ਼ਾਲਸਾ' ਦਾ ਤੂਫ਼ਾਨੀ ਪ੍ਰਚਾਰ ਦੌਰਾ

ਦਮਦਮੀ ਟਕਸਾਲ ਦੀ ਸੇਵਾ ਸੰਭਾਲਦੇ ਹੀ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੇ ਸਿੱਖੀ ਪ੍ਰਚਾਰ, ਰਹਿਤ ਧਾਰਨ ਕਰਨ, ਸਿੱਖ ਸਜਾਉਣ, ਦੇਹਧਾਰੀ ਵਿਰੁੱਧ ਪ੍ਰਚਾਰ ਕਰਨ, ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਲਿਆਉਣ ਅਤੇ ਸਿੱਖੀ ਦੀ ਚੜ੍ਹਦੀ ਕਲਾ ਕਰਨ ਦੇ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਵੱਲੋਂ ਚਲਾਏ ਹੋਏ ਕਾਰਜ ਨੂੰ ਪੂਰਾ ਕਰਨ ਦਾ ਬੀੜਾ ਚੁੱਕਿਆ ਅਤੇ ਇਸ ਕਾਰਜ ਨੂੰ ਪੂਰਾ ਕਰਨ ਲਈ ਵੱਡੀ ਪੱਧਰ 'ਤੇ ਚੱਕਰਵਰਤੀ ਹੋ ਕੇ ਪ੍ਰਚਾਰ ਕਰਨ ਦਾ ਕੰਮ ਅਰੰਭਿਆ।

ਸਭ ਤੋਂ ਪਹਿਲਾਂ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੇ ਪਰਿਚੈਕਾਰੀ ਦੌਰਾ ਆਰੰਭ ਕੀਤਾ। ਇਹ ਦੌਰਾ ਉਨ੍ਹਾਂ ਥਾਵਾਂ ਦੀਆਂ ਸੰਗਤਾਂ ਨਾਲ ਮੇਲ-ਮਿਲਾਪ ਅਤੇ ਨਿੱਜੀ ਸੰਪਰਕ ਲਈ ਸੀ, ਜੋ ਸਿੱਖੀ ਪ੍ਰਚਾਰ ਅਤੇ ਕਥਾ ਕੀਰਤਨ ਸੁਣਨ ਲਈ ਦਮਦਮੀ ਟਕਸਾਲ ਵੱਲ ਦੇਖਦੇ ਸਨ। ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੇ ਅਗਸਤ ੧੯੭੭ ਈ: ਤੋਂ ਅਪ੍ਰੈਲ ੧੯੭੮ ਈ: ਤੱਕ ਦੇ ੮ ਮਹੀਨੇ ਦੇ ਸਮੇਂ ਦੌਰਾਨ ਨਾ ਕੇਵਲ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ, ਸਗੋਂ ਪੰਜਾਬ ਤੋਂ ਬਾਹਰ ਮੱਧ ਪ੍ਰਦੇਸ਼, ਯੂ.ਪੀ., ਬੰਬਈ, ਕਲਕੱਤਾ ਅਤੇ ਹੋਰ ਰਾਜਾਂ ਦੀਆਂ ਸੰਗਤਾਂ ਵਿਚ ਪ੍ਰਚਾਰ ਅਤੇ ਪਰਿਚੈ ਕੀਤਾ। ਵੱਡਾ ਪ੍ਰਚਾਰ ਦੌਰਾ ਆਰੰਭ ਹੋਣਾ ਹੀ ਸੀ ਕਿ ੧੯੭੮ ਈ: ਵਿਸਾਖੀ ਦੇ ਅਵਸਰ 'ਤੇ ਨਿਰੰਕਾਰੀਆਂ ਵੱਲੋਂ ਅੰਮ੍ਰਿਤਸਰ ਵਿਖੇ ਇਕ ਵੱਡੇ ਸਮਾਗਮ ਕਰਨ ਦਾ ਐਲਾਨ ਕੀਤਾ ਗਿਆ। ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੇ ਇਸ ਚੈਲੰਜ ਨੂੰ ਪ੍ਰਵਾਨ ਕਰਨਾ ਆਪਣਾ ਪ੍ਰਥਮ ਫ਼ਰਜ਼ ਸਮਝਿਆ, ਜਿਸ ਨਾਲ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਅਥਵਾ 'ਭਿੰਡਰਾਂਵਾਲੇ' ਦਾ ਨਾਂ, ਨਾ ਕੇਵਲ ਸਿੱਖ ਜਗਤ ਵਿਚ ਸਗੋਂ ਸਾਰੇ ਸੰਸਾਰ ਵਿਚ ਦੰਦ ਕਥਾ ਬਣ ਗਿਆ ਅਤੇ ਸਮੁੱਚਾ ਸਿੱਖ ਪੰਥ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਨੂੰ ਧਰਮ ਰੱਖਿਅਕ ਵਜੋਂ ਵਡਿਆਉਣ ਲੱਗਾ। ਗ਼ੈਰ ਸਿੱਖ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਦੇ ਉਭਾਰ ਵਿਚ ਸਿਧਾਂਤਵਾਦ, ਕੱਟੜਪੁਣੇ ਅਤੇ ਅਤਿਵਾਦ ਦੀ ਝਲਕ ਲੱਭਣ ਲੱਗੇ। ਪਰੰਤੂ ਇਸ ਸਭ ਵਿਚੋਂ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਦੀ ਇਕ ਵਿਲੱਖਣ ਸ਼ਖ਼ਸੀਅਤ ਉੱਭਰੀ, ਜਿਸ ਕਾਰਨ ਸਿੱਖ ਜਗਤ ਵਿਚ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਅਥਵਾ 'ਭਿੰਡਰਾਂਵਾਲਾ' ਸ਼ਬਦ

ਇਕ ਧਰਮ ਰੱਖਿਅਕ ਜਥੇ ਨਾਲ ਓਤ-ਪੋਤ ਹੋ ਗਿਆ ਅਤੇ ਦਮਦਮੀ ਟਕਸਾਲ ਦਾ ਸਤਿਕਾਰ ਸਿੱਖ ਹਿਰਦਿਆਂ ਵਿਚ ਵਧ ਗਿਆ।

## ਸੰਪ੍ਰਦਾਈ ਪ੍ਰਣਾਲੀ




DAMDAMI TAKSAAL.ORG



## ਦਮਦਮੀ ਟਕਸਾਲ ਦੇ ਪਹਿਲੇ ਵਿਦਿਆਰਥੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਿਹੜੇ ਅਠਤਾਲੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਅਰਥਾਂ ਨਾਲ ਪੜ੍ਹਾਈ ਤੇ ਦਮਦਮੀ ਟਕਸਾਲ ਦਾ ਆਰੰਭ ਕੀਤਾ, ਉਹਨਾਂ ੪੮ ਸਿੰਘਾਂ ਦੇ ਨਾਮ ਤੇ ਪਿੰਡ ਹੇਠ ਲਿਖੇ ਅਨੁਸਾਰ ਹਨ :—

੧. ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਸ਼ਹੀਦ, ਪਿੰਡ ਲੌਂਗੋਵਾਲ, ਜ਼ਿਲ੍ਹਾ ਸੰਗਰੂਰ (ਟਕਸਾਲ ਦੇ ਮੋਢੀ); ੨. ਬ੍ਰਹਮ ਗਿਆਨੀ ਬਾਬਾ ਦੀਪ ਸਿੰਘ ਜੀ ਸ਼ਹੀਦ, ਪਿੰਡ ਪਹੂਵਿੰਡ, ਅੰਮ੍ਰਿਤਸਰ (ਦਮਦਮੀ ਟਕਸਾਲ ਦੇ ਮੋਢੀ); ੩. ਗਿਆਨੀ ਕਾਨ੍ਹ ਸਿੰਘ ਜੀ; ੪. ਗਿਆਨੀ ਬਿਨੋਦ ਸਿੰਘ ਜੀ; ੫. ਗਿਆਨੀ ਗੁਰਬਖ਼ਸ਼ ਸਿੰਘ ਜੀ ਸ਼ਹੀਦ; ੬. ਭਾਈ ਰਾਮਕੌਰ ਗੁਰਬਖ਼ਸ਼ ਸਿੰਘ (ਬਾਬਾ ਬੁੱਢਾ ਜੀ ਦੀ ਕੁਲ); ੭. ਭਾਈ ਦਾਨ ਸਿੰਘ ਜੀ ਬਰਾੜਾਂ ਦੀ ਰੱਖਣ ਵਾਲੇ; ੮. ਭਾਈ ਪਰਮ ਸਿੰਘ ਜੀ; ੯. ਭਾਈ ਧਰਮ ਸਿੰਘ ਜੀ (ਰੂਪ ਚੰਦ ਜੀ ਦੇ ਪੁੱਤਰ ਭਾਈ ਰੂਪੇ ਤੋਂ); ੧੦. ਭਾਈ ਸ਼ਮੀਰ ਸਿੰਘ ਜੀ, ਪਿੰਡ ਦੀਨੇਵਾਲ; ੧੧. ਭਾਈ ਦਯਾ ਸਿੰਘ ਜੀ ਜੀਂਦ ਵਾਲੇ (ਬਾਬਾ ਦੀਪ ਸਿੰਘ ਜੀ ਨਾਲ ਸ਼ਹੀਦ ਹੋਏ); ੧੨. ਭਾਈ ਭੀਵਾ ਸਿੰਘ ਜੀ (ਬਠਿੰਡਾ); ੧੩. ਭਾਈ ਪਿਆਰਾ ਸਿੰਘ ਜੀ, ਅੰਮ੍ਰਿਤਸਰ; ੧੪. ਭਾਈ ਬੀਰ ਸਿੰਘ ਜੀ; ੧੫. ਭਾਈ ਧੀਰ ਸਿੰਘ ਜੀ (ਰੰਘਰੇਟੇ); ੧੬. ਭਾਈ ਸੁੰਦਰ ਸਿੰਘ ਜੀ ਧਰਮਕੋਟ; ੧੭. ਭਾਈ ਅਮਰ ਸਿੰਘ ਜੀ, ਮੀਰਾਂਕੋਟ; ੧੮. ਭਾਈ ਤਾਰਾ ਸਿੰਘ ਜੀ, ਦਿੱਲੀ; ੧੯. ਭਾਈ ਜਗਜੀਵਨ ਸਿੰਘ ਜੀ, ਅੰਬਾਲਾ; ੨੦. ਭਾਈ ਗੁਪਾਲ ਸਿੰਘ ਜੀ, ਮਨੀਮਾਜਰਾ; ੨੧. ਭਾਈ ਧਿਆਨ ਸਿੰਘ ਜੀ, ਮਾਜਰਾ; ੨੨. ਭਾਈ ਬਿਸੰਭਰ ਸਿੰਘ ਜੀ, ਉਜੈਨ ਪੁਰੀ; ੨੩. ਭਾਈ ਹਰਿਗੁਪਾਲ ਸਿੰਘ ਜੀ, ਉਜੈਨ, ੨੪. ਭਾਈ ਧੰਨਾ ਸਿੰਘ ਜੀ ਕਵਿਰਾਜ (ਗੁਰੂ ਕੇ ਘਾਹੀ ਸਨ); ੨੫. ਭਾਈ ਨੰਦ ਸਿੰਘ ਜੀ (ਗ਼ਜ਼ਲਾਂ ਵਾਲੇ); ੨੬. ਭਾਈ ਮਾਨ ਸਿੰਘ ਜੀ (ਚੌਰ ਬਰਦਾਰ); ੨੭. ਭਾਈ ਰਾਇ ਸਿੰਘ ਜੀ, ਰਾਮਪੁਰ ਪਟਿਆਲਾ; ੨੮. ਭਾਈ ਮੱਖਣ ਸਿੰਘ ਜੀ, ਨਾਭਾ; ੨੯. ਭਾਈ ਮਦਨ ਸਿੰਘ ਜੀ, ਐਤੀਆਣਾ ਲੁਧਿਆਣਾ; ੩੦. ਭਾਈ ਧਰਮ ਸਿੰਘ ਜੀ ਭਿੰਡਰਕਲਾਂ, ਫ਼ੀਰੋਜ਼ਪੁਰ; ੩੧. ਭਾਈ ਸੁਜਾਨ ਸਿੰਘ ਜੀ ਰੋਪੜ; ੩੨. ਭਾਈ ਜੀਵਨ ਸਿੰਘ, ਬੋਪਾਰਾਏ ਕੋਟ; ੩੩. ਭਾਈ ਅਕਾਲ ਸਿੰਘ ਜੀ, ਪਿੰਡ ਅਖਾੜਾ, ਲੁਧਿਆਣਾ; ੩੪. ਭਾਈ ਪ੍ਰਤਿਪਾਲ ਸਿੰਘ ਜੀ, ਰਾਵਲਪਿੰਡੀ; ੩੫. ਭਾਈ ਦਿਆਲ ਸਿੰਘ ਜੀ, ਗੋਇੰਦਵਾਲ ਸਾਹਿਬ; ੩੬. ਭਾਈ ਬਖਤਾਵਰ ਸਿੰਘ ਜੀ ਸੋਢੀ, ਅਨੰਦਪੁਰ ਸਾਹਿਬ; ੩੭. ਭਾਈ ਦੇਵਾ ਸਿੰਘ ਜੀ, ਤਰਨਤਾਰਨ ਸਾਹਿਬ; ੩੮. ਭਾਈ ਮੇਵਾ ਸਿੰਘ ਜੀ, ਖਡੂਰ ਸਾਹਿਬ; ੩੯. ਭਾਈ ਧਿਆਨ ਸਿੰਘ ਜੀ, ਨਨਕਾਣਾ ਸਾਹਿਬ; ੪੦. ਭਾਈ ਅੱਚਲ ਸਿੰਘ, ਸਾਬੋ ਕੀ ਤਲਵੰਡੀ ਗੁਰੂ ਕਾਸ਼ੀ; ੪੧. ਭਾਈ ਜੈ ਸਿੰਘ ਜੀ (ਰਾਜਾ ਜੈਪੁਰ, ਗੁਰੂ

ਸਾਹਿਬ ਤੋਂ ਅੰਮ੍ਰਿਤ ਪਾਨ ਕੀਤਾ); ੪੨. ਭਾਈ ਬਿਸ਼ਨ ਸਿੰਘ ਜੀ (ਰਾਜਾ ਜਧਪੁਰੀਆ ਗੁਰੂ ਮਹਾਰਾਜ ਤੋਂ ਅੰਮ੍ਰਿਤ ਛਕਿਆ); ੪੩. ਭਾਈ ਭਾਗ ਸਿੰਘ ਜੀ, ਅਨੰਦਪੁਰ ਸਾਹਿਬ; ੪੪. ਭਾਈ ਵਸਾਵਾ ਸਿੰਘ ਜੀ, ਪਿੰਡ ਚੋਲ੍ਹਾ ਸਾਹਿਬ; ੪੫. ਭਾਈ ਘਨਈਆ ਸਿੰਘ ਜੀ, ਤਖਤੂਪੁਰਾ; ੪੬. ਭਾਈ ਰਾਮ ਸਿੰਘ ਜੀ (ਰਾਜਾ ਨਾਭਾ-ਪਟਿਆਲਾ-ਜੀਂਦ); ੪੭. ਭਾਈ ਤਰਲੋਕ ਸਿੰਘ ਜੀ (ਫੂਲ ਬੰਸ); ੪੮. ਭਾਈ ਮਲਿਆਗਰ ਸਿੰਘ ਜੀ ਸੰਤੋਖੀ।

## ਟਕਸਾਲ ਦੇ ੨੫ ਨਿਯਮ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਪੜ੍ਹਣ ਸਮੇਂ (ਦਮਦਮੀ ਟਕਸਾਲ) ਦੇ ਹੇਠ ਲਿਖੇ ਨਿਯਮ ਆਪ ਕਾਇਮ ਕੀਤੇ, ਜਿਨ੍ਹਾਂ ਉੱਪਰ ਅੱਜ ਵੀ ਜਥੇ ਵਿਚ ਵਿੱਦਿਆ ਪੜ੍ਹਣ ਵਾਲੇ ਵਿਦਿਆਰਥੀ ਅਮਲ ਕਰਦੇ ਆ ਰਹੇ ਹਨ। ਇਹ ਨਿਯਮ ਜੋ ਦਮਦਮੀ ਟਕਸਾਲ ਵਿਚ ਅੱਜ ਵੀ ਪ੍ਰਚਲਤ ਹਨ, ਹੇਠ ਲਿਖੇ ਅਨੁਸਾਰ ਹਨ :—

੧. ਅੰਮ੍ਰਿਤਧਾਰੀ ਸਿੰਘ ਹੋਵੇ, ਦਸਾਂ ਸਤਿਗੁਰਾਂ ਦੀ ਜੋਤਿ ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਦੇਹ ਨੂੰ ਗੁਰੂ ਨਾ ਮੰਨੇ, ਗਾਤਰੇ ਕ੍ਰਿਪਾਨ ਧਾਰੀ, ਪੰਜ ਕਕਾਰਾਂ ਦੀ ਰਹਿਤ ਰੱਖਦਾ ਹੋਵੇ। ਪੰਜ ਕੁਰਹਿਤਾਂ ਤੋਂ ਬਚਿਆ ਹੋਇਆ ਹੋਵੇ, ਨਿੱਤਨੇਮ ਦੀਆਂ ਬਾਣੀਆਂ ਦਾ ਨਿਯਮੀ ਹੋਵੇ, ਪੰਜ ਗ੍ਰੰਥੀ ਆਦਿਕ ਬਾਣੀ ਦਾ ਪਾਠ ਕਰਦਾ ਹੋਵੇ।

੨. ਮੂਲਮੰਤ੍ਰ, ਗੁਰਮੰਤ੍ਰ, ਅੰਮ੍ਰਿਤ ਨਾਮ ਦਾ ਅਭਿਆਸੀ ਹੋਵੇ।

੩. ਮਨ, ਬਾਣੀ, ਸਰੀਰ ਕਰਕੇ ਨਿਮਰਤਾ ਵਾਲਾ ਹੋਵੇ, ਲੜਾਕਾ ਨਾ ਹੋਵੇ।

੪. ਸਭ ਸੰਗਤ ਨਾਲ ਗੁਰੂ ਕਾ ਰੂਪ ਜਾਣ ਕੇ ਪ੍ਰੇਮ ਕਰਦਾ ਹੋਵੇ। ਰਾਗ ਦ੍ਵੈਖ ਤੋਂ ਰਹਿਤ ਇਕ ਰਸ ਪ੍ਰੇਮੀ ਹੋਵੇ।

੫. ਖ਼ਾਲਸਾ ਪੰਥ ਦੀ ਜਥੇਬੰਦੀ ਵਿਚ ਆਪ ਨੂੰ ਸਦਾ ਜਾਣੇ, ਪੰਥ ਤੋਂ ਉਲਟ ਕਦੇ ਨਾ ਹੋਵੇ, ਪੰਥ ਦੀ ਨਿੰਦਾ ਨਾ ਕਰੇ, ਸ਼ਸਤਰਧਾਰੀ, ਸੂਰਬੀਰ, ਧਰਮ ਦੀ ਰਾਖੀ ਵਾਸਤੇ ਸਮੇਂ ਸਿਰ ਸੀਸ ਕੁਰਬਾਨ ਕਰ ਦੇਵੇ, ਕਾਇਰ ਨਾ ਬਣੇ।

੬. ਦਸਮ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸ਼ੁੱਧ ਪਾਠ ਕਰਨ ਵਾਲਾ ਤੇ ਅਰਥ ਪਕਾਉਣ ਵਾਲੇ ਹੋਵੇ।

੭. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ '੧ਓ' ਤੋਂ ਲੈ ਕੇ *'ਅਠਾਰਹ ਦਸ ਬੀਸ'* ਤਕ ਇਕੋ ਜਾਣ ਕੇ ਭਾਵਨਾ ਕਰੇ।

DAMDAMI TAKSAAL.ORG



੮. ਗੁਰੂ ਇਤਿਹਾਸ ਦਸਾਂ ਗੁਰਾਂ ਦਾ ਪੂਰਾ ਜਾਨਣ ਵਾਲਾ ਹੋਵੇ।


੯. ਭਾਈ ਗੁਰਦਾਸ ਸਾਹਿਬ ਜੀ ਦੀ ਬਾਣੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦੇ ਅਰਥ ਪੜ੍ਹੇ। ਦਸਮ ਗ੍ਰੰਥ ਦੀ ਬੀੜ ਸਾਰੀ ਸ੍ਰੀ ਮੁਖਵਾਕ ਨਿਸਚਾ ਕਰ ਪੜ੍ਹੇ।

੧੦. ਹੋਰ ਮੱਤਾਂ ਦੀਆਂ ਪੁਸਤਕਾਂ, ਯੋਗ, ਵੇਦਾਂਤ ਆਦਿ ਦੇ ਸਿਧਾਂਤ ਦਾ ਚੰਗਾ ਜਾਣੂ ਹੋਵੇ।

੧੧. ਇਕ ਪ੍ਰਮੇਸ਼ਰ ਦਾ ਦ੍ਰਿੜ੍ਹ ਵਿਸ਼ਵਾਸੀ ਉਪਾਸ਼ਕ ਹੋਵੇ, ਦੋਵੇਂ ਵੇਲੇ ਸਤਿ-ਸੰਗਤ ਕਰਦਾ ਹੋਵੇ। ਯਥਾ ਸ਼ਕਤਿ ਲੰਗਰ, ਲੀੜੇ ਦੀ ਸੇਵਾ ਕਰਨ ਦਾ ਉੱਦਮੀ ਹੋਵੇ।

੧੨. ਕਿਸੇ ਮੱਤ ਨਾਲ ਵੈਰ ਨਾ ਕਰੇ, ਸਾਰਿਆਂ ਵਿਚ ਪ੍ਰਮੇਸ਼ਰ ਇਕੋ ਜਿਹਾ ਵਿਆਪਕ ਜਾਣ ਕੇ ਹਿਤ ਕਰੇ ਤੇ ਜ਼ੁਲਮ ਦਾ ਵੈਰੀ ਹੋਵੇ। ਆਪਣੇ ਖ਼ਾਲਸਾ ਧਰਮ ਵਿਚ ਪੱਕਾ ਹੋਵੇ।

**ਰਹਿਣੀ ਰਹੈ ਸੋਈ ਸਿਖ ਮੇਰਾ**



ਦਸਵੇਂ ਪਾਤਸ਼ਾਹ ਜੀ ਵੱਲੋਂ ਮਿਤੀ ੨੬ ਜੇਠ, ੧੭੫੯ ਬਿਕਰਮੀ ਨੂੰ ਕਾਬਲ ਦੀ ਸੰਗਤ ਨੂੰ ਲਿਖਿਆ ਹੁਕਮਨਾਮਾ

੧੩. ਮਨ ਵਿਚ ਪੂਰਨ ਗਿਆਨ, ਮੁਖ ਵਿਚ ਕੀਰਤਨ ਭਗਤੀ, ਸਰੀਰ ਕਰਕੇ ਵੈਰਾਗ ਦਾ ਵਰਤਾਰਾ, ਸਾਧ ਸੰਗਤਿ ਜੀ ਦੀ ਸੇਵਾ ਕਰੇ।

੧੪. ਆਪਣੇ ਗੁਣਾਂ ਦੀ ਸ਼ਲਾਘਾ ਤੇ ਪਰਾਏ ਅਉਗੁਣ ਨਾ ਕਹੇ, ਜੀਆਂ ਨੂੰ ਦੁਖ ਨਾ ਦੇਵੇ। ਕਪਟ ਤੋਂ ਰਹਿਤ ਹੋਵੇ, ਗੁਰ ਸੇਵੀ ਹੋਵੇ।

੧੫. ਪ੍ਰਮੇਸ਼ਰ ਦਾ ਅਨਿੰਨ ਭਗਤ ਹੋਵੇ, ਗੁਰਸਿੱਖੀ ਨੂੰ ਸਭ ਤੋਂ ਉੱਚੀ ਜਾਣੇ। ਦੁਖ-ਸੁਖ ਵਿਚ ਸਮ ਚਿੱਤ ਰਹੇ। ਬੇਮੁਖ ਦੀ ਸੰਗਤ ਨਾ ਕਰੇ। ਸਭ ਗਿਆਨ-ਧਿਆਨ ਨਾਲੋਂ ਨਾਮ ਨੂੰ ਸਭ ਤੋਂ ਵੱਡਾ ਜਾਣ ਕੇ ਸਦਾ ਜਪੇ। ਗੁਰਮਤਿ ਦੁਆਰਾ ਮੁਕਤੀ ਦਾਤਾ ਕੇਵਲ ਨਾਮ ਦ੍ਰਿੜ ਕਰੇ।

੧੬. ਨਾਮ ਦੀ ਦ੍ਰਿੜਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਵੇਲੇ ਕੀਤੀ ਹੋਵੇ, ਦ੍ਰਿੜ ਲਿਵ ਲੱਗੀ ਹੋਵੇ।

੧੭. ਸ਼ਰਾਬ, ਮਾਸ ਤੇ ਹੋਰ ਕੋਈ ਅਮਲ ਨਾ ਵਰਤਦਾ ਹੋਵੇ। ਹੱਠ, ਚੁਗਲੀ, ਈਰਖਾ, ਪਾਰਟੀਬਾਜ਼ੀ ਤੋਂ ਰਹਿਤ ਹੋਵੇ, ਕਾਮ ਆਦਿ ਪੰਜਾਂ ਵਿਕਾਰਾਂ ਤੋਂ ਡਰਦਾ ਰਹੇ।

੧੮. ਅਲਪ-ਅਹਾਰੀ ਹੋਵੇ। ਥੋੜ੍ਹਾ ਸੌਂਦਾ ਹੋਵੇ। ਥੋੜ੍ਹਾ ਬੋਲਦੇ ਹੋਵੇ। ਨਾਮ ਰੰਗ ਵਿਚ ਰੱਤਾ ਹੋਵੇ। ਅੰਮ੍ਰਿਤ ਨਾਮ ਦਾ ਦ੍ਰਿੜ ਵਿਸ਼ਵਾਸੀ ਹੋਵੇ।

੧੯. ਧਾਰਮਿਕ ਖ਼ਿਆਲਾਂ ਵਿਚ ਪੱਕਾ ਹੋਵੇ। ਪ੍ਰੀਤ ਨਾਲ ਬਾਣੀ ਪੜ੍ਹਦਾ ਹੋਵੇ। ਕੁਤੱਰਕੀ ਨਾ ਹੋਵੇ। ਸਮਝਣ ਵਿਚ ਚਤਰ ਹੋਵੇ। ਆਲਸਹੀਣ ਹੋਵੇ।

੨੦. ਸਰੀਰ ਦੀ ਸ਼ੁੱਧੀ ਰੱਖੇ, ਪਖੰਡੀ ਨਾ ਹੋਵੇ, ਇਕਾਂਤ ਦੇਸ਼ ਵਿਚ ਵਿੱਦਿਆ ਪਕਾਵੇ।

੨੧. ਅੰਮ੍ਰਿਤ ਵੇਲੇ ਜਾਗਣ ਵਾਲਾ ਹੋਵੇ, ਇਸ਼ਨਾਨ ਦਾ ਹਰ ਰੋਜ਼ ਨਿਯਮੀ ਹੋਵੇ। ਸੰਗਤ ਦੀ ਜਥੇਬੰਦੀ ਵਿਚ ਰਹੇ, ਆਗਿਆਕਾਰੀ ਹੋਵੇ।

੨੨. ਲਾਲਚ ਤੋਂ ਰਹਿਤ ਹੋਵੇ। ਪੜ੍ਹਣ-ਪੜ੍ਹਾਉਣ ਦੀ ਮੁਫ਼ਤ ਸੇਵਾ ਕਰੇ। ਦੇਸ਼ ਆਦਿ ਦੀ ਮੇਰ ਤੋਂ ਰਹਿਤ ਹੋ ਕੇ ਗੁਰਮਤਿ ਗੁਰਬਾਣੀ ਦਾ ਪ੍ਰਚਾਰ ਕਰੇ।

੨੩. ਆਪ ਜੋ ਵਿੱਦਿਆ ਪੜ੍ਹੀ ਤੇ ਪ੍ਰਾਪਤ ਕੀਤੀ ਹੈ, ਅੱਗੇ ਸੰਗਤਾਂ ਵਿਚ ਪ੍ਰੇਮ ਨਾਲ ਪੜ੍ਹਾਵੇ। ਆਪਣੇ ਸਰੀਰ ਨਾਲੋਂ ਸਾਰੇ ਸਿੰਘਾਂ ਨੂੰ ਪਿਆਰ ਤੇ ਅਦਬ ਕਰੇ।

੨੪. ਠੱਗੀ ਨਾ ਮਾਰੇ, ਝੂਠ ਨਾ ਬੋਲੇ, ਹਰ ਹਾਲਤ ਵਿਚ ਪਿਆਰੀ ਸਿੱਖੀ ਨਾ ਤਿਆਗੇ। ਨਾਸਤਕ ਨਾ ਹੋਵੇ, ਮਨ ਬਾਣੀ ਸਰੀਰ ਕਰਕੇ ਗੁਰੂ ਨੂੰ ਅੰਗ-ਸੰਗ ਜਾਣੇ।

੨੫. ਨਿਰ-ਅਭਿਮਾਨ ਹੋ ਕੇ, ਸੱਚਾ ਪ੍ਰੇਮ ਲਾ ਕੇ ਆਪ ਜਪੇ ਹੋਰਨਾਂ ਤੋਂ ਜਪਾਏ, ਜੀਵਨ ਮੁਕਤੀ ਪਾਵੇ।

DAMDAMI TAKSAAL.ORG



ਦਮਦਮੀ ਟਕਸਾਲ ਦੇ ਮੁਖੀ ਉਪਰੋਕਤ ੨੫ ਨਿਯਮਾਂ 'ਤੇ ਆਪ ਅਮਲ ਕਰਦੇ ਰਹੇ ਅਤੇ ਜਥੇ ਵਿਚ ਸ਼ਾਮਲ ਵਿਦਿਆਰਥੀਆਂ ਨੂੰ ਇਹਨਾਂ 'ਤੇ ਅਮਲ ਕਰਵਾਉਂਦੇ ਅਤੇ ਵਿੱਦਿਆ ਪੜ੍ਹਾਉਂਦੇ ਰਹੇ ਹਨ।

## ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੇ ਮੁਖੀ ਵਿਦਿਆਰਥੀ

੧. ਸ੍ਰੀਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਚੌਧਵੇਂ ਜਥੇਦਾਰ ਦਮਦਮੀ ਟਕਸਾਲ ਜਥਾ ਭਿੰਡਰਾਂ, ਮਹਿਤਾ; ੨. ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਸ਼ਹੀਦ, ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਵੱਡੇ ਸਪੁੱਤਰ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ); ੩. ਸਿੰਘ ਸਾਹਿਬ ਗਿਆਨੀ ਜਸਬੀਰ ਸਿੰਘ ਜੀ, ਪਿੰਡ ਰੋਡੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ; ੪. ਸਿੰਘ ਸਾਹਿਬ ਗਿਆਨੀ ਸ਼ਵਿੰਦਰ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ; ੫. ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ; ੬. ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ, ਪਿੰਡ ਭੂਰੇ, ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ (ਭਤੀਜੇ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ, ਮਹਿਤਾ); ੭. ਗਿਆਨੀ ਹਰਦੀਪ ਸਿੰਘ ਜੀ, ਹੈੱਡ ਗ੍ਰੰਥੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਚਖੰਡ ਨਾਂਦੇੜ; ੮. ਜਥੇਦਾਰ ਗਿਆਨੀ ਰਾਮ ਸਿੰਘ ਜੀ ਚੁਲੱਧਾ, ਸੁਲਤਾਨਪੁਰ ਸਾਹਿਬ, ਕਪੂਰਥਲਾ, ੯. ਗਿਆਨੀ ਜਸਵੰਤ ਸਿੰਘ ਜੀ ਕਥਾ ਵਾਚਕ ਸ੍ਰੀ ਮੰਜੀ ਸਾਹਿਬ, ਅੰਮ੍ਰਿਤਸਰ; ੧੦. ਗਿਆਨੀ ਨਾਇਬ ਸਿੰਘ ਜੀ, ਪਿੰਡ ਰੋਡੇ, ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ; ੧੧. ਗਿਆਨੀ ਠਾਕੁਰ ਸਿੰਘ ਜੀ, ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ; ੧੨. ਗਿਆਨੀ ਬਚਨ ਸਿੰਘ ਜੀ ਉਦੋ ਕੇ, ਗ੍ਰੰਥੀ ਗੁਰਦੁਆਰਾ ਚੋਲ੍ਹਾ ਸਾਹਿਬ; ੧੩. ਗਿਆਨੀ ਬਾਬਾ ਧਰਮ ਸਿੰਘ ਜੀ ਜਥੇਦਾਰ; ੧੪. ਗਿਆਨੀ ਬਖ਼ਸ਼ੀਸ਼ ਸਿੰਘ ਜੀ (ਪੰਡਿਤ); ੧੫. ਭਾਈ ਗੁਰਮੁਖ ਸਿੰਘ ਜੀ, ਪਿੰਡ ਭੂਰੇ (ਡਰਾਇਵਰ); ੧੬. ਗਿਆਨੀ ਪ੍ਰੇਮ ਸਿੰਘ ਜੀ ਘੁਮਾਣ, ਲੁਧਿਆਣਾ; ੧੭. ਗਿਆਨੀ ਮੋਹਕਮ ਸਿੰਘ ਜੀ; ੧੮. ਗਿਆਨੀ ਬਲਵਿੰਦਰ ਸਿੰਘ ਜੀ, ਕੰਨੂ; ੧੯. ਗਿਆਨੀ ਦਲਬੀਰ ਸਿੰਘ ਜੀ (ਅਭਿਆਸੀ); ੨੦. ਗਿਆਨੀ ਬਾਬਾ ਮਹਾਂ ਸਿੰਘ ਜੀ ਮਟੌਰ, ਚੰਡੀਗੜ੍ਹ; ੨੧. ਗਿਆਨੀ ਹਰਨਾਮ ਸਿੰਘ ਜੀ ਧੁੰਮਾ, ਪਟਿਆਲਾ; ੨੨. ਗਿਆਨੀ ਮਲਕੀਅਤ ਸਿੰਘ ਜੀ, ਹੁਸ਼ਿਆਰਪੁਰ; ੨੩. ਗਿਆਨੀ ਨਿਰਮਲ ਸਿੰਘ ਜੀ, ਵਲਟੋਹਾ; ੨੪. ਗਿਆਨੀ ਹਰਬੰਸ ਸਿੰਘ ਜੀ, ਪਿੰਡ ਭੂਰੇ; ੨੫. ਗਿਆਨੀ ਸੁਖਦੇਵ ਸਿੰਘ ਜੀ

ਛੇਹਰਟਾ ਸਾਹਿਬ; ੨੬. ਗਿਆਨੀ ਦਲੀਪ ਸਿੰਘ ਜੀ, ਪਿੰਡ ਰੋਡੇ; ੨੭. ਗਿਆਨੀ ਮੋਹਣ ਸਿੰਘ ਜੀ, ਉਰਲਾਣਾ; ੨੮. ਗਿਆਨੀ ਦਵਿੰਦਰ ਸਿੰਘ ਜੀ ਮਸਾਣੀਆਂ; ੨੯. ਗਿਆਨੀ ਦਰਸ਼ਨ ਸਿੰਘ ਜੀ, ਚੂਲੜ ਕਲਾਂ; ੩੦. ਗਿਆਨੀ ਮੱਲ ਸਿੰਘ ਜੀ ਡੇਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ; ੩੧. ਗਿਆਨੀ ਗੁਰਨਾਮ ਸਿੰਘ ਜੀ, ਪੰਜੋਖਰਾ ਸਾਹਿਬ; ੩੨. ਗਿਆਨੀ ਸਕੱਤਰ ਸਿੰਘ ਜੀ, **ਵੜਿੰਗ**; **੩੩. ਗਿਆਨੀ** ਜਰਨੈਲ ਸਿੰਘ ਜੀ, ਜਾਰਜਪੁਰ ਕਪੂਰਥਲਾ; **੩੪. ਗਿਆਨੀ ਸੁਖਦੇਵ ਸਿੰਘ ਜੀ** ਸਾਜਨ; ੩੫. ਗਿਆਨੀ ਵੀਰ ਸਿੰਘ ਜੀ ਮੁੱਛਲ, ਅੰਮ੍ਰਿਤਸਰ; **੩੬. ਗਿਆਨੀ** ਗੁਰਮੇਲ ਸਿੰਘ ਜੀ ਜਾਰਜਪੁਰ; ੩੭. ਗਿਆਨੀ ਗੁਰਸ਼ਰਨ ਸਿੰਘ ਜੀ; **੩੮. ਗਿਆਨੀ** ਰਣਜੀਤ ਸਿੰਘ ਜੀ ਕਾਲ੍ਹਵਾਂ, ਗੁਰਦਾਸਪੁਰ; ੩੯. ਗਿਆਨੀ ਬਲਦੇਵ ਸਿੰਘ ਜੀ, ਗ੍ਰੰਥੀ ਤਖ਼ਤ ਸ੍ਰੀ ਪਟਨਾ ਸਾਹਿਬ; ੪੦. ਗਿਆਨੀ ਲੱਖਾ ਸਿੰਘ ਜੀ, ਕਾਲ੍ਹਵਾਂ, ੪੧. ਗਿਆਨੀ ਅਮਰੀਕ ਸਿੰਘ ਜੀ (ਮਣੇਸ਼); ੪੨. ਗਿਆਨੀ ਤਰਲੋਕ ਸਿੰਘ ਜੀ ਬੰਬਈ ਵਾਲੇ; ੪੩. ਗਿਆਨੀ ਗੁਰਬੰਸ ਸਿੰਘ ਜੀ, ਦਾਨੂੰਵਾਲ; ੪੪. ਰਾਗੀ ਅਤਰ ਸਿੰਘ ਜੀ, ੪੫. ਸ਼ਹੀਦ ਗਿਆਨੀ ਗੁਰਮੁਖ ਸਿੰਘ ਜੀ ਗੜਵਈ; ੪੬. ਸ਼ਹੀਦ ਰਛਪਾਲ ਸਿੰਘ ਜੀ (ਸੰਤਾਂ ਦਾ ਪੀ.ਏ.); ੪੭. ਗਿਆਨੀ ਸਵਰਨ ਸਿੰਘ ਜੀ ਸ਼ਹੀਦ, ਪਿੰਡ ਰੋਡੇ; ੪੮. ਸ਼ਹੀਦ ਰਘਬੀਰ ਸਿੰਘ ਜੀ ਫ਼ੌਜੀ; ੪੯. ਸ਼ਹੀਦ ਜਗੀਰ ਸਿੰਘ ਜੀ; ੫੦. ਸ਼ਹੀਦ ਬਾਬਾ ਦਰਸ਼ਨ ਸਿੰਘ ਜੀ; ੫੧. ਸ਼ਹੀਦ ਗੁਰਮੀਤ ਸਿੰਘ ਜੀ ਧੂੜਕੋਟ; ੫੨. ਸ਼ਹੀਦ ਹਰਚਰਨ ਸਿੰਘ ਜੀ ਮੁਕਤਾ; ੫੩. ਰਾਗੀ ਬਲਦੇਵ ਸਿੰਘ ਜੀ, ੫੪. ਭਾਈ ਬਲਦੇਵ ਸਿੰਘ ਪਿੰਡ ਭੂਰੇ (ਸੰਤਾਂ ਦੇ ਭਤੀਜੇ); ੫੫. ਸ਼ਹੀਦ ਭਾਈ ਬਲਜਿੰਦਰ ਸਿੰਘ ਜੀ (ਸੰਤਾਂ ਦੇ ਭਤੀਜੇ); ੫੬. ਭਾਈ ਹਜ਼ੂਰ ਸਿੰਘ ਜੀ, ਯੂ.ਪੀ.; ੫੭. ਭਾਈ ਪਰੇਮ ਸਿੰਘ ਜੀ, ਖਡੂਰ ਸਾਹਿਬ; ੫੮. ਰਾਗੀ ਪੂਰਨ ਸਿੰਘ ਜੀ; ੫੯. ਰਾਗੀ ਕਰਨੈਲ ਸਿੰਘ ਜੀ; ੬੦. ਰਾਗੀ ਹਰੀ ਸਿੰਘ ਜੀ; ੬੧. ਰਾਗੀ ਮਹਾਂ ਸਿੰਘ ਜੀ; ੬੨. ਰਾਗੀ ਸੁਰਜੀਤ ਸਿੰਘ ਜੀ, ਕਰਨਾਲ; ੬੩. ਰਾਗੀ ਹੁਕਮ ਸਿੰਘ ਜੀ, ਪਟਿਆਲਾ; ੬੪. ਰਾਗੀ ਸੋਹਣ ਸਿੰਘ ਜੀ, ਝਿੱਕਾ; ੬੫. ਰਾਗੀ ਜਸਵੀਰ ਸਿੰਘ ਜੀ (ਘੋੜੇਵਾਹਾ); ੬੬. ਰਾਗੀ ਧਰਮ ਸਿੰਘ ਜੀ, ਪਟਨਾ ਸਾਹਿਬ; ੬੭. ਰਾਗੀ ਬਲਦੇਵ ਸਿੰਘ ਜੀ, ਮਹਿਤਾ; ੬੮. ਭਾਈ ਗੁਰਜਿੰਦ ਸਿੰਘ ਜੀ; ੬੯. (ਮਹੰਤ) ਜਗੀਰ ਸਿੰਘ ਜੀ; ੭੦. ਰਾਗੀ ਅਮਰੀਕ ਸਿੰਘ ਜੀ ਮੋਹੀ ਅਤੇ ਹੋਰ ਅਨੇਕਾਂ ਵਿਦਿਆਰਥੀ।

## ਕੀਰਤਨ ਵਿਦਿਆਲੇ ਦੇ ਨਿਯਮ

੧. ਮਹਿਤੇ ਕੀਰਤਨ ਵਿਦਿਆਲੇ ਦੇ ੩੫ ਕਮਰੇ ਹਨ। ਹਰ ਵਿਦਿਆਰਥੀ ਨੂੰ ਰਾਗ ਵਿੱਦਿਆ ਸਿਖਾਈ ਜਾਂਦੀ ਹੈ। ਕੀਰਤਨ ਵਿਦਿਆਲੇ ਵਿਚ ਰਾਗ ਵਿਦਿਆਲੇ ਵਿਚ ਰਾਗ ਵਿੱਦਿਆ ਸਿੱਖਣ ਵਾਲਿਆਂ ਲਈ ਇਹ ਜ਼ਰੂਰੀ ਹੈ ਕਿ ਆਪਣੀ ਸੰਥਿਆ ਹਰ ਰੋਜ਼ ਕਰਨ ਅਤੇ ਉਸਦਾ ਅਭਿਆਸ ਵੱਧ ਤੋਂ

DAMDAMI TAKSAAL.ORG



ਵੱਧ ਕਰਨ। ਕੀਰਤਨ ਸਿਖਾਉਣ ਵਾਲੇ ਦੀ ਪੂਰੀ-ਪੂਰੀ ਆਗਿਆ ਮੰਨਣ।

੨. ਵਿਦਿਆਲੇ ਵਿਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਦੋ ਘੰਟੇ ਸੇਵਾ ਕਰਨੀ ਜ਼ਰੂਰੀ ਹੈ। ਕਿਸੇ ਵਿਸ਼ੇਸ਼ ਥਾਂ ਬਹੁਤਾ ਸਮਾਂ ਸੇਵਾ ਦੀ ਲੋੜ ਪਵੇ ਤਾਂ ਉਹ ਵੀ ਕਰਨੀ ਪਵੇਗੀ, ਜਿਵੇਂ ਬਾਹਰੋਂ ਆਈ ਸੰਗਤ ਦੀ ਸੇਵਾ, ਲੰਗਰ, ਬਾਲਣ ਆਦਿਕ ਦੀ ਸੇਵਾ।

੩. ਬਿਨਾਂ ਆਗਿਆ ਪਿੰਡ ਵਿਚ, ਚੌਂਕ ਵਿਚ, ਆਸੇ-ਪਾਸੇ ਜਾਂ ਆਪਣੇ ਪਿੰਡ ਨੂੰ ਨਹੀਂ ਜਾ ਸਕਦੇ। ਸਾਲ ਵਿਚ ਦੋ ਵਾਰੀ ਪਿੰਡ ਨੂੰ ਜਾਣ ਦਾ ਕਿਰਾਇਆ ਦਿੱਤਾ ਜਾਵੇਗਾ।

੪. ਬਸਤਰ (ਕ੍ਰਿਆ) ਜਥੇ ਦੇ ਸਿੰਘਾਂ ਨਾਲ ਮਿਲਿਆ ਕਰੇਗੀ। ਨਵੇਂ ਵਿਦਿਆਰਥੀ ਲੋੜ ਅਨੁਸਾਰ ਸਮਾਨ ਲੈ ਕੇ ਆਉਣ।

੫. ਗੁਰਦੁਆਰੇ ਸਾਹਿਬ ਨੂੰ ਆਪਣੇ ਘਰ ਨਾਲੋਂ ਚੰਗਾ ਜਾਣ ਕੇ ਰਹਿਣ। ਜਥੇ ਦੀ, ਵਿਦਿਆਲੇ ਦੀ ਅਤੇ ਆਪਣੀ ਹਰ ਸਮੇਂ ਚੜ੍ਹਦੀ ਕਲਾ ਦੇ ਇੱਛਕ ਰਹਿਣ। ਹਮੇਸ਼ਾ ਜਥੇ ਨਾਲ ਸਬੰਧ ਰੱਖਣ।

੬. ਗੁਰਮਤਿ ਦਾ ਪ੍ਰਚਾਰ ਅਤੇ ਅਭਿਆਸ ਕਰਨ ਲਈ ਉਸਤਾਦ ਦੀ ਆਗਿਆ ਲੈ ਕੇ ਵਿਸ਼ੇਸ਼ ਦੀਵਾਨਾਂ 'ਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਜਾਣਾ। ਪ੍ਰੇਮੀਆਂ ਜਾਂ ਸੰਗਤਾਂ ਪਾਸੋਂ ਮਾਇਆ ਦਾ ਲਾਲਚ ਨਹੀਂ ਕਰਨਾ।

੭. ਇਕ ਦੂਜੇ ਤੋਂ ਸਿੱਖਣ ਤੇ ਸਿਖਾਉਣ ਦਾ ਸੁਭਾਅ ਬਨਾਉਣਾ। ਕਲਾਸ ਦੀ ਘੰਟੀ ਵੱਜਣ 'ਤੇ ਸਾਰੇ ਵਿਦਿਆਰਥੀ ਇਕੱਠੇ ਹੋ ਜਾਣ, ਜਿੰਨੇ ਸ਼ਬਦ ਕੱਢਣ, ਉਹ ਜ਼ਬਾਨੀ ਕੰਠ ਹੋਣ। ਜਿੰਨਾਂ ਚਿਰ ਉਹ ਸ਼ਬਦ ਜ਼ਬਾਨੀ ਕੰਠ ਨਹੀਂ ਹੋਣਗੇ, ਅੱਗੇ ਸੰਥਿਆ ਨਹੀਂ ਹੋਵੇਗੀ। ਜਥੇ ਵਿਚ ਰਹਿਣ ਵਾਲੇ ਸਾਰੇ ਨਿਯਮਾਂ ਦੇ ਧਾਰਨੀ ਹੋਣਾ।

## ਕੀਰਤਨ ਵਿਦਿਆਲੇ ਦੇ ਪਹਿਲੇ ਪ੍ਰਿੰਸੀਪਲਾਂ ਦੇ ਨਾਮ

੧. ਰਾਗੀ ਭਾਈ ਸੋਹਣ ਸਿੰਘ ਜੀ, ਪਿੰਡ ਝਿੱਕਾ, ਜ਼ਿਲ੍ਹਾ ਹੁਸ਼ਿਆਰਪੁਰ।

੨. ਰਾਗੀ ਭਾਈ ਬਲਦੇਵ ਸਿੰਘ ਜੀ, ਅੰਮ੍ਰਿਤਸਰ।

੩. ਸਚਖੰਡ ਵਾਸੀ ਰਾਗੀ ਭਾਈ ਜਸਵੰਤ ਸਿੰਘ ਜੀ, ਪਿੰਡ ਕੁਲਾਰ, ਜ਼ਿਲ੍ਹਾ ਲੁਧਿਆਣਾ।

੪. ਰਾਗੀ ਭਾਈ ਪ੍ਰੀਤਮ ਸਿੰਘ ਜੀ, ਜ਼ਖ਼ਮੀ।

੫. ਹੁਣ ਵਰਤਮਾਨ ਸਮੇਂ ਵਿਚ ਕਈ ਸਾਲਾਂ ਤੋਂ ਰਾਗੀ ਭਾਈ ਪੂਰਨ ਸਿੰਘ ਜੀ, ਕੁਹਾੜਕਾ ਪ੍ਰੇਮ ਨਾਲ ਕੀਰਤਨ ਸਿਖਾ ਰਹੇ ਹਨ।

## ਲੇਖਕ ਨਾਲ ਜਾਣ-ਪਛਾਣ

ਗਿਆਨੀ ਪ੍ਰੀਤਮ ਸਿੰਘ ਜੀ ਦਾ ਜਨਮ ਸੰਨ ੧੯੩੩ ਈ: ਮਾਘ ਮਹੀਨੇ ਅੰਮ੍ਰਿਤ ਵੇਲੇ ਚਾਰ ਵਜੇ, ਨਾਨਕੇ ਘਰ ਪਿੰਡ ਰੱਤਾ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਆਪ ਜੀ ਦਾ ਜੱਦੀ ਪਿੰਡ ਮੋਹਨ ਭੰਡਾਰੀਆਂ ਹੈ, ਪਰ ਬਾਅਦ ਵਿਚ ਪੱਕੀ ਰਿਹਾਇਸ਼ ਕਸਬਾ ਰਾਇਕੋਟ ਜ਼ਿਲ੍ਹਾ (ਲੁਧਿਆਣਾ) ਵਿਖੇ ਹੋ ਗਈ। ਆਪ ਜੀ ਦੇ ਮਾਤਾ ਬਲਵੰਤ ਕੌਰ ਜੀ ਅਤੇ ਪਿਤਾ ਸਰਦਾਰ ਮੇਜਾ ਸਿੰਘ ਜੀ ਕੰਗ ਗੋਤ ਦੇ ਹਨ। ਮਾਤਾ ਪਿਤਾ ਜੀ ਅੰਮ੍ਰਿਤਧਾਰੀ, ਭਾਉ-ਭਗਤੀ ਵਾਲੇ, ਨਿੱਤਨੇਮੀ, ਖੇਤੀ ਦੀ ਦਸਾਂ ਨੌਹੁਆਂ ਦੀ ਕਿਰਤ ਕਰਨ ਵਾਲੇ, ਵੰਡ ਕੇ ਖਾਣ ਤੇ ਦਸਵੰਧ ਦੇਣ ਵਾਲੇ ਹਨ। ਤੀਰਥਾਂ ਦੇ ਸ਼ਰਧਾ ਨਾਲ ਦਰਸ਼ਨ ਕਰਨੇ ਉਹਨਾਂ ਦਾ ਮੁਖ ਸ਼ੌਂਕ ਹੈ। ਪਿਤਾ ਜੀ ਸਿੱਧੀਆਂ ਧਾਰਨਾਂ ਨਾਲ ਪਿੰਡ ਵਿਚ ਕੀਰਤਨ ਕਰ ਲੈਂਦੇ। ਅਕਾਲੀ ਲਹਿਰ ਵਿਚ ਵਧ-ਚੜ੍ਹ ਕੇ ਉਗਰਾਹੀ ਦਿੰਦੇ। ਗਿਆਨੀ ਜੀ ਦੇ ਪਿਤਾ ਜੀ ਜੈਤੋ ਦੇ ੧੩ਵੇਂ ਜਥੇ ਵਿਚ ਸ਼ਾਮਲ ਹੋ ਕੇ ਗਏ।

ਨਾਨਕੇ ਘਰ ਜਨਮ ਸਮੇਂ ਨਾਨੀ ਉੱਤਮ ਕੌਰ ਜੀ ਨੇ ਗੁਰਦੁਆਰੇ ਜਾ ਕੇ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸ ਕਰਾਈ। ਉਪਰੰਤ ਇਹ ਸ੍ਰੀ ਮੁਖਵਾਕ ਆਇਆ :—

*'ਸੋਰਠਿ ਮਹਲਾ ੫ ॥*
*ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥'*

[ਅੰਗ—੬੧੫]

ਮੁਖਵਾਕ ਦੇ ਪਹਿਲੇ ਅੱਖਰ ਤੋਂ ਨਾਮ ਪ੍ਰੀਤਮ ਸਿੰਘ ਰੱਖਿਆ ਗਿਆ। ਨਾਨਾ ਸ਼ਾਮ ਸਿੰਘ ਜੀ ਰੰਧਾਵਾ ਗੋਤ, ਇਲਾਕੇ ਦੇ ਮੁਖੀ ਅਕਾਲੀਆਂ ਵਿਚੋਂ ਸਨ। ਸਰਕਲ ਦੇ ਜਥੇਦਾਰ ਸਨ। ਅਖੰਡ ਪਾਠੀ, ਗੁਰਮਤਿ ਦੇ ਖੋਜੀ, ਜੈਤੋ ਦੇ ਗਿਆਰਵੇਂ ਜਥੇ ਦੇ ਮੁਖੀਆਂ ਵਿਚੋਂ ਇਕ ਮੁਖੀ ਸਨ। ਗੁਰੂ ਕੇ ਬਾਗ਼ ਜਥਾ ਲੈ ਕੇ ਗਏ। ਆਪ ਸ਼ਹੀਦ ਲਛਮਣ ਸਿੰਘ ਜੀ ਦੇ ਸਾਂਢੂ ਸਨ।

ਮਾਤਾ-ਪਿਤਾ, ਨਾਨਾ-ਨਾਨੀ ਦੇ ਧਾਰਮਿਕ ਜੀਵਨਾਂ ਦਾ ਗਿਆਨੀ ਪ੍ਰੀਤਮ ਸਿੰਘ ਜੀ ਦੇ ਮੁੱਢਲੇ ਜੀਵਨ 'ਤੇ ਕਾਫ਼ੀ ਅਸਰ ਸੀ। ਆਪ ਪਿਤਾ ਜੀ ਨਾਲ ਖੇਤੀਬਾੜੀ ਵਿਚ ਮਦਦ ਕਰਦੇ। ਸਕੂਲੇ ਤਿੰਨ ਜਮਾਤਾਂ ਪੜ੍ਹਾਈ ਕੀਤੀ ਤੇ ਫਿਰ ਗੁਰਮੁਖੀ ਦੀ ਪੜ੍ਹਾਈ ਕੀਤੀ। ਬਾਬਾ ਗਿਆਨ ਸਿੰਘ ਜੀ ਗੜਵਈ ਪਾਸੋਂ ਸ਼ਸਤਰ ਵਿੱਦਿਆ ਸਿੱਖੀ।

ਗਿਆਨੀ ਪ੍ਰੀਤਮ ਸਿੰਘ ਦੇ ਪਿਤਾ ਜੀ ਅੱਠ ਭੈਣ ਭਰਾ ਹਨ ਅਤੇ ਗਿਆਨੀ ਜੀ ਆਪ ਸੱਤ ਭੈਣ ਭਰਾ ਹਨ। ਵੱਡਾ ਪਰਿਵਾਰ ਹੈ। ਸੰਨ ੧੯੫੧ ਈ: ਵਿਚ ਸਚਖੰਡ ਵਾਸੀ ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਦੇ ਜਥੇ ਵਿਚ

DAMDAMI TAKSAAL.ORG



ਭਰਤੀ ਹੋ ਕੇ ਰੱਜ ਕੇ ਮਿਹਨਤ ਕੀਤੀ ਤੇ ਗੁਰਮਤਿ ਦੀ ਵਿੱਦਿਆ ੧੯੬੩ ਈ: ਤੱਕ ਪੜ੍ਹੀ। ਛੇ ਸਾਲ ਮਹਾਂਪੁਰਖਾਂ ਦੇ ਲਿਖਾਰੀ ਰਹੇ। ਆਪ ਦਮਦਮੀ ਟਕਸਾਲ ਦੇ ਮੁਖੀ ਵਿਦਿਆਰਥੀਆਂ ਵਿਚੋਂ ਹਨ। ਜਥੇ ਵਿਚ ਕਠਿਨ ਸੇਵਾ ਕਰਕੇ ਵਿੱਦਿਆ ਪੜ੍ਹ ਕੇ ਮਹਾਂਪੁਰਖਾਂ ਦੀ ਮਹਾਨ ਪ੍ਰਸੰਨਤਾ ਪ੍ਰਾਪਤ ਕੀਤੀ। ਮਹਾਂਪੁਰਖਾਂ ਦੀ ਆਗਿਆ ਅਨੁਸਾਰ ਸੰਨ ੧੯੬੩ ਈ: ਤੋਂ ਦਸੰਬਰ ੧੯੬੯ ਈ: ਤੱਕ ਪਟਿਆਲੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਕਥਾਵਾਚਕ, ਹੈੱਡ ਗ੍ਰੰਥੀ ਦੀ ਡਿਊਟੀ ਕੀਤੀ। ਸ਼ਹਿਰ ਦੀ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ 'ਤੇ ਗਿਆਨੀ ਜੀ ਦਾ ਕਾਫ਼ੀ ਅਸਰ ਅਤੇ ਸਤਿਕਾਰ ਹੈ।

ਦਸੰਬਰ ੧੯੬੯ ਈ: ਨੂੰ ਈਸਟ ਅਫ਼ਰੀਕਾ, ਕੀਨੀਆ ਦੇ ਕਿਸੁਮੂ ਸ਼ਹਿਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਖੇ ਕਥਾਵਾਚਕ, ਹੈੱਡ ਗ੍ਰੰਥੀ ਦੀ ਸੇਵਾ ਕੀਤੀ। ਗਿਆਨੀ ਜੀ ਦਾ ਸਿੱਖ ਸੰਗਤਾਂ ਵਿਚ ਕਾਫ਼ੀ ਅਸਰ ਹੈ। ਕੀਨੀਆ, ਯੁਗਾਨਡਾ, ਤਨਜ਼ਾਨੀਆ ਦੇ ਵੱਡੇ-ਵੱਡੇ ਅਸਥਾਨਾਂ 'ਤੇ ਕਈ ਵਾਰ ਸਿੱਖੀ ਪ੍ਰਚਾਰ ਅਤੇ ਕਥਾ ਕੀਤੀ। ਸ਼ਰਧਾਲੂਆਂ ਨੂੰ ਅੰਮ੍ਰਿਤ ਛਕਾਇਆ ਅਤੇ ਸਤਿਕਾਰ ਪ੍ਰਾਪਤ ਕੀਤਾ।

ਸੰਨ ੧੯੭੫ ਈ: ਵਿਚ ਇੰਗਲੈਂਡ ਆ ਕੇ ਰਾਮਗੜ੍ਹੀਆ ਸਿੱਖ ਗੁਰਦੁਆਰਾ ਫਾਰਿਸਗੇਟ ਵਿਖੇ ਹੈੱਡ ਗ੍ਰੰਥੀ ਦੀ ਡਿਊਟੀ, ਕਥਾ ਪ੍ਰਚਾਰ ਦੀ ਸੇਵਾ ਸੰਭਾਲੀ। ਸੰਗਤਾਂ ਨੇ ਰੱਜ ਕੇ ਸਤਿਕਾਰ ਕੀਤਾ ਅਤੇ ਹੁਣ ਵੀ ਕਰਦੀਆਂ ਹਨ। ਦਸੰਬਰ ੧੯੭੯ ਈ: ਵਿਚ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਵਿਖੇ ਹੈੱਡ ਗ੍ਰੰਥੀ ਦੀ ਡਿਊਟੀ ਕੀਤੀ। ਕਥਾ ਪ੍ਰਚਾਰ ਰਾਹੀਂ ਅਤੇ ਅੰਮ੍ਰਿਤ ਪ੍ਰਚਾਰ ਰਾਹੀਂ ਸੇਵਾ ਕਰਕੇ ਸਤਿਕਾਰ ਪ੍ਰਾਪਤ ਕੀਤਾ। ਸੰਨ ੧੯੮੬ ਈ: ਫ਼ਰਵਰੀ ਮਹੀਨੇ ਡਿਊਟੀ ਤੋਂ ਵਿਹਲੇ ਹੋ ਕੇ ਪੰਜ ਵਾਰ ਕੈਨੇਡਾ, ਚਾਰ ਵਾਰ ਅਮਰੀਕਾ, ਦੋ ਵਾਰ ਹਾਂਗ-ਕਾਂਗ, ਦੋ ਵਾਰ ਬੈਂਕੌਕ, ਸਿੰਘਾਪੁਰ, ਮਲੇਸ਼ੀਆ, ਪੰਦਰਾਂ ਵਾਰ ਜਰਮਨੀ, ਸੱਤ ਵਾਰ ਨੌਰਵੇ, ਚਾਰ ਵਾਰ ਇਟਲੀ ਆਪ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਇਟਲੀ ਵਿਚ ਸਭ ਤੋਂ ਪਹਿਲਾਂ ਗੁਰੂ ਘਰ ਦੀ ਸਥਾਪਨਾ ਕੀਤੀ। ਦੋ ਵਾਰ ਆਸਟ੍ਰੇਲੀਆ, ਹਾਲੈਂਡ, ਬੈਲਜ਼ੀਅਮ, ਪੈਰਿਸ, ਨਿਊਜੀਲੈਂਡ ਆਦਿ ਮੁਲਕਾਂ ਵਿਚ ਧਰਮ ਪ੍ਰਚਾਰ ਦੇ ਦੌਰੇ 'ਤੇ ਗਏ। ਇਹਨਾਂ ਮੁਲਕਾਂ ਵਿਚ ਗਿਆਨੀ ਜੀ ਦੀ ਕਥਾ ਦਾ ਬਹੁਤ ਅਸਰ ਅਤੇ ਸੰਗਤਾਂ ਵਿਚ ਸਤਿਕਾਰ ਹੈ। ਸਾਰੇ ਇੰਗਲੈਂਡ ਦੇ ਗੁਰੂ ਘਰਾਂ ਵਿਚ ਗਿਆਨੀ ਜੀ ਦੀ ਕਥਾ ਦਾ ਕਾਫ਼ੀ ਅਸਰ ਹੈ। ਸਿੱਖੀ ਪ੍ਰਚਾਰ ਕਰਨ ਅਤੇ ਅੰਮ੍ਰਿਤ ਪ੍ਰਚਾਰ ਕਰਨ ਲਈ ਪੇਪਰਾਂ ਰਾਹੀਂ ਵੀ ਕਾਫ਼ੀ ਦੇਸ਼ਾਂ-ਪ੍ਰਦੇਸ਼ਾਂ ਵਿਚ ਸਤਿਕਾਰ ਹੈ।

**ਜਥੇਦਾਰ ਗਿਆਨੀ ਨਿਰੰਜਨ ਸਿੰਘ ਵੈਦ**
ਪਿੰਡ ਥੇਪਾਰਾਏ।

ੴ ਸਤਿਗੁਰ ਪ੍ਰਸਾਦਿ ॥

# ਸਤਵਾਂ ਕਾਂਡ

## ਸੰਖੇਪ ਜੀਵਨ ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ 'ਖ਼ਾਲਸਾ'

ਪਰਮ ਸਤਿਕਾਰਯੋਗ ਸੰਤ ਬਾਬਾ ਠਾਕੁਰ ਸਿੰਘ ਜੀ 'ਖ਼ਾਲਸਾ' ਦਾ ਪਵਿੱਤਰ ਜਨਮ ਸੰਨ ੧੯੧੫ ਈ: ਵਿਚ ਪਿੰਡ ਈਚੋ ਗਿੱਲ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਹੋਇਆ (ਜੋ ਕਿ ਹੁਣ ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈ)। ਸਤਿਕਾਰਯੋਗ ਪਿਤਾ ਸਰਦਾਰ ਬਹਾਦਰ ਸਿੰਘ ਜੀ ਅਤੇ ਮਾਤਾ ਪ੍ਰੇਮ ਕੌਰ ਜੀ ਸਨ। ਮਾਤਾ-ਪਿਤਾ ਜੀ ਅੰਮ੍ਰਿਤਧਾਰੀ ਅਤੇ ਗੁਰਬਾਣੀ ਦੇ ਪੱਕੇ ਨਿੱਤਨੇਮੀ ਸਨ। ਬਾਬਾ ਜੀ ਦੇ ਤਿੰਨ ਭਰਾ ਤੇ ਦੋ ਭੈਣਾਂ ਹਨ। ਵੱਡਾ ਭਰਾ ਭਾਈ ਕਸ਼ਮੀਰ ਸਿੰਘ ਜੀ, ਦੂਜਾ ਭਾਈ ਰਤਨ ਸਿੰਘ ਜੀ, ਤੀਜੇ ਸ੍ਰੀਮਾਨ ਸੰਤ ਬਾਬਾ ਠਾਕੁਰ ਸਿੰਘ ਜੀ 'ਖ਼ਾਲਸਾ', ਚੌਥੇ ਭਾਈ ਬੀਰ ਸਿੰਘ ਜੀ ਹਨ। ਦੋ ਭੈਣਾਂ ਸਵਰਨ ਕੌਰ ਤੇ ਰਾਮ ਕੌਰ ਹਨ। ਬਾਬਾ ਜੀ ਦੇ ਮਾਤਾ-ਪਿਤਾ ਸਤਿ-ਸੰਤੋਖ, ਨਿਮਰਤਾ, ਰਹਿਣੀ, ਕਰਨੀ ਦੇ ਧਾਰਨੀ ਸਨ। ਪਿਤਾ ਜੀ ਨੇ ਖੇਤੀ ਦੀ ਕਿਰਤ ਕਰਦਿਆਂ ਜ਼ਿੰਦਗੀ ਭਰ ਝੂਠ ਨਹੀਂ ਸੀ ਬੋਲਿਆ। ਗੁਰਦੁਆਰਾ ਸੁਧਾਰ ਲਹਿਰ ਵਿਚ ਪੰਥ ਵੱਲੋਂ ਹਰ ਲੱਗੇ ਮੋਰਚਿਆਂ ਵਿਚ ਜਾਣਾ, ਜੇਲ੍ਹਾਂ ਕੱਟਣੀਆਂ, ਜ਼ੁਰਮਾਨੇ ਭਰਨੇ। ਜਿਉਂ-ਜਿਉਂ ਬਾਬਾ ਜੀ ਦਾ ਸਰੀਰ ਵੱਡਾ ਹੁੰਦਾ ਗਿਆ। ਤਿਉਂ-ਤਿਉਂ ਪਿਤਾ ਪੁਰਖੀ ਖੇਤੀ ਦੀ ਕਿਰਤ ਵਿਚ ਬਾਬਾ ਜੀ ਪਿਤਾ ਤੇ ਭਰਾਵਾਂ ਨਾਲ ਖੇਤੀ ਕਰਾਉਣ ਲੱਗ ਪਏ। ਪਿਤਾ ਜੀ ਅੰਮ੍ਰਿਤ ਵੇਲੇ ਕਿਰਤ ਕਰਦਿਆਂ ਬੜੇ ਪ੍ਰੇਮ ਨਾਲ ਨਿੱਤਨੇਮ ਕਰਿਆ ਕਰਦੇ। ਮਾਤਾ-ਪਿਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਬਹੁਤ ਨਿਸਚਾ ਹੁੰਦਾ ਸੀ। ਬਾਲਕ ਰੂਪ ਬਾਬਾ ਜੀ ਨੇ ਪਿਤਾ ਪਾਸੋਂ ਨਿੱਤਨੇਮ ਸੁਣਦਿਆਂ-ਸੁਣਦਿਆਂ ਹੀ ਸ੍ਰੀ ਜਪੁਜੀ ਸਾਹਿਬ ਬਾਣੀ ਕੰਠ ਕਰ ਲਈ ਸੀ।

ਬਾਬਾ ਜੀ ਦਾ ਨਾਨਕਾ ਪਿੰਡ ਮਾੜੀ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਸੀ। ਆਪ ਜੀ ਦੇ ਮਾਮੇ ਸ: ਲਾਭ ਸਿੰਘ ਜੀ ਤੇ ਸ: ਉਜਾਗਰ ਸਿੰਘ ਜੀ ਸਨ। ਨਾਨਕਾ ਪਰਿਵਾਰ ਵੀ ਗੁਰਸਿੱਖੀ ਦੇ ਧਾਰਨੀ ਨਿਹਚੇ ਵਾਲੇ ਸਨ।

ਬਾਬਾ ਜੀ ਵੀ ਪਿਤਾ ਨਾਲ ਖੇਤੀ ਦੀ ਕਿਰਤ ਵਿਚ ਲੱਗ ਗਏ। ਪ੍ਰੇਮ ਨਾਲ ਜਪੁਜੀ ਸਾਹਿਬ ਦੇ ਕਈ-ਕਈ ਪਾਠ ਕਰ ਲੈਂਦੇ। ਇਕ ਦਿਨ ਪ੍ਰੇਮ ਵਿਚ ਆ ਕੇ ਪਿਤਾ ਜੀ ਪਾਸੋਂ ਪੁੱਛਿਆ, "ਪਿਤਾ ਜੀ ! ਆਪ ਜੀ ਜਦੋਂ ਨਿੱਤਨੇਮ ਕਰਦੇ ਹੁੰਦੇ ਹੋ, ਬੜੇ ਪ੍ਰੇਮ ਅਤੇ ਵੈਰਾਗ ਵਿਚ ਆ ਜਾਂਦੇ ਹੋ, ਉਸ ਵੇਲੇ ਮਨ ਦੀ ਅਵਸਥਾ ਕੀ ਹੁੰਦੀ ਹੈ ?"

DAMDAMI TAKSAAL.ORG



ਪਿਤਾ ਜੀ ਨੇ ਉੱਤਰ ਦਿੱਤਾ, "ਠਾਕੁਰ ਸਿੰਘ ! ਨਿੱਤਨੇਮ ਕਰਦਿਆਂ ਕਰਦਿਆਂ ਕਈ ਵਾਰ ਗੁਰਬਾਣੀ ਦੀਆਂ ਝਲਕਾਂ ਪੈਂਦੀਆਂ ਹਨ, ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ, ਉਹ ਅਨੰਦ ਕਥਨ ਨਹੀਂ ਕੀਤਾ ਜਾਂਦਾ, ਐਸੀ ਮਨ ਦੀ ਅਵਸਥਾ ਹੋ ਜਾਂਦੀ ਹੈ।" ਕਈ ਵਾਰ ਸੁੱਤਿਆ, ਕਈ ਵਾਰ ਜਾਗਦਿਆਂ ਪ੍ਰੇਮ ਤੇ ਵੈਰਾਗ ਵਾਲੀ ਅਵਸਥਾ ਬਾਬਾ ਜੀ ਦੀ ਪਿਤਾ ਜੀ ਨਾਲ ਖੇਤੀ ਕਰਦਿਆਂ ਹੀ ਹੋ ਗਈ ਸੀ, ਪਰ ਫਿਰ ਵੀ ਜੋ ਅੰਦਰਲੀ ਖੋਹ ਦਾ ਘਾਟਾ ਉਹ ਪੂਰਾ ਨਹੀਂ ਸੀ ਹੋ ਰਿਹਾ। ਭਾਵੇਂ ਮਾਤਾ-ਪਿਤਾ ਨੇ ਆਪਣੇ ਪੁੱਤਰ ਨੂੰ ਉਦਾਸ ਅਤੇ ਉਪਰਾਮ ਰਹਿੰਦਿਆਂ ਵੇਖ ਕੇ ਪੁੱਤਰ ਦੇ ਵਿਆਹ ਬਾਰੇ ਸੋਚਣਾਂ, ਪਰ ਬਾਬਾ ਜੀ ਨੇ ਹਮੇਸ਼ਾ ਵਿਆਹ ਬਾਰੇ ਜੁਆਬ ਦੇ ਦੇਣਾ।

ਇਕ ਪਿਤਾ ਜੀ ਦੇ ਪਰਮ ਗੁਰਸਿੱਖ ਮਿਲਾਪੀ ਜਿਨ੍ਹਾਂ ਨਾਲ ਇਕੱਠਿਆਂ ਗੁਰਦੁਆਰਾ ਸੁਧਾਰ ਲਹਿਰ ਵਿਚ ਜਿਹਲੀਂ ਜਾਂਦੇ, ਜਥਿਆਂ ਵਿਚ ਜਾਂਦੇ; ਪਿੰਡ ਮੇਘਾਮਾੜੀ ਦੇ ਗਿਆਨੀ ਭਗਵਾਨ ਸਿੰਘ ਜੀ ਦੇ ਪਿਤਾ ਸ: ਕੇਹਰ ਸਿੰਘ ਜੀ ਸਨ। ਉਹਨਾਂ ਨੂੰ ਪਿਤਾ ਜੀ ਨੇ ਜਾ ਕੇ ਆਪਣੇ ਵਿਰਾਗੀ ਤਿਆਗੀ ਪੁੱਤਰ ਦੀ ਹਾਲਤ ਬਿਆਨ ਕੀਤੀ। ਦੋਨਾਂ ਜਣਿਆਂ ਰਾਇ ਕੀਤੀ ਤੇ ਕੇਹਰ ਸਿੰਘ ਕਹਿਣ ਲੱਗਾ, "ਬਹਾਦਰ ਸਿੰਘਾ ! ਮਾਲਵੇ ਵਿਚ ਪਿੰਡ ਭਿੰਡਰਕਲਾਂ ਦਮਦਮੀ ਟਕਸਾਲ ਦੇ ੧੨ਵੇਂ ਜਥੇਦਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਹਨ, ਮੇਰੇ ਮਿਲਾਪੀ ਹਨ, ਮੈਂ ਆਪ ਜੀ ਦੇ ਪੁੱਤਰ ਨੂੰ ਉਹਨਾਂ ਕੋਲ ਭਿੰਡਰਾਂ ਦਾ ਜੋੜ ਮੇਲਾ ਨੇੜੇ ਆ ਗਿਆ ਹੈ, ਲੈ ਚਲਾਂਗਾ। ਉਥੇ ਜਥੇ ਵਿਚ ਪੜ੍ਹਨਗੇ, ਸੇਵਾ ਕਰਨਗੇ। ਪਿਤਾ ਜੀ ਨੇ ਘਰ ਆ ਕੇ ਪੁੱਤਰ (ਬਾਬਾ ਜੀ) ਨੂੰ ਦੱਸਿਆ, ਮਾਨੋ ਚਾਅ ਚੜ੍ਹ ਗਿਆ। ਸ: ਕੇਹਰ ਸਿੰਘ ਜੀ ਨਾਲ ਬਾਬਾ ਜੀ ਸਤੰਬਰ ੧੯੪੫ ਈ: ਵਿਚ ੨੫-੨੬-੨੭ ਭਾਦਰੋਂ ਨੂੰ ਜੋੜ ਮੇਲੇ 'ਤੇ ਭਿੰਡਰਕਲਾਂ ਪੁੱਜ ਗਏ। ਜਿਉਂ ਹੀ ਸ: ਕੇਹਰ ਸਿੰਘ ਜੀ ਨਾਲ ਬਾਬਾ ਜੀ ਨੇ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ' ਦੇ ਦਰਸ਼ਨ ਕੀਤੇ, ਗੁਰ ਫ਼ਤਹ ਦੀ ਸਾਂਝ ਨਾਲ ਨਮਸਕਾਰ ਕੀਤੀ, ਬੱਸ ਫਿਰ ਕੀ ਸੀ, ਅੰਦਰਲੀ ਘਾਟ ਪੂਰੀ ਹੋ ਗਈ।

*'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥'*

[ਗਉੜੀ ਮਹਲਾ ੫, ਅੰਗ–੨੦੪]

ਮਹਾਂਪੁਰਖਾਂ ਸ: ਕੇਹਰ ਸਿੰਘ ਜੀ ਨੂੰ ਪੁੱਛਿਆ ਕਿ ਇਹ ਨੌਜਵਾਨ ਗੁਰਸਿੱਖ ਤੇਰੇ ਨਾਲ ਆਇਆ ਹੈ ? ਤਾਂ ਸ: ਕੇਹਰ ਸਿੰਘ ਜੀ ਨੇ ਬਾਬਾ ਠਾਕੁਰ ਸਿੰਘ ਜੀ ਦਾ ਪਿਛੋਕੜ ਖੋਲ੍ਹ ਕੇ ਦੱਸਦਿਆਂ ਬੇਨਤੀ ਕੀਤੀ ਕਿ ਮਹਾਂਪੁਰਖੋ ! ਇਸ ਨਿੱਤਨੇਮੀ, ਵੈਰਾਗੀ, ਗੁਰਸਿੱਖ ਨੂੰ ਜਥੇ ਵਿਚ ਭਰਤੀ ਕਰ ਲਓ, ਵਿੱਦਿਆ ਪੜ੍ਹੇਗਾ, ਸੇਵਾ ਕਰੇਗਾ। ਮਹਾਂਪੁਰਖਾਂ ਜਦੋਂ ਸੰਤ ਬਾਬਾ ਠਾਕੁਰ ਸਿੰਘ ਜੀ ਵੱਲ ਕਿਰਪਾ ਦ੍ਰਿਸ਼ਟੀ ਨਾਲ ਤੱਕਿਆ ਤਾਂ ਬਾਬਾ ਜੀ ਦੇ ਹੱਥ ਜੁੜੇ ਸਨ, ਮਹਾਂਪੁਰਖਾਂ ਪੁੱਛਿਆ, "ਗੁਰਸਿਖ ਜੀ ! ਕਿਤਨੀ ਕੁ ਪੜ੍ਹਾਈ ਕੀਤੀ ਹੈ ?" ਬਾਬਾ ਜੀ ਬਹੁਤ ਨਿਮਰਤਾ ਨਾਲ ਬੋਲੇ,

"ਮਹਾਰਾਜ ਜੀ! ਪਿਤਾ ਜੀ ਪਾਸੋਂ ਗੁਰਮੁਖੀ ਅੱਖਰ ਪੜ੍ਹੇ ਹਨ, ਸਿਰਫ਼ ਨਿੱਤਨੇਮ ਹੀ ਕਰ ਸਕਦਾ ਹਾਂ ਜੀ। ਅੱਗੇ ਆਪ ਜੀ ਕਿਰਪਾ ਕਰੋ ਜੀ।" ਪੂਰਬਲੇ ਸੰਜੋਗਾਂ ਦੇ ਮਿਲਾਪੀ ਦੀ ਪਹਿਲੀ ਆਵਾਜ਼ ਸੁਣ ਕੇ ਖ਼ੁਸ਼ ਹੋ ਕੇ, ਭਿੰਡਰਕਲਾਂ ਗੁਰੂ ਦਰਬਾਰ ਦਾ ਜਥੇਦਾਰ ਭਾਈ ਕਪੂਰ ਸਿੰਘ ਸੁਧਾਰ ਵਾਲੇ ਨੂੰ ਬੁਲਾਇਆ। ਜਥੇਦਾਰ ਜੀ ਨੇ ਆ ਕੇ ਬੇਨਤੀ ਕੀਤੀ, "ਮਹਾਂਪੁਰਖੋ! ਕੀ ਹੁਕਮ ਹੈ?" ਸੰਤ ਜੀ ਕਹਿਣ ਲੱਗੇ, "ਭਾਈ ਕਪੂਰ ਸਿੰਘ ਜੀ! ਆਹ ਸਿੰਘ ਬੜੀ ਦੂਰ ਤੋਂ ਚਿਰ ਬਾਅਦ ਜਥੇ ਵਿਚ ਪੜ੍ਹਨ ਆਇਆ ਹੈ, ਇਹਦੀ ਸੰਥਿਆ ਆਪ ਕਰਾਈਂ, ਪਾਠ ਦੀ ਸੰਥਿਆ ਹੋਣ ਬਾਅਦ ਜਥੇ ਵਿਚ ਲੈ ਜਾਵਾਂਗੇ।" ਸਤਿਪੁਰਖਾਂ ਦੀ ਆਗਿਆ ਅਨੁਸਾਰ ਦੋ ਸਾਲ ਭਿੰਡਰੀਂ ਪਾਠ ਕੀਤਾ, ਸੇਵਾ ਕੀਤੀ। ਦੋ ਸਾਲ ਸੇਵਾ, ਸਿਮਰਨ, ਆਗਿਆ ਪਾਲਨ ਦੀ ਪਰਖ ਵਿਚ ਪੂਰੇ ਉੱਤਰੇ।

ਸੇਵਕ ਨੂੰ ਵੇਖ ਕੇ ਮਹਾਂਪੁਰਖਾਂ ਦੀ ਆਗਿਆ ਅਨੁਸਾਰ ਜਥੇ ਵਿਚ ਭਰਤੀ ਕਰ ਲਿਆ। ਪਾਠ ਦੀ ਹੋਰ ਸੁਧਾਈ, ਲੰਗਰ ਦੀ ਸੇਵਾ, ਦਰਬਾਰ ਸਾਹਿਬ ਦੀ ਸੇਵਾ, ਸੇਵਕ ਨੂੰ ਪੂਰਾ ਬਾਰਾਂ ਵੰਨੀ ਦਾ ਸ਼ੁੱਧ ਸੋਨਾ ਬਨਾਉਣ ਵਾਸਤੇ ਪਰਖ ਸ਼ੁਰੂ ਹੋ ਗਈ। ਮਨ ਉਪਰਾਮ, ਉਦਾਸ ਬਹੁਤ ਰਹਿਣ ਲੱਗ ਪਿਆ। ਇਕ ਦਿਨ ਐਸਾ ਆਇਆ, ਮਨ ਨੂੰ ਸਮਝਾਇਆ, "ਮਨਾ! ਕਈ ਸਿੰਘ ਸੇਵਾ ਤੋਂ ਵੀ ਈਰਖਾ ਕਰਦੇ ਹਨ, ਕੀ ਲੈਣਾ ਹੈ, ਪਿੰਡ ਮਾਤਾ-ਪਿਤਾ ਦੀ ਸੇਵਾ ਕਰਾਂਗਾ, ਨਿੱਤਨੇਮ ਕਰੀ ਚਲਾਂਗਾ।" ਜਥਾ ਪਿੰਡ ਤੁਗਲ ਵਿਖੇ ਸੀ, ਗਰਮੀ ਦੀ ਰੁੱਤ ਸੀ, ਦੁਪਹਿਰੇ ਲੰਗਰ ਦੀ ਸੇਵਾ ਤੋਂ ਵਿਹਲਾ ਹੋ ਕੇ ਮਨ ਵਿਚ ਬਹੁਤ ਉਪਰਾਮਤਾ ਸੀ। ਬਾਹਰ ਨਹਿਰ ਕਿਨਾਰੇ ਲਾਗੇ ਕਿੱਕਰ ਦੀ ਛਾਂ ਸੀ, ਲੰਮੇ ਪੈ ਗਏ, ਨੀਂਦ ਆ ਗਈ ਤੇ ਸੁਪਨੇ ਵਿਚ ਇਕ ਸਿੰਘ ਨੇ ਦਰਸ਼ਨ ਦਿੱਤੇ, ਕਹਿਣ ਲੱਗਾ, "ਪ੍ਰੇਮੀਆਂ! ਤੂੰ ਉਦਾਸ ਕਿਉਂ ਹੋ ਗਿਆ? ਤੂੰ ਤੇ ਇਨ੍ਹਾਂ ਮਹਾਂਪੁਰਖਾਂ ਦੀ ਸੇਵਾ ਵਿਚ ਲੱਗਣਾ ਹੈ।" ਜਦੋਂ ਜਾਗ ਆਈ ਤਾਂ ਮਨ ਵਿਚ ਅਸਚਰਜਤਾਈ ਹੋਈ ਕਿ ਇਹ ਕੌਣ ਸਿੰਘ ਹੋਇਗਾ? ਜਿਸ ਨੇ ਸੁਪਨੇ ਵਿਚ ਦੱਸ ਦਿੱਤਾ ਹੈ। ਮਨ ਨੂੰ ਫਿਰ ਕੁਝ ਧੀਰਜ ਆਈ। ਅਜੇ ਤਿੰਨ-ਚਾਰ ਦਿਨ ਲੰਘੇ, ਸੰਤਾ ਦਾ ਗੜਵਈ ਭਾਈ ਕਰਮ ਸਿੰਘ ਕਿਸੇ ਗੱਲੋਂ ਸੰਤਾਂ ਨਾਲ ਨਰਾਜ਼ ਹੋ ਕੇ ਜਥਾ ਛੱਡ ਕੇ ਤੁਰ ਗਿਆ। ਸੰਤਾਂ ਸਾਰੇ ਜਥੇ ਦੇ ਸਿੰਘਾਂ ਨੂੰ ਇਕੱਠੇ ਕੀਤਾ ਤੇ ਕਹਿਣ ਲੱਗੇ, "ਸਿੰਘੋ! ਕਰਮ ਸਿੰਘ ਗ਼ੁੱਸੇ ਹੋ ਕੇ ਤੁਰ ਗਿਆ ਹੈ। ਇਕ ਸੇਵਾਦਾਰ ਸਿੰਘ ਦੀ ਲੋੜ ਹੈ।" ਜਥੇ ਦੇ ਸਿੰਘ ਸੁਣ ਕੇ ਇਕ ਰਤਨ ਸਿੰਘ ਉੱਚੀ ਤਲਵੰਡੀ ਦਾ, ਦੂਜਾ ਸੁਰਜੀਤ ਸਿੰਘ ਸੇਵਾ ਕਰਨ ਨੂੰ ਤਿਆਰ ਹੋ ਗਏ। ਮਹਾਂਪੁਰਖ ਕਹਿਣ ਲੱਗੇ, "ਪ੍ਰੇਮੀਓ! ਇਹ ਸੇਵਾ ਔਖੀ ਹੈ, ਤੁਸੀਂ ਸੇਵਾ ਨਿਭਾਅ ਨਹੀਂ ਸਕਣੀ।" ਇਹ ਕਹਿੰਦਿਆਂ ਹੀ ਬਾਬਾ ਜੀ ਵੱਲ ਵੇਖਿਆ ਤੇ ਕਹਿਣ ਲੱਗੇ, "ਭਾਈ ਠਾਕੁਰ ਸਿੰਘ ਜੀ! ਤੂੰ ਇਹ ਸੇਵਾ ਕਰ ਸਕਦਾ ਹੈਂ?" ਬਾਬਾ ਜੀ ਇਕ ਦਮ ਉੱਠ ਕੇ ਖਲੋ ਗਏ ਤੇ ਹੱਥ ਜੋੜ ਕੇ ਸਤਿਬਚਨ ਕਹਿ ਕੇ ਮਹਾਂਪੁਰਖਾਂ ਦੀ ਹਜ਼ੂਰੀ ਸੇਵਾ ਵਿਚ ਜੁੜ ਗਏ। ਮਨ ਵਿਚ ਚਾਅ ਚੜ੍ਹ ਗਿਆ ਸੇਵਾ ਵਿਚ ਲੱਗਣ

DAMDAMI TAKSAAL.ORG



ਦਾ। ਦੂਜੇ ਪਾਸੇ ਮਹਾਂਪੁਰਖਾਂ ਨੇ ਸੇਵਾ ਕਰਦਿਆਂ ਸੇਵਕ ਦੀ ਇਕ ਸਾਲ ਉਹ ਪਰਖ ਕੀਤੀ, ਜੋ ਕਲਮ ਲਿਖ ਨਹੀਂ ਸਕਦੀ, ਕਰੜੇ ਤੋਂ ਕਰੜਾ ਬੋਲ ਬੋਲ ਕੇ ਇਮਤਿਹਾਨ ਲਿਆ। ਇਕ ਦਿਨ ਐਸਾ ਆ ਗਿਆ, ਕਹਿਣ ਲੱਗੇ, "ਤੂੰ ਜਥੇ 'ਚੋਂ ਤੁਰਿਆ ਨਹੀਂ, ਜਾਹ ਚਲੇ ਜਾਹ! ਦਫ਼ਾ ਹੋ ਜਾ!! ਸਾਨੂੰ ਤੇਰੀ ਕੋਈ ਲੋੜ ਨਹੀਂ।" ਪਰ ਸੇਵਕ ਬਾਬਾ ਜੀ *'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।'* [ਭਾਈ ਗੁਰਦਾਸ ਜੀ, ਵਾਰ-੩, ਪਉੜੀ-੧੮] ਬਣ ਚੁੱਕੇ ਸਨ, ਜ਼ਬਾਨ ਚੁੱਪ ਸੀ, ਪਰਖ ਪੂਰੀ ਹੋ ਗਈ। ਮਹਾਂਪੁਰਖਾਂ ਸੇਵਕ ਨੂੰ ਉਸ ਮਾਲਾ ਵਿਚ ਪ੍ਰੋਅ ਲਿਆ, ਜਿਸ ਮਾਲਾ ਵਿਚ ਆਪ ਸਨ। ਰਾਤ ਦਿਨ ਸੇਵਾ ਵਿਚ ਬਤੀਤ ਹੋਣ ਲੱਗ ਪਿਆ। ਇਕ ਦਿਨ ਇਕੱਠੇ ਬੈਠੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਕਰਮ ਸਿੰਘ ਆ ਗਿਆ ਹੈ, ਦਾਸ ਦੇ ਮਾਤਾ-ਪਿਤਾ ਬਹੁਤੇ ਬਿਰਧ ਤੇ ਬੀਮਾਰ ਹਨ, ਮਹੀਨਾ ਦੋ ਮਹੀਨੇ ਸੇਵਾ ਕਰ ਆਵਾਂ, ਜਦੋਂ ਠੀਕ ਹੋ ਗਏ ਆ ਜਾਵਾਂਗਾ। ਅੱਗੋਂ ਸੰਤਾਂ ਨੇ ਉੱਤਰ ਦਿੱਤਾ, "ਭਾਈ ਠਾਕੁਰ ਸਿੰਘ! ਤੂੰ ਸੇਵਾ ਕਰੀ ਚੱਲ, ਤੇਰੇ ਮਾਤਾ-ਪਿਤਾ ਦੀ ਜ਼ਿੰਮੇਵਾਰੀ ਗੁਰੂ ਦੀ ਹੈ, ਫ਼ਿਕਰ ਨਾ ਕਰ।" ਕੁਝ ਸਾਲਾਂ ਬਾਅਦ ਘਰੋਂ ਚਿੱਠੀ ਆ ਗਈ ਕਿ ਭਾਈ ਠਾਕੁਰ ਸਿੰਘ ਜੀ! ਮਾਤਾ-ਪਿਤਾ ਚੜ੍ਹਾਈ ਕਰ ਗਏ ਹਨ। ਸੰਤ ਜੀ ਸੁਣ ਕੇ ਕਹਿਣ ਲੱਗੇ, "ਠਾਕੁਰ ਸਿੰਘ! ਜਾਹ ਸਹਿਜ ਪਾਠ ਕਰਕੇ ਭੋਗ ਪਾ ਦੇ। ਪਿਤਾ ਜੀ ਦੀ ਉਮਰ ੭੦ ਸਾਲ ਦੀ ਸੀ, ਜਾਣਾ ਸਾਰਿਆਂ ਨੇ ਹੈ, ਤੇਰੇ ਮਾਤਾ-ਪਿਤਾ ਜਨਮ ਸਫਲ ਕਰ ਗਏ ਹਨ।" ਬਾਬਾ ਜੀ ਘਰ ਗਏ ਸਹਿਜ ਪਾਠ ਆਰੰਭ ਹੋ ਗਿਆ। ਪਾਠ ਕਰਦਿਆਂ ਪਰਿਵਾਰ ਤੋਂ ਪਤਾ ਲੱਗਾ ਕਿ ਪਿਤਾ ਜੀ ਦੋ ਦਿਨ ਤੋਂ ਬਹੁਤ ਬੀਮਾਰ ਸਨ, ਮਾਤਾ ਜੀ, ਕੋਲ ਆ ਕੇ ਵੈਰਾਗ ਕਰਦਿਆਂ ਕਹਿਣ ਲੱਗੀ, "ਠਾਕੁਰ ਸਿੰਘ ਜੀ ਦੇ ਪਿਤਾ ਜੀ! ਸਿਆਣਿਆਂ ਤੋਂ ਸੁਣਿਆ ਹੈ ਕਿ ਪਤਨੀ ਪਤੀ ਤੋਂ ਪਹਿਲਾਂ ਚੜ੍ਹਾਈ ਕਰੇ ਤਾਂ ਚੰਗਾ ਹੈ, ਮੈਂ ਤੇ ਹਮੇਸ਼ਾ ਇਹੋ ਅਰਦਾਸ ਕਰਦੀ ਹੁੰਦੀ ਸਾਂ, ਪਰ ਹੁਣ ਤੇ ਪ੍ਰਤੀਤ ਇਹ ਹੋ ਰਿਹਾ ਹੈ ਕਿ ਤੁਸੀਂ ਪਹਿਲਾਂ ਤਿਆਰੀ ਕਰ ਲਈ ਹੈ, ਨਾਲੇ ਰੋ ਰਹੀ ਹੈ ਅਤੇ ਨਾਲੇ ਦੋ ਚਾਰ ਵਾਰ ਇਹ ਗੱਲ ਕਹੀ ਗਈ, ਤਦੋਂ ਪਿਤਾ ਜੀ ਕੁਝ ਨਰਾਜ਼ ਹੋ ਕੇ ਸਿਆਣਿਆਂ ਵਾਂਗ ਕਹਿਣ ਲੱਗੇ, "ਪ੍ਰੇਮ ਕੌਰ! ਉਦਾਸ ਨਾ ਹੋ ਜੇ ਪਹਿਲਾਂ ਹੀ ਜਾਣਾ ਹੈ ਤੇ ਜਾਹ ਪਹਿਲਾਂ ਹੀ ਤੁਰ ਜਾਹ।" ਬਸ ਤੀਜੇ ਦਿਨ ਮਾਤਾ ਜੀ ਥੋੜ੍ਹੀ ਢਿੱਲੀ ਹੋਈ ਤੇ ਸਰੀਰ ਚੜ੍ਹਾਈ ਕਰ ਗਿਆ। ਪੂਰੇ ੨੦ ਦਿਨ ਬਾਅਦ ਪਿਤਾ ਜੀ ਚੜ੍ਹਾਈ ਕਰ ਗਏ ਸਨ। ਬਾਬਾ ਜੀ ਨੇ ਮਾਤਾ-ਪਿਤਾ ਦੀ ਯਾਦ ਵਿਚ ਸਹਿਜ ਪਾਠ ਕਰਕੇ ਭੋਗ ਪਾਇਆ, ਲੰਗਰ ਕੀਤਾ। ਸਾਰੇ ਪਰਿਵਾਰ ਨੂੰ ਗੁਰ ਫ਼ਤਹ ਬੁਲਾ ਕੇ ਵਾਪਸ ਜਥੇ ਵਿਚ ਮਹਾਂਪੁਰਖਾਂ ਦੀ ਸੇਵਾ ਵਿਚ ਹਾਜ਼ਰ ਹੋ ਗਏ, ਜਥੇ ਦੀ ਮਰਯਾਦਾ ਅਨੁਸਾਰ ਨਿਯਮਾਂ ਵਿਚ ਰਹਿ ਕੇ ਗੜਵਈ ਦੀ ਸੇਵਾ ਦੇ ਨਾਲ-ਨਾਲ ਪੜ੍ਹਾਈ ਸ਼ੁਰੂ ਕੀਤੀ। ਅਖੰਡ ਪਾਠੀ ਬਣ ਕੇ ਛੋਟੇ-ਛੋਟੇ ਅਰਥਾਂ ਵਾਲੇ ਗ੍ਰੰਥ ਪੜ੍ਹੇ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਭਾਈ ਗੁਰਦਾਸ ਜੀ ਦੇ ਕਬਿੱਤ ਸਵਈਏ, ਵਾਰਾਂ ਆਦਿ ਗ੍ਰੰਥ ਪੜ੍ਹੇ ਤੇ ਦਸਮ ਗ੍ਰੰਥ ਦੀ ਕਥਾ ਸੁਣੀ।

ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ', ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ', ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਤਿੰਨਾਂ ਹੀ ਮਹਾਂਪੁਰਖਾਂ ਕੋਲ ਗੜਵਈ ਵਜੋਂ ਸੇਵਾ ਕਰਦੇ ਰਹੇ। ਹੋਰ ਅਨੇਕਾਂ ਜਥੇ ਦੀਆਂ ਜ਼ਿੰਮੇਵਾਰੀਆਂ ਦੀ ਸੇਵਾ ੩੯ ਸਾਲ ਕੀਤੀ। ਸੰਤ ਬਾਬਾ ਠਾਕੁਰ ਸਿੰਘ ਜੀ ਨੇ ਟਕਸਾਲ ਦੇ ਤਿੰਨਾਂ ਮਹਾਂਪੁਰਖਾਂ ਦੀ ਸੇਵਾ ਸਭ ਸੇਵਾਦਾਰਾਂ ਨਾਲੋਂ ਲੰਮੀ ਅਤੇ ਇਕ ਰਸ ਨਿਰ ਇੱਛਤ ਹੋ ਕੇ ਕੀਤੀ। ਜਿਸ ਤਰ੍ਹਾਂ ਟਕਸਾਲ ਦੇ ਮੁਖੀਆਂ ਵਿਚੋਂ ਬ੍ਰਹਮ ਗਿਆਨੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਨੇ ਲੰਮਾ ਸਮਾਂ ੩੯ ਸਾਲ ਕੁਝ ਮਹੀਨੇ ਵਿੱਦਿਆ ਪੜ੍ਹਾਈ, ਏਸੇ ਤਰ੍ਹਾਂ ਸੰਤ ਬਾਬਾ ਠਾਕੁਰ ਸਿੰਘ ਜੀ ਨੇ ਵੀ ੩੯ ਸਾਲ ਕੁਝ ਮਹੀਨੇ ਲੰਮੀ ਸੇਵਾ ਕੀਤੀ। ਉਪਰੰਤ ਸੰਨ ੧੯੮੪ ਈ: ਤੋਂ ਬਾਅਦ ਮਹਾਨ ਕਠਨ ਸਮੇਂ ਤੋਂ ਅੱਜ ਤੱਕ ਟਕਸਾਲ ਦੇ ਮੁਖੀ ਬਣ ਕੇ ਜਿਸ ਯੋਗਤਾ ਨਾਲ ਸੇਵਾ ਕਰ ਰਹੇ ਹਨ, ਸਾਰੇ ਖ਼ਾਲਸਾ ਪੰਥ ਵਿਚ ਪ੍ਰਗਟ ਹੈ। ਆਪ ਜੀ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਪੂਰਨਤਾ ਦੀ ਸੇਵਾ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ।


ਬਾਬਾ ਜੀ ਨੇ ਜਥੇ ਸਮੇਤ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਪੰਜਾਬੋਂ ਬਾਹਰ ਸਾਰੇ ਭਾਰਤ ਦੇ ਸ਼ਹਿਰਾਂ ਵਿਚ ਭਾਰੀ ਸਿੱਖੀ ਪ੍ਰਚਾਰ ਕੀਤਾ, ਹਰ ਥਾਂ-ਥਾਂ ਜਾ ਕੇ ਅੰਮ੍ਰਿਤ ਸੰਚਾਰ ਕੀਤਾ। ਬਾਬਾ ਜੀ ਬਾਹਰਲੇ ਦੇਸ਼ਾਂ ਦੀਆਂ ਸੰਗਤਾਂ ਦੀ ਤੀਬਰ ਇੱਛਾ ਪੂਰੀ ਕਰਨ ਵਾਸਤੇ, ਸਿੱਖੀ ਪ੍ਰਚਾਰ ਹਿਤ, ਕੁਝ ਜਥੇ ਦੇ ਸਿੰਘਾਂ ਨੂੰ ਨਾਲ ਲੈ ਕੇ ਸੰਨ ੧੯੯੬ ਈ: ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤਿੰਨਾਂ ਦੇਸ਼ਾਂ ਵਿਚ ਗਏ, ਉਹਨਾਂ ਦੇਸ਼ਾਂ ਵਿਚ ਸਿੱਖੀ ਪ੍ਰਚਾਰ ਦੀ ਨਵੀਂ ਲਹਿਰ ਪੈਦਾ ਹੋ ਗਈ। ਬਾਬਾ ਜੀ ਨੂੰ ਸੰਗਤਾਂ ਹਰ ਸ਼ਹਿਰ ਵਿਚ ਲਿਜਾਣ ਵਾਸਤੇ ਏਨੀ ਮੰਗ ਕਰ ਰਹੀਆਂ ਸਨ ਕਿ ਪ੍ਰਬੰਧਕ ਪ੍ਰੇਮੀਆਂ ਨੂੰ ਕਈ ਵਾਰ ਪ੍ਰੋਗਰਾਮ ਦੇ ਕੇ ਕਠਿਨਾਈ ਮਹਿਸੂਸ ਹੁੰਦੀ। ਇੰਗਲੈਂਡ ਵਿਚ ਬਾਬਾ ਜੀ ਜਦੋਂ ਜਥੇ ਸਮੇਤ ਗਏ ਤਾਂ ਹੀਥਰੋ ਏਅਰਪੋਰਟ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਪ੍ਰੇਮੀ ਪਹਿਲਾਂ ਪਹੁੰਚੇ ਹੋਏ ਸਨ। ਇਕ ਜਲੂਸ ਦੇ ਰੂਪ ਵਿਚ ਬਾਬਾ ਜੀ ਨੂੰ ਜਥੇ ਸਮੇਤ ਉਤਾਰੇ ਵਾਲੀ ਥਾਂ 'ਤੇ ਲੈ ਕੇ ਗਏ। ਅੱਗੇ ਹਜ਼ਾਰਾਂ ਦੀ ਗਿਣਤੀ ਵਿਚ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਕੀਤਾ। ਬਾਬਾ ਜੀ ੨੭ ਦਿਨ ਰਹੇ, ਜੋ ਸ਼ਹਿਰਾਂ ਦੇ ਗੁਰੂ ਦਰਬਾਰਾਂ ਵਿਚ ਸਤਿਕਾਰ ਹੋਇਆ, ਉਹ ਲਿਖਿਆ ਨਹੀਂ ਜਾ ਸਕਦਾ। ਹਜ਼ਾਰਾਂ ਦੀ ਗਿਣਤੀ ਵਿਚ ਹਰ ਥਾਂ ਸੰਗਤਾਂ ਜੁੜਦੀਆਂ। ਜਦੋਂ ਬਾਬਾ ਜੀ ਨੇ ਵਾਪਸ ਜਨਵਰੀ ੧੯੯੭ ਈ: 'ਚ ਤਿਆਰੀ ਕੀਤੀ ਤਾਂ ਹੀਥਰੋ ਏਅਰਪੋਰਟ 'ਤੇ ਸੰਗਤ ਦਾ ਹੜ੍ਹ ਹੀ ਆ ਗਿਆ। ਦਿਲ ਦੀਆਂ ਗਹਿਰਾਈਆਂ ਤੋਂ ਵੈਰਾਗ ਰਾਹੀਂ ਵਿਦਾ ਕੀਤਾ।

ਦੂਜਾ ਦੌਰਾ ਬਾਬਾ ਜੀ ਦਾ ਸਿੰਘਾਪੁਰ, ਮਲੇਸ਼ੀਆ, ਹਾਂਗ-ਕਾਂਗ ਦੇਸ਼ਾਂ ਦਾ ਸੀ, ਜਿਥੇ ਬਾਬਾ ਜੀ ਨੇ ਸਿੱਖੀ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕੀਤਾ। ਤੀਜੇ ਦੌਰੇ ਦੌਰਾਨ ਬਾਬਾ ਜੀ ਆਸਟ੍ਰੇਲੀਆ ਦੇ ਗੁਰੂ ਘਰਾਂ ਵਿਚ ਸਿੱਖੀ ਪ੍ਰਚਾਰ ਕਰਕੇ ਵਾਪਸ ਆਏ ਹਨ।

DAMDAMI TAKSAAL.org



## ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਦੀ ਹੱਥ ਲਿਖਤ ਚਿੱਠੀ ਲੇਖਕ ਨੂੰ


7/7/1981

ੴ ਸਤਿਗੁਰ ਪ੍ਰਸਾਦਿ

[illegible]

[illegible]

[illegible]

ਸਤਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।।

ਗੁਰੂ ਪੰਥ ਦਾ ਦਾਸਨਿਦਾਸ ਕਰਤਾਰ ਸਿੰਘ ਖਾਲਸਾ

ਜੱਥਾ ਭਿੰਡਰ ਮਹਿਤਾ



ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ
ਉੱਘੇ ਪੰਥਕ ਨੇਤਾ ਜਥੇਦਾਰ ਮੋਹਨ ਸਿੰਘ ਜੀ ਤੁੜ ਨਾਲ

ਪ੍ਰਕਾਸ਼ਕ :

**ਦਾਸਨਿ ਦਾਸ ਠਾਕੁਰ ਸਿੰਘ ਖਾਲਸਾ**

ਦਮਦਮੀ ਟਕਸਾਲ (ਜਥਾ ਭਿੰਡਰਾਂ) ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ

ਸ੍ਰੀ ਅੰਮ੍ਰਿਤਸਰ

DAMDAMI TAKSAAL.ORG